add front 14 june.qxd 6/13/2025 8:40 PM Page 1


ਸ਼ਨੀਵਾਰ, 14 ਜੂਨ, 2025

32 ਜੇਠ { ਨਾਨਕਸ਼ਾਹੀ 557 / ਬਿਕਰਮੀ 2082

ਜਿਲਦ/VOL. : 74

ਅੰਕ/NO. : 13

ਰੋਜ਼ਾਨਾ

# ਨਵਾਂ ਜ਼ਮਾਨਾ

DAILY NAWAN ZAMANA • SATURDAY, 14 JUNE, 2025

ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12



ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਹੈ

## ਈਜ਼ੀ ਜਮ੍ਹਾਂਬੰਦੀ

ਨਾ ਦੇਰੀ, ਨਾ ਭ੍ਰਿਸ਼ਟਾਚਾਰ

**ਭਾਰਤ ਵਿੱਚ ਪਹਿਲੀ ਵਾਰ - ਮੁੱਖ ਮਾਲ ਸੇਵਾਵਾਂ ਪੂਰੀ ਤਰ੍ਹਾਂ ਆਨਲਾਈਨ!**

ਪਟਵਾਰੀ ਅਤੇ ਤਹਿਸੀਲਦਾਰ ਦੇ ਦਫ਼ਤਰਾਂ ਦੇ
ਚੱਕਰਾਂ ਤੋਂ ਹੁਣ ਮਿਲੀ ਆਜ਼ਾਦੀ

### ਆਨਲਾਈਨ ਇੰਤਕਾਲ 30 ਦਿਨਾਂ ਦੇ ਅੰਦਰ

ਵਿਰਾਸਤੀ ਇੰਤਕਾਲ ਲਈ ਆਨਲਾਈਨ ਅਰਜ਼ੀ ਦਿਓ, ਰਜਿਸਟਰੀ ਵਾਲੇ ਇੰਤਕਾਲ ਆਪਣੇ-ਆਪ ਹੋਣਗੇ ਪ੍ਰੋਸੈਸ - ਸਾਰੇ 30 ਦਿਨਾਂ ਦੇ ਅੰਦਰ

### ਆਨਲਾਈਨ ਰਪਟ ਐਂਟਰੀਆਂ

ਅਦਾਲਤੀ ਹੁਕਮ, ਕਰਜ਼ੇ ਅਤੇ ਹੋਰ ਰਪਟਾਂ ਆਨਲਾਈਨ ਦਰਜ ਕਰੋ - ਜਲਦੀ ਅਤੇ ਆਸਾਨੀ ਨਾਲ

### ਫ਼ਰਦ ਬਦਰ ਆਸਾਨ ਕੀਤੀ

ਜ਼ਮੀਨੀ ਰਿਕਾਰਡਾਂ ਵਿੱਚ ਕਲੈਰੀਕਲ ਗ਼ਲਤੀਆਂ ਨੂੰ ਆਨਲਾਈਨ ਠੀਕ ਕਰੋ - ਦਫ਼ਤਰ ਜਾਣ ਦੀ ਲੋੜ ਨਹੀਂ

### ਵੱਟਸਐਪ 'ਤੇ ਜਮ੍ਹਾਂਬੰਦੀ

ਆਪਣੀ ਜਮ੍ਹਾਂਬੰਦੀ ਤੁਰੰਤ ਵੱਟਸਐਪ ਰਾਹੀਂ ਪ੍ਰਾਪਤ ਕਰੋ - ਹੁਣ 99% ਪਿੰਡਾਂ ਵਿੱਚ ਉਪਲਬਧ

### ਲੈਂਡ ਅਲਰਟ ਸਬਸਕ੍ਰਿਪਸ਼ਨ ਸੇਵਾ

ਜਦੋਂ ਵੀ ਤੁਹਾਡੇ ਖੇਵਟ ਵਿੱਚ ਕੋਈ ਬਦਲਾਅ ਪ੍ਰਸਤਾਵਿਤ ਹੋਵੇ ਤਾਂ ਤੁਰੰਤ ਸੂਚਨਾ ਪ੍ਰਾਪਤ ਕਰਨ ਲਈ ਸਬਸਕ੍ਰਾਈਬ ਕਰੋ - ਖ਼ਾਸ ਕਰਕੇ ਐਨ.ਆਰ.ਆਈਜ਼. ਲਈ ਲਾਭਦਾਇਕ

easyjamabandi.punjab.gov.in

**ਸੇਵਾ ਕੇਂਦਰਾਂ ਅਤੇ 1076 ਹੈਲਪਲਾਈਨ ਰਾਹੀਂ ਵੀ ਉਪਲਬਧ**

ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ

14-JUNE-PAGE-10.qxd 6/13/2025 8:52 PM Page 1



## ਰਾਜੋਮਾਜਰਾ ਸਕੂਲ ਨੂੰ ਪੱਖੇ ਦਾਨ ਕੀਤੇ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਸਰਕਾਰੀ ਹਾਈ ਸਕੂਲ ਰਾਜੋਮਾਜਰਾ ਵਿਖੇ ਵਿਦਿਆਰਥੀਆਂ ਨੂੰ ਦੁਪਿਹਰ ਦਾ ਖਾਣਾ ਖਾਣ ਸਮੇਂ ਗਰਮੀ ਤੋਂ ਬਚਾਉਣ ਲਈ ਸਕੂਲ ਦੇ ਹੈੱਡਮਾਸਟਰ ਵਿਪਨ ਕੁਮਾਰ ਗਰਗ ਨੇ ਆਈ.ਡੀ.ਬੀ.ਆਈ ਬੈਂਕ ਨਾਲ ਰਾਬਤਾ ਕਾਇਮ ਕਰਕੇ ਬੈਂਕ ਮੈਨੇਜਰ ਰਣਧੀਰ ਸਿੰਘ ਰੰਧਾਵਾ ਦੇ ਸਹਿਯੋਗ ਨਾਲ ਵਿਦਿਆਰਥੀਆਂ ਲਈ ਛੇ ਪੱਖੇ ਪੋਸ਼ਣ ਮਾਹ ਅਧੀਨ ਸਕੂਲ ਵਿੱਚ ਲਵਾਏ ਅਤੇ ਹੈੱਡ ਮਾਸਟਰ ਵਿਪਨ ਕੁਮਾਰ ਵੱਲੋਂ ਦੋ ਪੱਖੇ ਸਕੂਲ ਨੂੰ ਦਾਨ ਕੀਤੇ ਗਏ ਤਾਂ ਜੁ ਕੋਈ ਵੀ ਵਿਦਿਆਰਥੀ ਗਰਮੀ ਵਿੱਚ ਖਾਣਾ ਨਾ ਖਾਵੇ। ਇਸ ਸਮੇਂ ਮਨਪ੍ਰੀਤ ਸਿੰਘ ਨੀਟਾ ਤੇ ਹੋਰ ਪੰਚਾਇਤ ਮੈਂਬਰ ਤੇ ਸਟਾਫ ਮੈਂਬਰ ਵੀ ਹਾਜ਼ਰ ਸਨ।

## ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਬਾਲ ਮਜ਼ਦੂਰੀ ਖ਼ਿਲਾਫ਼ ਜਾਗਰੂਕਤਾ ਕੈਂਪ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਡਾਇਰੈਕਟਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਹੇਠ ਅਤੇ ਹਿਮਾਂਸ਼ੂ ਅਰੋੜਾ ਸਿਵਲ ਜੱਜ ਸੀਨੀਅਰ ਡਵੀਜ਼ਨ/ਚੀਫ ਜੁਡੀਸ਼ੀਅਲ ਮੈਜਿਸਟਰੇਟ/ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਵਿਸ਼ਵ ਬਾਲ ਮਜ਼ਦੂਰੀ ਵਿਰੁੱਧ ਦਿਵਸ ਮੌਕੇ ਗਿੱਦੜਬਾਹਾ-ਬਠਿੰਡਾ ਰੋਡ 'ਤੇ ਸਥਿਤ ਨਿਰੰਕਾਰ ਫੈਕਟਰੀ ਵਿਖੇ ਜਾਗਰੂਕਤਾ ਕੈਂਪ ਲਗਾਇਆ ਗਿਆ।ਇਸ ਕੈਂਪ ਦੌਰਾਨ ਜੱਜ ਹਿਮਾਂਸ਼ੂ ਅਰੋੜਾ ਜੀ ਨੇ ਲੇਬਰ ਇੰਸਪੈਕਟਰ ਲਵਪ੍ਰੀਤ ਕੌਰ ਨੇ ਦੱਸਿਆ ਕਿ ਹਰ ਸਾਲ 12 ਜੂਨ ਨੂੰ ਬਾਲ ਮਜ਼ਦੂਰੀ ਖ਼ਿਲਾਫ਼ ਵਿਸ਼ਵ ਦਿਵਸ ਮਨਾਇਆ ਜਾਂਦਾ ਹੈ, ਜਿਸ ਦਾ ਮਕਸਦ ਸਮਾਜ ਨੂੰ ਇਸ ਗੰਭੀਰ ਸਮੱਸਿਆ ਬਾਰੇ ਜਾਗਰੂਕ ਕਰਨਾ ਹੈ।ਇਸ ਦਿਨ ਵਿਸ਼ਵ ਭਰ ਵਿੱਚ ਬੱਚਿਆਂ ਨਾਲ ਹੋ ਰਹੀ ਜ਼ਬਰੀ ਮਜ਼ਦੂਰੀ ਨੂੰ ਰੋਕਣ ਅਤੇ ਉਨ੍ਹਾਂ ਦੇ ਹੱਕਾਂ ਦੀ ਰੱਖਿਆ ਲਈ ਯਤਨ ਕੀਤੇ ਜਾਂਦੇ ਹਨ।ਇਸ ਮੌਕੇ ਉਨ੍ਹਾਂ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਹਰ ਇੱਕ ਵਿਅਕਤੀ ਆਪਣੀ ਜ਼ਿੰਮੇਵਾਰੀ ਸਮਝੇ ਤੇ ਕਿਸੇ ਵੀ ਬੱਚੇ ਨੂੰ ਮਜ਼ਦੂਰੀ ਲਈ ਮਜਬੂਰ ਨਾ ਹੋਣ ਦੇਵੇ। ਬਚਪਨ ਪੜ੍ਹਨ, ਖੇਡਣ ਤੇ ਖੁਸ਼ ਰਹਿਣ ਦਾ ਸਮਾਂ ਹੁੰਦਾ ਹੈ, ਨਾ ਕਿ ਕੰਮ ਕਰਨ ਦਾ।ਇਸ ਮੌਕੇ ਇਸ ਦਿਵਸ ਰਾਹੀਂ ਇਕ ਵਾਰ ਫਿਰ ਇਹ ਸੰਦੇਸ਼ ਦਿੱਤਾ ਗਿਆ ਕਿ ਬਚਪਨ ਬਚਾਉਣਾ ਸਾਡੇ ਸਭ ਦਾ ਸਾਂਝਾ ਫਰਜ਼ ਹੈ।ਇਸ ਮੌਕੇ ਵਾਤਾਵਰਣ ਨੂੰ ਹਰਾ-ਭਰਾ ਰੱਖਣ ਲਈ ਪੌਦੇ ਵੀ ਲਗਾਏ ਗਏ।ਇਸ ਮੌਕੇ ਸੁਪਰਡੈਂਟ ਜਵੀਨ ਸਿੰਗਲਾ, ਗਿੱਦੜਬਾਹਾ ਡੀ.ਐੱਸ.ਐੱਲ.ਏ. ਇੰਚਾਰਜ ਮੈਡਮ ਵੀਰਪਾਲ ਕੌਰ ਤੋਂ ਇਲਾਵਾ ਕ੍ਰਿਸ਼ਨ ਗਰਗ ਆਦਿ ਹਾਜ਼ਰ ਸਨ।

## ਭਾਜਪਾ ਵੱਲੋਂ ਹਵਾਈ ਹਾਦਸੇ 'ਚ ਮਾਰੇ ਗਏ ਯਾਤਰੀਆਂ ਪ੍ਰਤੀ ਸ਼ੋਕ ਸਭਾ

**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਭਾਰਤੀ ਜਨਤਾ ਪਾਰਟੀ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੇ ਪ੍ਰਧਾਨ ਦੀਦਾਰ ਸਿੰਘ ਭੱਟੀ ਵੱਲੋਂ ਬੀਤੇ ਦਿਨ ਹੋਈ ਬਹੁਤ ਹੀ ਮੰਦਭਾਗੀ ਦੁਰਘਟਨਾ ਵਿੱਚ ਮਾਰੇ ਗਏ ਅਨੇਕਾਂ ਨਿਰਦੋਸ਼ਾਂ, ਜਿਸ ਵਿੱਚ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਤੇ ਪੰਜਾਬ ਭਾਰਤੀ ਜਨਤਾ ਪਾਰਟੀ ਦੇ ਪ੍ਰਭਾਰੀ ਸ੍ਰੀ ਵਿਜੇ ਰੁਪਾਣੀ ਵੀ ਸਨ, ਦੀ ਯਾਦ ਵਿੱਚ ਸ਼ੋਕ ਸਭਾ ਰੱਖੀ ਗਈ, ਜਿਸ ਵਿੱਚ ਵਿਜੇ ਰੁਪਾਣੀ ਦੇ ਕੰਮਾਂ ਤੇ ਭਾਰਤੀ ਜਨਤਾ ਪਾਰਟੀ ਪੰਜਾਬ ਪ੍ਰਤੀ ਕੀਤੇ ਗਏ ਕੰਮਾਂ ਨੂੰ ਯਾਦ ਕੀਤਾ ਗਿਆ।ਉਨ੍ਹਾਂ ਵਿਜੇ ਰੁਪਾਣੀ ਦੇ ਤੌਰ ਜੋ ਇਸ ਭਿਆਨਕ ਹਾਦਸੇ ਵਿੱਚ ਆਪਣੀ ਜਾਨ ਗੁਆ ਚੁੱਕੇ ਹਨ, ਉਨ੍ਹਾਂ ਸਾਰਿਆਂ ਪ੍ਰਤੀ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਗਈ ਕਿ ਪ੍ਰਮਾਤਮਾ ਉਨ੍ਹਾਂ ਸਭ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਣ ਤੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਇਹ ਅਸਹਿ ਦੁੱਖ ਸਹਿਣ ਕਰਨ ਦਾ ਬਲ ਬਖਸ਼ਿਸ਼ ਕਰਨ। ਇਸ ਮੌਕੇ ਹਾਜ਼ਰ ਸਾਰਿਆਂ ਨੇ ਦੋ ਮਿੰਟ ਦਾ ਮੌਨ ਰੱਖ ਕੇ ਮ੍ਰਿਤਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਸ਼ੋਕ ਸਭਾ ਵਿੱਚ ਜ਼ਿਲ੍ਹਾ ਪ੍ਰਧਾਨ ਦੀਦਾਰ ਸਿੰਘ ਭੱਟੀ, ਸਾਬਕਾ ਕੈਬਨਿਟ ਮੰਤਰੀ ਡਾਕਟਰ ਹਰਬੰਸ ਲਾਲ, ਹਰੀਸ਼ ਅਗਰਵਾਲ ਜਨਰਲ ਸੈਕਰਟਰੀ ਫਤਿਹਗੜ੍ਹ ਸਾਹਿਬ, ਅਜਾਇਬ ਸਿੰਘ ਜਖਵਾਲੀ, ਗੁਰਬਖਸ਼ ਸਿੰਘ ਬਖਸ਼ੀ, ਐੱਸ ਐੱਨ ਸ਼ਰਮਾ, ਸੰਦੀਪ ਸਿੰਘ ਬੱਲ, ਦਵਿੰਦਰ ਕੁਮਾਰ ਭੱਟ, ਕੁਲਦੀਪ ਸਿੰਘ ਸਹੋਤਾ, ਕੁਲਦੀਪ ਸਿੰਘ ਸਿੱਧੂਪੁਰ, ਸ. ਜਸਵੰਤ ਸਿੰਘ ਪੰਜੋਲੀ ਖੁਰਦ, ਗੁਰਮੇਲ ਸਿੰਘ ਪੰਜੋਲਾ, ਰਿਤੂ ਖਾਨ ਜਖਵਾਲੀ, ਬਲਵਿੰਦਰ ਖਾਨ ਪ੍ਰਧਾਨ ਮਨੋਰਟੀ ਮੋਰਚਾ ਜਖਵਾਲੀ, ਜਸਵੀਰ ਸਿੰਘ ਸਰਪੰਚ ਮੰਡੋਫਲ, ਨਰੇਸ਼ ਸਰੀਨ, ਜਸਪਾਲ ਸਿੰਘ ਨੌਗਾਵਾਂ, ਜਸਪਾਲ ਸਿੰਘ ਮੰਡੋਫਲ, ਵਿੱਕੀ ਰਾਏ, ਜਗਜੀਤ ਜੱਗੀ, ਲੰਬੜਦਾਰ ਸੰਜੂ ਕਮਾਰਸੀ, ਬੂੰਦ ਸਿੰਘ ਆਲਮਪੁਰ, ਗੁਰਮੁਖ ਸਿੰਘ, ਬਲਵੀਰ ਸਿੰਘ, ਨੰਬਰਦਾਰ ਸੰਦੀਪ ਕੁਮਾਰ ਦੀਪੂ, ਰਜਿੰਦਰ ਗੁਰੀ, ਰਜਿੰਦਰ ਬੱਗੇ ਆਦਿ ਹਾਜ਼ਰ ਸਨ।

## ਸਮਾਜ ਵਿਰੋਧੀ ਅਨਸਰਾਂ ਨੂੰ ਨੱਥ ਪਾਉਣ ਲਈ ਪੁਲਸ ਤੇ ਪੱਤਰਕਾਰ ਭਾਈਚਾਰੇ ਦਾ ਤਾਲਮੇਲ ਜ਼ਰੂਰੀ : ਐੱਸ ਐੱਚ ਓ



**ਨਿਹਾਲ ਸਿੰਘ ਵਾਲਾ (ਨਵਦੀਪ ਮਹੇਸ਼ਰੀ)**-'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਲੁੱਟਾਂ ਖੋਹਾਂ ਤੇ ਚੋਰੀ ਵਰਗੀਆਂ ਘਟਨਾਵਾਂ ਨੂੰ ਰੋਕਣ ਲਈ ਹਲਕੇ ਥਾਣਾ ਦੇ ਐੱਸ ਐੱਚ ਓ ਕੁਲਜਿੰਦਰ ਸਿੰਘ ਨੇ ਕਿਹਾ ਕਿ ਸਮਾਜ ਵਿਰੋਧੀ ਅਨਸਰਾਂ ਨੂੰ ਨੱਥ ਪਾਉਣ ਲਈ ਪੁਲਸ ਤੇ ਪੱਤਰਕਾਰ ਭਾਈਚਾਰੇ ਦਾ ਤਾਲਮੇਲ ਜ਼ਰੂਰੀ ਹੈ।ਕੁਲਜਿੰਦਰ ਸਿੰਘ ਇਸ ਤੋਂ ਪਹਿਲਾਂ ਵੱਖ ਵੱਖ ਇਲਾਕਿਆਂ ਵਿੱਚ ਤੈਨਾਤ ਰਹਿ ਕੇ ਬਤੌਰ ਮੁੱਖ ਥਾਣਾ ਅਫਸਰ ਵਜੋਂ ਸੇਵਾ ਨਿਭਾਅ ਚੁੱਕੇ ਹਨ।ਉਨ੍ਹਾਂ ਦੱਸਿਆ ਕਿ ਪੁਲਸ ਵੱਲੋਂ ਕਿਸੇ ਵੀ ਵਿਅਕਤੀ ਨੂੰ ਨਾਜਾਇਜ਼ ਤੰਗ ਪ੍ਰੇਸ਼ਾਨ ਨਹੀਂ ਕੀਤਾ ਜਾਵੇਗਾ ਤੇ ਨਸ਼ੇ, ਦੜੇ ਸੱਟੇ ਤੇ ਗੁੰਡਾਗਰਦੀ ਕਰਨ ਵਾਲਿਆਂ ਨਾਲ ਕਿਸੇ ਕਿਸਮ ਦੀ ਕੋਈ ਨਰਮੀ ਨਹੀਂ ਵਰਤੀ ਜਾਵੇਗੀ ਉਨ੍ਹਾਂ ਕਿਹਾ ਕਿ ਬੱਸ ਸਟੈਂਡ, ਸੀਨੀਅਰ ਸੈਕੰਡਰੀ ਸਕੂਲ ਦੇ ਨੇੜੇ ਆਵਾਰਾਗਰਦੀ ਕਰਨ ਵਾਲਿਆਂ ਨੂੰ ਵੀ ਪੁਲਸ ਲੰਮੇ ਹੱਥੀਂ ਲਵੇਗੀ। ਉਨ੍ਹਾਂ ਦੋਪਹੀਆ ਵਾਹਨਾਂ 'ਤੇ ਤਿੰਨ ਸਵਾਰੀਆਂ ਬੈਠਣ ਦੀ ਬਜਾਏ ਸਿਰਫ ਦੋ ਸਵਾਰੀਆਂ ਨੂੰ ਹੀ ਬੈਠਣ ਦੀ ਅਪੀਲ ਕੀਤੀ ਤੇ ਕਿਹਾ ਕਿ ਬਿਨਾਂ ਕਾਗਜ਼ ਵਹੀਕਲ ਚਲਾਉਣ ਵਾਲਿਆਂ ਨੂੰ ਕਾਨੂੰਨੀ ਪ੍ਰਕਿਰਿਆ ਵਿੱਚੋਂ ਕਿਸੇ ਕੀਮਤ 'ਤੇ ਛੋਟ ਨਹੀਂ ਮਿਲੇਗੀ।ਉਨ੍ਹਾਂ ਹਲਕੇ ਦੇ ਨਾਲ ਲੱਗਦੇ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਕਿਸੇ ਵੀ ਤਰ੍ਹਾਂ ਦਾ ਕੋਈ ਸ਼ੱਕੀ ਵਿਅਕਤੀ ਜਾਂ ਵਸਤੂ ਵੇਖਦੇ ਹੋ ਤਾਂ ਉਸ ਦੀ ਸੂਚਨਾ ਤੁਰੰਤ ਪੁਲਸ ਨੂੰ ਦਿੱਤੀ ਜਾਵੇ।

## ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਚੂਹਣਕੇ ਕਲਾਂ 'ਚ ਬੂਟੇ ਲਗਾਏ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ.ਏ.ਐੱਸ. ਨਗਰ ਦੇ ਦਿਸ਼ਾ-ਨਿਰਦੇਸ਼ਾਂ ਅਤੇ ਸ੍ਰੀ ਬੀ.ਬੀ.ਐੱਸ. ਤੇਜੀ, ਮਾਨਯੋਗ ਜ਼ਿਲ੍ਹਾ ਤੇ ਸੈਸ਼ਨ ਜੱਜ-ਸਹਿਤ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਬਰਨਾਲਾ ਦੀ ਅਗਵਾਈ ਹੇਠ ਸ੍ਰੀ ਮਦਨ ਲਾਲ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਬਰਨਾਲਾ ਵੱਲੋਂ ਬੂਟੇ ਲਾਉਣ ਦੀ ਮੁਹਿੰਮ ਤਹਿਤ ਜੰਗਲਾਤ ਵਿਭਾਗ ਬਰਨਾਲਾ, ਗ੍ਰਾਮ ਪੰਚਾਇਤ ਦੇ ਸਹਿਯੋਗ ਨਾਲ ਪਿੰਡ ਚੂਹਣਕੇ ਕਲਾਂ ਵਿਖੇ ਬੂਟੇ ਲਗਾਏ ਗਏ। ਇਸ ਮੌਕੇ ਪੈਰਾ ਲੀਗਲ ਵਲੰਟੀਅਰ ਬਲਵੰਤ ਸਿੰਘ ਚੂਹਾਣਕੇ, ਸਰਪੰਚ ਲਖਵੀਰ ਸਿੰਘ ਚੂਹਾਣਕੇ ਕਲਾਂ ਨੇ ਕਿਹਾ ਕਿ ਵਧ ਰਹੇ ਪ੍ਰਦੂਸ਼ਣ ਨੂੰ ਠੱਲ੍ਹ ਪਾਉਣ ਲਈ ਹਰ ਇਕ ਨਾਗਰਿਕ ਨੂੰ ਖੇਤਾਂ, ਪਿੰਡਾਂ ਦੀਆਂ ਸਾਂਝੀਆਂ ਥਾਵਾਂ ਉੱਪਰ ਵਧੇਰੇ ਬੂਟੇ ਲਗਾਉਣਾ ਸਮੇਂ ਦੀ ਮੁੱਖ ਲੋੜ ਹੈ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਆਲੇ ਦੁਆਲੇ ਬੂਟੇ ਲਗਾਉਣ ਤਾਂ ਜੋ ਵਾਤਾਵਰਣ ਨੂੰ ਹਰਿਆ ਭਰਿਆ ਤੇ ਪ੍ਰਦੂਸ਼ਣ ਮੁਕਤ ਬਣਾਇਆ ਜਾ ਸਕੇ।ਇਸ ਸਮੇਂ ਪਿੰਡ ਚੂਹਾਣਕੇ ਕਲਾਂ ਦੀਆਂ ਸਾਂਝੀਆਂ ਥਾਵਾਂ ਉੱਪਰ ਵੱਖ ਵੱਖ ਪ੍ਰਕਾਰ ਦੇ ਬੂਟੇ ਲਗਾ ਕੇ ਉਨ੍ਹਾਂ ਦੀ ਸਾਂਭ ਸੰਭਾਲ ਵੱਲ ਵਿਸ਼ੇਸ਼ ਧਿਆਨ ਰੱਖਣ ਦੀ ਜ਼ਿੰਮੇਵਾਰੀ ਸੌਂਪੀ ਗਈ।ਇਸ ਮੌਕੇ ਪੰਚ ਅੰਮ੍ਰਿਤਪਾਲ ਸਿੰਘ, ਪੰਚ ਜਗਸੀਰ ਸਿੰਘ, ਪੰਚ ਬਿੰਦਰ ਕੌਰ, ਸਿਕੰਦਰ ਖਾਨ ਤੇ ਮਨਰੇਗਾ ਵਰਕਰ ਆਦਿ ਹਾਜ਼ਰ ਸਨ।

## ਬਾਰ ਐਸੋਸੀਏਸ਼ਨ ਵੱਲੋਂ ਜਹਾਜ਼ ਹਾਦਸੇ ਦੇ ਮ੍ਰਿਤਕਾਂ ਨੂੰ ਸ਼ਰਧਾਂਜਲੀ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਬਾਰ ਐਸੋਸੀਏਸ਼ਨ ਸਮਾਣਾ ਦੀ ਇੱਕ ਵਿਸ਼ੇਸ਼ ਮੀਟਿੰਗ ਬਾਰ ਐਸੋਸੀਏਸ਼ਨ ਸਮਾਣਾ ਦੇ ਪ੍ਰਧਾਨ ਨਵਦੀਪ ਸਿੰਘ ਢਿੱਲੋਂ ਦੀ ਪ੍ਰਧਾਨਗੀ ਵਿੱਚ ਹੋਈ, ਜਿਸ ਵਿੱਚ ਅਹਿਮਦਾਬਾਦ ਵਿਖੇ ਹੋਏ ਜਹਾਜ਼ ਕਰੈਸ਼ ਹਾਦਸੇ ਵਿੱਚ ਮਾਰੇ ਗਏ 265 ਲੋਕਾਂ ਨੂੰ ਬਾਰ ਐਸੋਸੀਏਸ਼ਨ ਸਮਾਣਾ ਵੱਲੋਂ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਦਿੱਤੀ ਗਈ। ਬਾਰ ਐਸੋਸੀਏਸ਼ਨ ਸਮਾਣਾ ਦੇ ਪ੍ਰਧਾਨ ਨਵਦੀਪ ਸਿੰਘ ਢਿੱਲੋਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 12 ਜੂਨ ਨੂੰ ਅਹਿਮਦਾਬਾਦ ਵਿਖੇ ਇੱਕ ਜਹਾਜ਼ ਕਰੈਸ਼ ਹੋ ਕੇ ਹਾਦਸਾਗ੍ਰਸਤ ਹੋ ਗਿਆ ਸੀ, ਜਿਸ ਵਿੱਚ ਸਵਾਰ 265 ਯਾਤਰੀ ਮਾਰੇ ਗਏ ਸਨ, ਜਿਨ੍ਹਾਂ ਵਿੱਚੋਂ 241 ਮੁਸਾਫ਼ਰ ਤੇ 24 ਵਿਦਿਆਰਥੀ ਸਨ, ਜਿਨ੍ਹਾਂ ਦੀਆਂ ਲਾਸ਼ਾਂ ਮਿਲ ਗਈਆਂ ਹਨ।ਬਾਰ ਐਸੋਸੀਏਸ਼ਨ ਸਮਾਣਾ ਉਕਤ ਜਹਾਜ਼ ਵਿੱਚ ਮਾਰੇ ਗਏ ਸਾਰੇ ਮੁਸਾਫਰਾਂ ਦੇ ਪਰਿਵਾਰਾਂ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦੀ ਹੈ। ਇਸ ਮੌਕੇ ਉਨ੍ਹਾਂ ਜਹਾਜ਼ ਵਿੱਚ ਮਾਰੇ ਗਏ ਸਾਰੇ ਮੁਸਾਫ਼ਰਾਂ ਨੂੰ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀਆਂ ਦਿੱਤੀਆਂ। ਪ੍ਰਧਾਨ ਨਵਦੀਪ ਸਿੰਘ ਢਿੱਲੋਂ, ਮੀਤ ਪ੍ਰਧਾਨ ਸੰਦੀਪ ਜਿੰਦਲ, ਸਕੱਤਰ ਕਸ਼ਮੀਰ ਸਿੰਘ ਢੁੱਢਰ, ਪਰਵਿੰਦਰ ਸਿੰਘ ਕੰਗ, ਹਰਿੰਦਰ ਪਾਲ ਸਿੰਘ, ਜਸਬੀਰ ਸਿੰਘ, ਰੱਮੀ ਵੜੈਚ, ਰਵਿੰਦਰ ਸਚੇਤਾ, ਰਿਸ਼ੀ ਚੋਪੜਾ, ਅਨਰੂਪ ਗਰਗ, ਕਮਲ, ਬਿਕਰਮਜੀਤ ਸਿੰਘ ਚਹਿਲ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਵਕੀਲ ਹਾਜ਼ਰ ਸਨ।

## ਮੈਰਿਜ ਪੈਲੇਸਾਂ 'ਚ ਅਸਲਾ ਲਿਜਾਣ 'ਤੇ ਪਾਬੰਦੀ

**ਮਾਨਸਾ (ਆਤਮਾ ਸਿੰਘ ਪਮਾਰ)**-ਜ਼ਿਲ੍ਹਾ ਮੈਜਿਸਟ੍ਰੇਟ ਸ੍ਰੀ ਕੁਲਵੰਤ ਸਿੰਘ ਆਈ.ਏ.ਐੱਸ. ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਮਾਨਸਾ ਵਿੱਚ ਮੈਰਿਜ ਪੈਲੇਸਾਂ ਵਿੱਚ ਲਾਇਸੰਸੀ ਅਸਲਾ ਲੈ ਕੇ ਆਉਣ 'ਤੇ ਮੁਕੰਮਲ ਤੌਰ 'ਤੇ ਪਾਬੰਦੀ ਲਗਾ ਦਿੱਤੀ ਹੈ।ਹੁਕਮ ਵਿੱਚ ਉਨ੍ਹਾਂ ਕਿਹਾ ਕਿ ਵਿਆਹ ਸ਼ਾਦੀਆਂ ਮੌਕੇ ਮੈਰਿਜ ਪੈਲੇਸਾਂ ਵਿੱਚ ਕੁਝ ਲੋਕ ਆਪਣਾ ਲਾਇਸੰਸੀ ਅਸਲਾ ਨਾਲ ਲੈ ਕੇ ਜਾਂਦੇ ਹਨ ਤੇ ਸਮਾਗਮਾਂ ਵਿੱਚ ਸ਼ਰਾਬ ਆਦਿ ਪੀ ਕੇ ਲੋਕ ਹੁਲਾਸ ਵਿੱਚ ਵਿਅਕਤੀ ਤੋਂ ਹਥਿਆਰ ਖੋਹ ਕੇ ਸਟੇਜ ਉੱਪਰ ਗੜਬੜਾ ਪਾਉਂਦੇ ਸਮੇਂ ਫਾਇਰ ਕਰਦੇ ਹਨ, ਜੋ ਪੈਲੇਸ ਵਿੱਚ ਮੌਜੂਦ ਲੋਕਾਂ ਦੀ ਜਾਨ ਦਾ ਖਤਰਾ ਬਣ ਜਾਂਦੇ ਹਨ, ਅਜਿਹੀਆਂ ਘਟਨਾਵਾਂ ਵਿੱਚ ਕਈ ਲੋਕ ਆਪਣੀ ਜਾਨ ਗੁਆ ਚੁੱਕੇ ਹਨ। ਇਸ ਲਈ ਇਹ ਜ਼ਰੂਰੀ ਹੈ ਕਿ ਮੈਰਿਜ ਪੈਲੇਸਾਂ ਵਿੱਚ ਅਸਲਾ ਨਾ ਲੈ ਕੇ ਆਉਣ ਸਬੰਧੀ ਬੋਰਡ ਤਾਂ ਲਿਖੇ ਹੁੰਦੇ ਹਨ, ਪਰ ਇਨ੍ਹਾਂ ਬੋਰਡਾਂ 'ਤੇ ਕਿਸੇ ਵੱਲੋਂ ਕੋਈ ਅਮਲ ਨਹੀਂ ਕੀਤਾ ਜਾਂਦਾ।ਉਨ੍ਹਾਂ ਕਿਹਾ ਕਿ ਅਜਿਹੇ ਹਾਲਾਤਾਂ ਕਾਰਨ ਪੈਦਾ ਹੋਈ ਸਥਿਤੀ ਨੂੰ ਧਿਆਨ ਵਿੱਚ ਰੱਖਦਿਆਂ ਕੋਈ ਵਿਅਕਤੀ ਮੈਰਿਜ ਪੈਲੇਸਾਂ ਵਿੱਚ ਲਾਇਸੰਸੀ ਹਥਿਆਰ ਲੈ ਕੇ ਨਾ ਆਵੇ, ਤਾਂ ਜੋ ਅੱਗੇ ਤੋਂ ਮੈਰਿਜ ਪੈਲੇਸਾਂ ਵਿੱਚ ਕੋਈ ਅਣਸੁਖਾਵੀਂ ਘਟਨਾ ਨਾ ਵਾਪਰੇ।ਇਹ ਹੁਕਮ 31 ਜੁਲਾਈ 2025 ਤੱਕ ਲਾਗੂ ਰਹੇਗਾ।

# ਪੰਜਾਬ ਦਾ ਵਿਕਾਸ ਕੇਂਦਰੀ ਯੋਜਨਾਵਾਂ ਨੂੰ ਲਾਗੂ ਨਾ ਕਰਨ ਕਾਰਨ ਰੁਕਿਆ : ਹਰਦੀਪ ਪੁਰੀ




**ਲੁਧਿਆਣਾ (ਜਸਦੀਪ ਵਰਤੀਆ)**
ਕੇਂਦਰੀ ਪੈਟਰੋਲੀਅਮ ਤੇ ਕੁਦਰਤੀ ਗੈਸ ਮੰਤਰੀ ਹਰਦੀਪ ਪੁਰੀ ਨੇ ਕਿਹਾ ਕਿ ਪੰਜਾਬ ਦਾ ਵਿਕਾਸ ਰਾਜ ਸਰਕਾਰ ਦੁਆਰਾ ਕੇਂਦਰ ਸਰਕਾਰ ਦੀਆਂ ਲੋਕ-ਕੇਂਦਰਿਤ ਯੋਜਨਾਵਾਂ ਨੂੰ ਲਾਗੂ ਕਰਨ ਵਿੱਚ ਕਥਿਤ ਅਸਫਲਤਾ ਕਾਰਨ ਰੁਕਿਆ ਹੋਇਆ ਹੈ।ਪੁਰੀ, ਜੋ ਉਮੀਦਵਾਰ ਜੀਵਨ ਗੁਪਤਾ ਦੇ ਸਮਰਥਨ ਵਿੱਚ ਇੱਕ ਉਪ-ਚੋਣ ਮੁਹਿੰਮ ਲਈ ਲੁਧਿਆਣਾ ਵਿੱਚ ਸਨ, ਨੇ ਜ਼ੋਰ ਦੇ ਕੇ ਕਿਹਾ ਕਿ ਇਸ ਨਾਲ ਪੰਜਾਬ ਦੇ ਵਸਨੀਕਾਂ ਨੂੰ ਦੇਸ਼ ਦੇ ਹੋਰ ਰਾਜਾਂ ਦੇ ਨਾਗਰਿਕਾਂ ਨੂੰ ਮਿਲਣ ਵਾਲੇ ਲਾਭ ਨਹੀਂ ਮਿਲ ਸਕੇ।

ਪੁਰੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਜਿੱਥੇ ਭਾਰਤ ਨੇ ਪੁਲਾੜ ਖੇਤਰ ਵਿੱਚ ਤਰੱਕੀ ਸਮੇਤ ਵਿਕਾਸ ਵਿੱਚ ਮਹੱਤਵਪੂਰਨ ਤਰੱਕੀ ਕੀਤੀ ਹੈ, ਉੱਥੇ ਪੰਜਾਬ ਨੂੰ ਕੇਂਦਰੀ ਭਲਾਈ ਪ੍ਰੋਗਰਾਮਾਂ ਦਾ ਪੂਰਾ ਲਾਭ ਨਹੀਂ ਮਿਲ ਸਕਿਆ ਹੈ।ਉਨ੍ਹਾਂ ਇਸ ਦਾ ਕਾਰਨ ਆਮ ਆਦਮੀ ਪਾਰਟੀ (ਆਪ) ਸਰਕਾਰ ਦੁਆਰਾ ਇਨ੍ਹਾਂ ਪਹਿਲਕਦਮੀਆਂ ਦੇ ਕਥਿਤ ਗੈਰ-ਲਾਗੂਕਰਨ ਨੂੰ ਦੱਸਿਆ, ਆਯੁਸ਼ਮਾਨ ਭਾਰਤ ਹੈਲਥਕੇਅਰ ਪ੍ਰੋਗਰਾਮ ਨੂੰ ਇੱਕ ਅਫਸੋਸਜਨਕ ਉਦਾਹਰਣ ਵਜੋਂ ਪੇਸ਼ ਕੀਤਾ।ਪੁਰੀ ਨੇ ਕਿਹਾ ਕਿ ਸਾਰੀਆਂ ਕੇਂਦਰੀ ਯੋਜਨਾਵਾਂ ਪੂਰੇ ਦੇਸ਼ ਵਿੱਚ ਉਪਲਬਧ ਹਨ, ਪਰ ਜੇ ਇਹ ਯੋਜਨਾਵਾਂ ਪੰਜਾਬ ਵਰਗੇ ਰਾਜਾਂ ਵਿੱਚ ਲਾਗੂ ਨਹੀਂ ਹੁੰਦੀਆਂ, ਤਾਂ ਇਹ ਡੂੰਘੇ ਅਫਸੋਸ ਦੀ ਗੱਲ ਹੈ।ਮੰਤਰੀ ਪੁਰੀ ਨੇ ਮੋਦੀ ਦੀ ਅਗਵਾਈ ਵਾਲੀ ਸਰਕਾਰ ਦੀਆਂ ਪਿਛਲੇ 11 ਸਾਲਾਂ ਦੀਆਂ ਪ੍ਰਾਪਤੀਆਂ 'ਤੇ ਵੀ ਚਾਨਣਾ ਪਾਇਆ, ਜਿਸ ਵਿੱਚ ਭਾਰਤ ਦੀ ਮਹੱਤਵਪੂਰਨ ਆਰਥਿਕ ਤਰੱਕੀ 'ਤੇ ਧਿਆਨ ਕੇਂਦਰਤ ਕੀਤਾ ਗਿਆ।

ਪੁਰੀ ਨੇ ਪੰਜਾਬ ਵਿੱਚ ਸ਼ਾਸਨ ਨੂੰ ਲੈ ਕੇ ਵੀ ਚਿੰਤਾ ਪ੍ਰਗਟਾਈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਨਸ਼ੇ ਖਤਮ ਕਰਨ ਦੇ ਚੋਣ ਵਾਅਦੇ ਦੇ ਬਾਵਜੂਦ, ਬਹੁਤ ਘੱਟ ਪ੍ਰਗਤੀ ਦੇਖੀ ਗਈ ਹੈ।ਉਨ੍ਹਾਂ ਰਾਜ ਵਿੱਚ ਪ੍ਰਚਲਿਤ ਕਾਨੂੰਨ ਵਿਵਸਥਾ ਦੀ ਸਥਿਤੀ ਦੀ ਵੀ ਆਲੋਚਨਾ ਕੀਤੀ।ਪੁਰੀ ਨੇ ਜ਼ੋਰ ਦੇ ਕੇ ਕਿਹਾ ਕਿ ਭਾਜਪਾ ਦੀਆਂ ਰਾਸ਼ਟਰੀ ਪ੍ਰਾਪਤੀਆਂ 'ਤੇ 11 ਸਾਲਾਂ ਦੀ ਰਿਪੋਰਟ ਕਾਰਡ ਨੂੰ ਪੰਜਾਬ ਵਿੱਚ ਵਿਆਪਕ ਤੌਰ 'ਤੇ ਪ੍ਰਸਾਰਤ ਕੀਤਾ ਜਾਣਾ ਚਾਹੀਦਾ ਹੈ, ਇਹ ਦਾਅਵਾ ਕਰਦੇ ਹੋਏ ਕਿ ਇਹ ਸਾਰੇ ਵਰਗਾਂ ਦੇ ਲੋਕਾਂ ਨੂੰ 'ਮੋਹ' ਲਵੇਗਾ।ਉਨ੍ਹਾਂ ਇਹ ਕਹਿੰਦੇ ਹੋਏ ਸਿੱਟਾ ਕੱਢਿਆ ਕਿ ਸ਼ਾਸਨ ਦਾ ਮਤਲਬ ਝੂਠੇ ਵਾਅਦੇ ਨਹੀਂ ਹਨ, ਬਲਕਿ ਵਾਅਦਿਆਂ ਨੂੰ ਜ਼ਮੀਨ 'ਤੇ ਪੂਰਾ ਹੁੰਦਾ ਦਿਖਾਇਆ ਜਾਣਾ ਚਾਹੀਦਾ ਹੈ।ਇਸ ਮੌਕੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਰਜਨੀਸ਼ ਤਿਵਾਣ, ਸਾਬਕਾ ਕੈਬਨਿਟ ਮੰਤਰੀ ਰਾਣਾ ਗੁਰਜੀਤ, ਪੰਜਾਬ ਭਾਜਪਾ ਦੇ ਪ੍ਰਭਾਰੀ ਡਾਕਟਰ ਨਰਿੰਦਰ ਰਹਿਣਾ, ਵਿਨੀਤ ਜੋਸ਼ੀ ਆਦਿ ਹਾਜ਼ਰ ਸਨ।

## ਉਰਦੂ ਆਮੋਜ਼ ਦੀ ਸਿਖਲਾਈ ਲਈ ਦਾਖਲਾ ਸ਼ੁਰੂ

**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਭਾਸ਼ਾ ਵਿਭਾਗ ਪੰਜਾਬ ਵੱਲੋਂ ਦਫਤਰ ਜ਼ਿਲ੍ਹਾ ਭਾਸ਼ਾ ਅਫਸਰ ਫ਼ਰੀਦਕੋਟ ਵਿਖੇ ਉਰਦੂ ਆਮੋਜ਼ ਦੀ ਸਿਖਲਾਈ ਲਈ ਨਵੀਂ ਸ਼੍ਰੇਣੀ ਵਿੱਚ ਦਾਖਲਾ ਸ਼ੁਰੂ ਕੀਤਾ ਗਿਆ ਹੈ।ਇਸ ਸਬੰਧੀ ਸ੍ਰੀ ਮਨਜੀਤ ਪੁਰੀ ਜ਼ਿਲ੍ਹਾ ਭਾਸ਼ਾ ਅਫਸਰ ਫ਼ਰੀਦਕੋਟ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਕਿਸੇ ਵੀ ਉਮਰ ਤੇ ਵਰਗ ਦਾ ਵਿਅਕਤੀ ਇਸ ਕੋਰਸ ਵਿੱਚ ਦਾਖਲਾ ਲੈ ਸਕਦਾ ਹੈ।ਉਨ੍ਹਾਂ ਦੱਸਿਆ ਕਿ ਪੂਰੇ ਕੋਰਸ ਦੀ ਦਾਖਲਾ ਫੀਸ 500 ਰੁਪਏ ਹੋਵੇਗੀ।ਉਨ੍ਹਾਂ ਦੱਸਿਆ ਕਿ ਉਰਦੂ ਸਿਖਲਾਈ ਕੋਰਸ 6 ਮਹੀਨੇ ਦਾ ਹੈ।ਕੋਰਸ ਖਤਮ ਹੋਣ ਉਪਰੰਤ ਡਾਇਰੈਕਟਰ, ਭਾਸ਼ਾ ਵਿਭਾਗ ਪੰਜਾਬ ਵੱਲੋਂ ਪ੍ਰੀਖਿਆ ਲਈ ਜਾਵੇਗੀ ਤੇ ਪਾਸ ਹੋਣ ਵਾਲੇ ਉਮੀਦਵਾਰ ਨੂੰ ਵਿਭਾਗ ਵੱਲੋਂ ਸਰਟੀਫਿਕੇਟ ਜਾਰੀ ਕੀਤਾ ਜਾਵੇਗਾ।ਇਹ ਕਲਾਸ ਦਫਤਰੀ ਕੰਮ-ਕਾਜ ਵਾਲੇ ਦਿਨ ਸ਼ਾਮ 5-15 ਤੋਂ 6-15 ਵਜੇ ਤੱਕ ਸਰਕਾਰੀ ਕੰਨਿਆ ਸੀਨੀ. ਸੈਕੰ ਸਕੂਲ ਫ਼ਰੀਦਕੋਟ ਵਿਖੇ ਲਗਾਈ ਜਾਵੇਗੀ।ਉਨ੍ਹਾਂ ਦੱਸਿਆ ਕਿ ਦਾਖਲਾ ਲੈਣ ਵਾਲੇ ਚਾਹਵਾਨ ਉਮੀਦਵਾਰ ਕਿਸੇ ਵੀ ਕੰਮ-ਕਾਜ ਵਾਲੇ ਦਿਨ ਦਾਖਲਾ ਫਾਰਮ ਜ਼ਿਲ੍ਹਾ ਭਾਸ਼ਾ ਦਫਤਰ, ਕਮਰਾ ਨੰ. 333, ਦੂਜੀ ਮੰਜ਼ਿਲ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਫ਼ਰੀਦਕੋਟ ਵਿਖੇ ਜਮ੍ਹਾਂ ਕਰਵਾ ਸਕਦੇ ਹਨ।ਦਾਖਲਾ ਫਾਰਮ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ 30 ਜੂਨ 2025 ਤੱਕ ਹੈ।

## ਪੰਜਾਬੀ ਯੂਨੀਵਰਸਿਟੀ ਨੇ ਕਾਲਜਾਂ 'ਚ ਕਿਸੇ ਵੀ ਬੇਨਿਯਮੀ ਨੂੰ ਰੋਕਣ ਲਈ ਉਠਾਏ ਕਦਮ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬੀ ਯੂਨੀਵਰਸਿਟੀ ਅਧੀਨ ਆਉਂਦੇ ਇੱਕ ਕਾਲਜ ਵਿੱਚ ਡੰਮੀ ਦਾਖਲੇ ਹੋਣ ਦਾ ਮਾਮਲਾ ਸਾਹਮਣੇ ਆਇਆ ਸੀ। ਡੀਨ ਕਾਲਜ ਵਿਕਾਸ ਕੌਂਸਲ ਵੱਲੋਂ ਇਸ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਾਈਸ ਚਾਂਸਲਰ ਸਾਹਿਬ ਵੱਲੋਂ ਜਾਰੀ ਆਦੇਸ਼ਾਂ ਅਨੁਸਾਰ ਇਸ ਮਾਮਲੇ ਵਿੱਚ ਫੌਰੀ ਕਾਰਵਾਈ ਕਰਦਿਆਂ ਸਬੰਧਤ ਕਾਲਜ ਨੂੰ ਦੋ ਦਿਨਾਂ ਦੇ ਅੰਦਰ ਸਪਸ਼ਟੀਕਰਨ ਦੇਣ ਹਿੱਤ ਪੱਤਰ ਜਾਰੀ ਕਰ ਦਿੱਤਾ ਗਿਆ ਹੈ। ਇਸ ਮਾਮਲੇ ਦੀ ਉੱਚ ਪੱਧਰੀ ਜਾਂਚ ਲਈ ਤਿੰਨ ਮੈਂਬਰੀ ਕਮੇਟੀ ਦਾ ਗਠਨ ਵੀ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਵਾਈਸ ਚਾਂਸਲਰ ਸਾਹਿਬ ਦੇ ਆਦੇਸ਼ਾਂ ਅਨੁਸਾਰ ਇਹ ਵੀ ਫੈਸਲਾ ਲਿਆ ਗਿਆ ਹੈ ਕਿ ਭਵਿੱਖ ਵਿੱਚ ਕਿਸੇ ਵੀ ਸੰਭਾਵਿਤ ਬੇਨਿਯਮੀ ਵਾਲੇ ਅਮਲ ਨੂੰ ਰੋਕਣ ਲਈ ਵੱਖ-ਵੱਖ ਸਮਿਆਂ ਉੱਤੇ ਵੱਖ-ਵੱਖ ਕਾਲਜਾਂ ਦੀ ਅਚਨਚੇਤ ਚੈਕਿੰਗ ਕੀਤੀ ਜਾਇਆ ਕਰੇਗੀ।

## ਵੀਏਸੀ ਦੌਰਾਨ ਟੀਕਾਕਰਨ ਟ੍ਰਾਇਲ ਨਿਯਮ, ਨੈਤਿਕਤਾ ਤੇ ਵਿਕਾਸ 'ਤੇ ਚਰਚਾ



**ਸਮਰਾਲਾ (ਸੁਰਜੀਤ ਸਿੰਘ)**
ਪੋਸਟਗ੍ਰੈਜੂਏਟ ਇੰਟਰਨੈਸ਼ਨਲ ਵੈਕਸੀਨੋਲੋਜੀ ਕੋਰਸ ਦੇ ਤੀਜੇ ਦਿਨ ਟੀਕਿਆਂ ਦੇ ਵਿਕਾਸ ਨਾਲ ਜੁੜੇ ਨਿਯਮ, ਨੈਤਿਕਤਾ ਤੇ ਵਿਧੀਆਂ ਦੇ ਜਟਿਲ ਪੱਖਾਂ ਉੱਤੇ ਚਰਚਾ ਕੀਤੀ ਗਈ। ਕੋਰਸ ਡਾਇਰੈਕਟਰ ਡਾ. ਮਧੂ ਗੁਪਤਾ ਨੇ ਨਿਯਮਾਤਮਕ ਢਾਂਚਿਆਂ ਤੇ ਨੈਤਿਕ ਚਿੰਤਾਵਾਂ ਉੱਤੇ ਹੋਣ ਵਾਲੀਆਂ ਚਰਚਾਵਾਂ ਲਈ ਮੰਚ ਤਿਆਰ ਕੀਤਾ। ਡਾ. ਨੁਸਰਤ ਸਫੀਕ ਨੇ ਟੀਕਾ ਟ੍ਰਾਇਲ ਕਰਵਾਉਣ ਦੌਰਾਨ ਆਉਣ ਵਾਲੀਆਂ ਨੈਤਿਕ ਗੱਲਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ, ਜਿਸ ਤੋਂ ਬਾਅਦ ਇੱਕ ਕੇਸ ਅਧਿਐਨ ਰਾਹੀਂ ਟੀਕਾ ਵਿਕਾਸ ਦੌਰਾਨ ਆਉਣ ਵਾਲੀਆਂ ਅਸਲ ਜੀਵਨ ਦੀਆਂ ਮੁਸ਼ਕਲਾਂ ਉਤੇ ਚਰਚਾ ਹੋਈ। ਡਿਪਟੀ ਡਰੱਗਸ ਕੰਟਰੋਲਰ ਡਾ. ਰੁਬੀਨਾ ਬੋਸੇ ਨੇ ਦੇਸ਼ ਦੇ ਨਿਯਮਾਤਮਕ ਸੰਗਠਨਾਂ ਦੀ ਭੂਮਿਕਾ ਬਾਰੇ ਵਿਚਾਰ ਸਾਂਝੇ ਕੀਤੇ। ਮਿਸ ਮਾਰੀਆ ਅਬਰਾਹਮ ਨੇ ਟੀਕਾ ਟ੍ਰਾਇਲ ਵਿੱਚ ਲਾਗੂ ਕੀਤੀਆਂ ਜਾਂਦੀਆਂ ਅੰਕੜੇਵਾਦੀ ਵਿਧੀਆਂ ਬਾਰੇ ਜਾਣਕਾਰੀ ਦਿੱਤੀ, ਜਿਸ ਵਿੱਚ ਸੈਂਪਲ ਸਾਈਜ਼ ਦੀ ਗਣਨਾ ਤੇ ਡੈਟਾ ਵਿਸ਼ਲੇਸ਼ਣ ਦੀ ਪ੍ਰਯੋਗਕਾਤਮਕ ਪਹੁੰਚ 'ਤੇ ਜ਼ੋਰ ਦਿੱਤਾ ਗਿਆ। ਭਾਰਤ ਬਾਇਓਟੈਕ ਦੇ ਡਾ. ਬਦਰੀ ਨਾਰਾਇਣ ਪਟਨਾਇਕ ਨੇ ਟੀਕਾ ਟ੍ਰਾਇਲ ਦੇ ਪਹਿਰਾਵਾਂ 'ਤੇ ਵਿਸਥਾਰਪੂਰਕ ਰੌਸ਼ਨੀ ਪਾਈ। ਉਨ੍ਹਾਂ ਪਹਿਲੇ ਤੇ ਦੂਜੇ ਪੜਾਅ ਦੇ ਟ੍ਰਾਇਲ ਲਈ ਵਰਤੀਆਂ ਜਾਣ ਵਾਲੀਆਂ ਵਿਧੀਆਂ ਦੀ ਚਰਚਾ ਕੀਤੀ। ਡਾ. ਤੇਮਸੁਨਾਰੋ ਰੋਂਗਸੇਨ ਚੰਦੋਲਾ ਨੇ ਤੀਜੇ ਪੜਾਅ ਦੇ ਟ੍ਰਾਇਲ ਦੀ ਚਰਚਾ ਰੋਟਾਵਾਇਰਸ ਵੈਕਸੀਨ ਦੇ ਸੰਦਰਭ ਵਿੱਚ ਕੀਤੀ। ਇਸੇ ਦੌਰਾਨ ਲਾਇਸੈਂਸ ਜਾਰੀ ਹੋਣ ਮਗਰੋਂ ਨਿਗਰਾਨੀ ਤੇ ਦਵਾਈ ਸੁਰੱਖਿਆ ਉੱਤੇ ਕੇਂਦਰਤ ਰਹੀ ਤੇ ਕਈ ਅਗੇਤੀ ਵਿਗਿਆਨਕ ਵਿਸ਼ਿਆਂ ਉੱਤੇ ਰੌਸ਼ਨੀ ਪਾਈ ਗਈ। ਦੱਖਣ ਕੋਰੀਆ ਦੇ ਡਾ. ਜੌਨ ਕਲੀਮੈਂਸ ਨੇ ਸੁਰੱਖਿਆ ਤੇ ਵੈਕਸੀਨ ਪ੍ਰਭਾਵਸ਼ੀਲਤਾ ਬਾਰੇ ਵਿਚਾਰ ਸਾਂਝੇ ਕੀਤੇ। ਸੌਰਭ ਸੋਬਤੀ ਨੇ ਮਹਾਮਾਰੀ ਤਿਆਰੀ ਲਈ ਪਲੇਟਫਾਰਮ ਟੈਕਨੋਲੋਜੀਆਂ ਬਾਰੇ ਦੱਸਿਆ। ਡਾ. ਰਾਜੂ ਸੁਨਾਗਰ ਨੇ ਕੋਡਨ ਡੀਓਪਟੀਮਾਈਜ਼ੇਸ਼ਨ ਟੈਕਨੋਲੋਜੀ ਦੀ ਵਿਆਖਿਆ ਕੀਤੀ। ਇਹ ਵੀ ਚਰਚਾ ਕੀਤੀ ਗਈ ਕਿ ਮਹਾਮਾਰੀ ਦੌਰਾਨ 100 ਦਿਨਾਂ ਦੇ ਅੰਦਰ ਜਵਾਬ ਦੇਣ ਦੀ ਯੋਗਤਾ ਹਾਸਲ ਕਰਨ ਲਈ ਨਵੀਂ ਵੈਕਸੀਨ ਟੈਕਨੋਲੋਜੀ ਵਰਤਣੀ ਲਾਜ਼ਮੀ ਹੈ। ਡਾ. ਨਿੱਤਿਆ ਗੋਗਟੇ ਨੇ ਹਿਊਮਨ ਚੈਲੇਂਜ ਟ੍ਰਾਇਲ ਨਾਲ ਜੁੜੀਆਂ ਨੈਤਿਕ ਚੁਣੌਤੀਆਂ ਦੀ ਚਰਚਾ ਕੀਤੀ।

## 'ਆਪ' ਆਪਣੀ ਹਾਰ ਨੂੰ ਦੇਖ ਵੋਟਰਾਂ ਨੂੰ ਧਮਕਾ ਰਹੀ ਹੈ : ਜੀਵਨ ਗੁਪਤਾ

### ਘਰ-ਘਰ ਪ੍ਰਚਾਰ ਕਰਕੇ ਜੀਵਨ ਗੁਪਤਾ ਨੂੰ ਭਾਰੀ ਸਮਰਥਨ ਮਿਲ ਰਿਹਾ ਹੈ



**ਲੁਧਿਆਣਾ (ਜਸਦੀਪ ਵਰਤੀਆ)**-ਭਾਜਪਾ ਉਮੀਦਵਾਰ ਜੀਵਨ ਗੁਪਤਾ ਤੇ ਭਾਜਪਾ ਵਰਕਰਾਂ ਨੇ ਲੁਧਿਆਣਾ ਪੱਛਮੀ ਉਪ-ਚੋਣ ਲਈ ਅਸ਼ੋਕ ਵਿਹਾਰ ਤੇ ਕੇਵੀਐੱਮ ਕਲੋਨੀ ਰਿਸ਼ੀ ਨਗਰ ਵਿੱਚ ਘਰ-ਘਰ ਪ੍ਰਚਾਰ ਕੀਤਾ ਤੇ ਭਾਜਪਾ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ।ਘਰ-ਘਰ ਪ੍ਰਚਾਰ ਕਰਦੇ ਹੋਏ ਜੀਵਨ ਗੁਪਤਾ ਨੇ 'ਆਪ' 'ਤੇ ਵਰ੍ਹਦਿਆਂ ਕਿਹਾ ਕਿ ਕੇਜਰੀਵਾਲ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਚੋਣ ਰੈਲੀਆਂ ਦੌਰਾਨ ਲੁਧਿਆਣਾ ਪੱਛਮੀ ਦੇ ਲੋਕਾਂ ਨੂੰ ਖੁੱਲ੍ਹੇਆਮ ਧਮਕੀਆਂ ਦੇ ਰਹੇ ਹਨ ਕਿ ਜੇਕਰ ਕਿਸੇ ਹੋਰ ਪਾਰਟੀ ਦਾ ਉਮੀਦਵਾਰ ਇਸ ਸੀਟ ਤੋਂ ਜਿੱਤ ਜਾਂਦਾ ਹੈ ਤਾਂ ਲੁਧਿਆਣਾ ਪੱਛਮੀ ਦਾ ਵਿਕਾਸ ਬੰਦ ਹੋ ਜਾਵੇਗਾ। ਅਜਿਹੀਆਂ ਬੇਤੁਕ ਗੱਲਾਂ ਕਹਿ ਕੇ 'ਆਪ' ਸਰਕਾਰ ਲੋਕਤੰਤਰ ਦੀ ਉਲੰਘਣਾ ਕਰ ਰਹੀ ਹੈ। ਲੋਕਤੰਤਰ ਵਿੱਚ, ਹਰ ਕਿਸੇ ਨੂੰ ਜਿਸ ਨੂੰ ਚਾਹੇ ਚੁਣਨ ਦੀ ਆਜ਼ਾਦੀ ਹੈ, ਪਰ ਅੱਜ ਆਪਣੀ ਹਾਰ ਨੂੰ ਦੇਖ ਕੇ 'ਆਪ' ਸਰਕਾਰ ਵਿਕਾਸ ਦੇ ਨਾਮ 'ਤੇ ਲੋਕਾਂ ਨੂੰ ਧਮਕਾ ਰਹੀ ਹੈ।ਜੀਵਨ ਗੁਪਤਾ ਨੇ ਕਿਹਾ ਕਿ ਭਾਜਪਾ ਇਕਲੌਤੀ ਪਾਰਟੀ ਹੈ, ਜੋ ਦੇਸ਼ ਦੇ ਹਿੱਤ ਵਿੱਚ ਫੈਸਲੇ ਲੈਣ ਤੋਂ ਝਿਜਕਦੀ ਨਹੀਂ ਹੈ, ਪਰ ਅੱਜ 'ਆਪ' ਸਰਕਾਰ ਲੋਕਾਂ ਨੂੰ ਕੇਜਰੀਵਾਲ ਨੂੰ ਰਾਜ ਸਭਾ ਵਿੱਚ ਭੇਜਣ ਲਈ ਧਮਕੀਆਂ ਦੇ ਰਹੀ ਹੈ।ਇਹ ਵਿਕਾਸ ਦੇ ਨਾਮ 'ਤੇ ਲੋਕਾਂ ਨੂੰ ਗੁੰਮਰਾਹ ਕਰ ਰਹੀ ਹੈ।ਕੌਂਸਲਰ ਸੁਨੀਲ ਮੋਦਗਿੱਲ ਨੇ ਇਲਾਕੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ 19 ਜੂਨ ਨੂੰ ਆਪਣੇ ਇਲਾਕੇ ਦੇ ਵਿਕਾਸ ਲਈ ਭਾਜਪਾ ਨੂੰ ਵੋਟ ਪਾਉਣ।ਇਸ ਮੌਕੇ ਅਰੁਣ ਕਾਲਾ, ਸੁਨੀਲ ਮਾਨਿਕਤਲਾ, ਆਰਪੀ ਸਭਰਵਾਲ, ਸੁਨੀਲ ਵਿਸ਼ਿਸ਼ਟ, ਦੀਪਕ ਸਹਿਗਲ, ਅਰੁਣ ਕਾਲੀਆ, ਅਸ਼ੋਕ ਕੁਮਾਰ ਐੱਲ, ਲਲਿਤ ਮੋਹਨ ਸ਼ਰਮਾ, ਗੁਰਦੀਪ ਸਿੰਘ ਗੋਸ਼ਾ, ਰਾਜੀਵ ਕਟਨਾ, ਐੱਸ ਪੀ ਸੂਦ, ਜੇ ਪੀ ਸਿੰਘ, ਡਾ. ਨਰੇਸ਼ ਸੂਦ ਆਦਿ ਮੌਜੂਦ ਸਨ।

## ਘੁੱਲੂਮਾਜਰਾ 'ਚ ਨਸ਼ਾ ਤਸਕਰ ਦੀ ਨਜਾਇਜ਼ ਉਸਾਰੀ ਢਾਹੀ

**ਅਮਲੋਹ/ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਐਸ.ਐਸ.ਪੀ ਸ਼ੁਭਮ ਅਗਰਵਾਲ ਦੀ ਮੌਜੂਦਗੀ ਵਿੱਚ ਅਮਲੋਹ ਦੇ ਪਿੰਡ ਘੁੱਲੂਮਾਜਰਾ ਵਿਖੇ ਨਸ਼ਾ ਤਸਕਰ ਦੁਆਰਾ ਕੀਤੀ ਗਈ ਨਜਾਇਜ਼ ਉਸਾਰੀ ਨੂੰ ਢਾਹੁਣ ਦੀ ਕਾਰਵਾਈ ਅਮਲ ਵਿੱਚ ਲਿਆਂਦੀ ਗਈ। ਇਸ ਮੌਕੇ ਐਸ.ਐਸ.ਪੀ ਸੁਭਮ ਅਗਰਵਾਲ ਨੇ ਦੱਸਿਆ ਕਿ ਸਲਾਮਦੀਨ ਨਾਮ ਦੇ ਨਸਾ ਤਸਕਰ ਨੇ ਆਪਣੀ ਕਾਲੀ ਕਮਾਈ ਨਾਲ ਘੁੱਲੂਮਾਜਰਾ ਵਿੱਚ ਨਜਾਇਜ਼ ਉਸਾਰੀ ਕੀਤੀ ਹੋਈ ਸੀ ਅਤੇ ਗ੍ਰਾਮ ਪੰਚਾਇਤ ਵੱਲੋਂ ਪ੍ਰਸ਼ਾਸਨ ਦੇ ਧਿਆਨ ਵਿੱਚ ਇਹ ਮਾਮਲਾ ਲਿਆਂਦਾ ਗਿਆ ਅਤੇ ਇਸ ਸਬੰਧੀ ਪੂਰੀ ਪ੍ਰਕਿਰਿਆ ਨੂੰ ਅਪਨਾਉਂਦੇ ਹੋਏ ਇਹ ਕਾਰਵਾਈ ਕਰਕੇ ਮਾੜੇ ਅਨਸਰਾਂ ਨੂੰ ਸਖਤ ਸੁਨੇਹਾ ਦਿੱਤਾ ਗਿਆ ਹੈ ਕਿ ਉਹ ਨਸ਼ਿਆਂ ਦਾ ਕਾਰੋਬਾਰ ਮੁਕੰਮਲ ਤੌਰ ਉੱਤੇ ਛੱਡ ਦੇਣ ਅਤੇ ਭਵਿੱਖ ਵਿੱਚ ਜੇਕਰ ਕੋਈ ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਦਾ ਪਾਇਆ ਗਿਆ ਤਾਂ ਉਸ ਨੂੰ ਬਖਸ਼ਿਆ ਨਹੀਂ ਜਾਵੇਗਾ। ਸ੍ਰੀ ਅਗਰਵਾਲ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਡੀ.ਜੀ.ਪੀ ਗੌਰਵ ਯਾਦਵ ਦੇ ਦਿਸ਼ਾ ਨਿਰਦੇਸ਼ਾਂ ਹੇਠ ਇਸ ਤੋਂ ਪਹਿਲਾਂ ਵੀ ਵਿਧਾਨ ਸਭਾ ਹਲਕਾ ਅਮਲੋਹ ਅੰਦਰ ਤਿੰਨ ਵਾਰ ਅਤੇ ਹਲਕਾ ਬਸੀ ਪਠਾਨਾ 'ਚ ਇੱਕ ਵਾਰ ਨਸ਼ਾ ਤਸਕਰਾਂ ਦੀਆਂ ਕਾਲੀ ਕਮਾਈ ਨਾਲ ਬਣਾਈਆਂ ਜਾਇਦਾਦਾਂ ਨੂੰ ਢਹਿ ਢੇਰੀ ਕੀਤਾ ਜਾ ਚੁੱਕਾ ਹੈ। ਐਸ.ਐਸ.ਪੀ ਨੇ ਦੱਸਿਆ ਕਿ ਸਲਾਮਦੀਨ ਨਾਂਅ ਦੇ ਇਸ ਵਿਅਕਤੀ ਖਿਲਾਫ਼ 3 ਕੇਸ ਦਰਜ ਹਨ ਅਤੇ ਇਕ ਕੇਸ ਮਈ ਮਹੀਨੇ ਵਿੱਚ ਹੀ ਨਸ਼ਾ ਤਸਕਰੀ ਦਾ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸਰਕਾਰੀ ਜ਼ਮੀਨ ਉਤੇ ਕੀਤੇ ਨਜਾਇਜ਼ ਕਬਜ਼ੇ ਨੂੰ ਤੋੜਨ ਦੀ ਕਾਰਵਾਈ ਦੌਰਾਨ ਪੁਲਸ ਵੱਲੋਂ ਅਮਨ ਤੇ ਕਾਨੂੰਨ ਦੀ ਸਥਿਤੀ ਕਾਇਮ ਰੱਖੀ ਗਈ। ਇਸ ਮੌਕੇ ਬੁਲਡੋਜਰ ਰਾਹੀਂ ਨਜਾਇਜ਼ ਉਸਾਰੀ ਨੂੰ ਢਾਹੁਣ ਦੀ ਕਾਰਵਾਈ ਅਮਲ ਵਿੱਚ ਲਿਆਂਦੀ ਗਈ।

## ਬੀ ਐੱਡ ਤੋਂ ਬਾਅਦ ਸਰਕਾਰੀ ਤੇ ਪ੍ਰਾਈਵੇਟ ਨੌਕਰੀ ਦਾ ਵਿਕਲਪ : ਐੱਮ ਡੀ ਅਗਰਵਾਲ

**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਗਿੱਦੜਬਾਹਾ-ਬਠਿੰਡਾ ਰੋਡ 'ਤੇ ਸਥਿੱਤ ਬਗਲਾ ਮੁਖੀ ਕਾਲਜ ਆਫ਼ ਐਜੂਕੇਸ਼ਨ ਬੱਲੂਆਣਾ ਦੇ ਐੱਮ ਡੀ ਨਰੇਸ਼ ਅਗਰਵਾਲ ਨੇ ਕਿਹਾ ਕਿ 10ਵੀਂ ਤੇ 12ਵੀਂ ਜਮਾਤ ਦੇ ਨਤੀਜੇ ਆ ਗਏ ਹਨ ਅਤੇ ਇਹ ਬੱਚਿਆਂ ਲਈ ਫੈਸਲਾ ਕਰਨ ਦਾ ਬਹੁਤ ਮਹੱਤਵਪੂਰਨ ਸਮਾਂ ਹੈ ਕਿ ਅੱਗੇ ਕੀ ਕਰਨਾ ਹੈ।ਇਸ ਸਮੇਂ ਬੱਚਿਆਂ ਦੇ ਮਾਪਿਆਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੋ ਜਾਂਦੀ ਹੈ ਕਿ ਉਨ੍ਹਾ ਆਪਣੇ ਬੱਚਿਆਂ ਦਾ ਕੈਰੀਅਰ ਕਿਵੇਂ ਬਣਾਉਣਾ ਹੈ?

ਸਭ ਤੋਂ ਪਹਿਲਾਂ, ਬੱਚੇ ਨੂੰ ਉਸ ਖੇਤਰ ਵਿੱਚ ਜਾਣਾ ਚਾਹੀਦਾ ਹੈ, ਜਿਸ ਵਿੱਚ ਉਸ ਦੀ ਦਿਲਚਸਪੀ ਹੈ।ਐੱਮ ਡੀ ਨਰੇਸ਼ ਅਗਰਵਾਲ ਨੇ ਕਿਹਾ ਕਿ ਆਰਟਸ ਤੇ ਕਾਮਰਸ ਦੇ ਨਾਲ ਬੀ. ਐੱਡ ਕਰਨ ਤੋਂ ਬਾਅਦ, ਸਰਕਾਰੀ ਤੇ ਪ੍ਰਾਈਵੇਟ ਨੌਕਰੀਆਂ ਦਾ ਵਿਕਲਪ ਹੁੰਦਾ ਹੈ।ਇਸ ਲਈ, ਬੱਚਿਆਂ ਨੂੰ ਆਪਣੇ ਭਵਿੱਖ ਬਾਰੇ ਸੋਚ-ਸਮਝ ਕੇ ਫੈਸਲਾ ਲੈਣਾ ਚਾਹੀਦਾ ਹੈ।ਇਸ ਸਮੇਂ ਲਿਆ ਗਿਆ ਫੈਸਲਾ ਉਨ੍ਹਾਂ ਦੀ ਸਾਰੀ ਜ਼ਿੰਦਗੀ ਜਿਉਣ ਦੇ ਕੰਮ ਆਉਂਦਾ ਹੈ।

## ਰਿਸ਼ੀ ਸੰਕਲਪ ਅਭਿਆਨ ਤਹਿਤ ਵੱਖ-ਵੱਖ ਪਿੰਡਾਂ 'ਚ ਲਗਾਏ ਕੈਂਪ



**ਸਮਰਾਲਾ (ਸੁਰਜੀਤ ਸਿੰਘ)**-ਸਥਾਨਕ ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਆਈ. ਸੀ. ਏ. ਆਰ. ਅਟਾਰੀ ਤੇ ਡਾਇਰੈਕਟੋਰੇਟ ਪਸਾਰ ਸਿੱਖਿਆ, ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਦੀ ਅਗਵਾਈ ਹੇਠ ਦੇਸ਼ ਭਰ ਵਿੱਚ ਚਲਾਏ ਜਾ ਰਹੇ ਕ੍ਰਿਸ਼ੀ ਸੰਕਲਪ ਅਭਿਆਨ-2025 ਦੇ ਤਹਿਤ 15 ਦਿਨਾਂ ਦੇ ਲੜੀਵਾਰ ਕੈਂਪ ਲੁਧਿਆਣਾ ਜ਼ਿਲ੍ਹੇ ਦੇ ਸਮਰਾਲਾ ਬਲਾਕ ਦੇ ਵੱਖ ਵੱਖ ਪਿੰਡਾਂ ਵਿੱਚ ਲਗਾਏ ਗਏ।ਇਨ੍ਹਾਂ ਕੈਂਪਾਂ ਦੀ ਮੁਹਿੰਮ ਦੌਰਾਨ ਕ੍ਰਿਸ਼ੀ ਵਿਗਿਆਨ ਕੇਂਦਰ ਸਮਰਾਲਾ ਦੇ ਮੁਖੀ ਡਾ. ਵਿਪਨ ਕੁਮਾਰ ਰਾਮਪਾਲ ਤੇ ਮੁੱਖ ਖੇਤੀਬਾੜੀ ਅਫਸਰ ਲੁਧਿਆਣਾ ਡਾ. ਗੁਰਦੀਪ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਸਾਇੰਸਦਾਨਾਂ ਡਾ. ਜਗਦੀਪ ਕੌਰ, ਸਹਾਇਕ ਪ੍ਰੋਫ਼ੈਸਰ ਕੀਟ ਵਿਗਿਆਨ ਡਾ. ਪਰਵਿੰਦਰ ਕੌਰ, ਸਹਾਇਕ ਪ੍ਰੋਫ਼ੈਸਰ (ਗ੍ਰਹਿ ਵਿਗਿਆਨ) ਤੇ ਡਾ. ਵੀਰਪ੍ਰਤਾਪ ਸਿੰਘ ਸਹਾਇਕ ਪ੍ਰੋ. ਫਲ ਵਿਗਿਆਨ ਤੇ ਵੱਖ ਵੱਖ ਬਲਾਕਾਂ ਦੇ ਖੇਤੀਬਾੜੀ ਅਧਿਕਾਰੀਆਂ ਤੇ ਸਹਾਇਕ ਸਭਾਵਾਂ ਦੇ ਨੁਮਾਇੰਦਿਆਂ ਨੇ ਮਿਲ ਕੇ ਤਕਰੀਬਨ 50 ਪਿੰਡਾਂ ਵਿੱਚ ਕੈਂਪ ਲਗਾਏ, ਨਾਲ ਹੀ ਕਿਸਾਨਾਂ ਦੇ ਖੇਤਾਂ ਦਾ ਦੌਰਾ ਵੀ ਕੀਤਾ ਗਿਆ।ਇਨ੍ਹਾਂ ਕੈਂਪਾਂ ਰਾਹੀਂ ਕਿਸਾਨਾਂ ਨਾਲ ਸਾਉਣੀ ਰੁੱਤ ਦੀਆਂ ਫਸਲਾਂ ਦੀਆਂ ਨਵੀਆਂ ਤੇ ਸੁਧਰੀਆਂ ਕਿਸਮਾਂ ਅਤੇ ਤਕਨੀਕਾਂ ਸਬੰਧੀ ਜਾਣਕਾਰੀ, ਝੋਨੇ ਦੀ ਸਮੇਂ ਸਿਰ ਲੁਆਈ, ਸਿੱਧੀ ਬਿਜਾਈ, ਮਿੱਟੀ ਪਰਖ ਦੀ ਮਹੱਤਤਾ ਤੇ ਨਮੂਨੇ ਲੈਣ ਦੇ ਢੰਗ, ਖਾਦਾਂ ਤੇ ਕੀਟ ਨਾਸ਼ਕਾਂ ਦੀ ਲੋੜ ਅਤੇ ਸਿਫਾਰਸ਼ਾਂ ਅਨੁਸਾਰ ਫਸਲਾਂ ਵਿੱਚ ਵਰਤੋਂ ਕਰਨ ਸਬੰਧੀ ਜਾਣਕਾਰੀ ਸਾਂਝੀ ਕੀਤੀ ਗਈ।ਇਸ ਤੋਂ ਇਲਾਵਾ ਝੋਨੇ ਦੀ ਫਸਲ ਵਿੱਚ ਪਾਣੀ ਦੀ ਬੱਚਤ, ਗਰਮੀ ਰੁੱਤ ਦੀਆਂ ਸਬਜ਼ੀਆਂ ਤੇ ਸਦਾ ਬਹਾਰ ਫਲਦਾਰ ਬੂਟਿਆਂ ਦੀ ਸਾਂਭ ਸੰਭਾਲ ਅਤੇ ਇਨ੍ਹਾਂ ਵਿੱਚ ਕੀੜੇ, ਮਕੌੜੇ ਤੇ ਬਿਮਾਰੀਆਂ ਦੀ ਰੋਕਥਾਮ ਸਬੰਧੀ ਨੁਕਤੇ ਵੀ ਸਾਂਝੇ ਕੀਤੇ ਗਏ।ਇਨ੍ਹਾਂ ਕੈਂਪਾਂ ਦੌਰਾਨ ਪੇਂਡੂ ਸੁਆਣੀਆਂ ਨੂੰ ਵੀ ਯੂਨੀਵਰਸਿਟੀ ਤੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਵੱਲੋਂ ਚਲਾਏ ਜਾਂਦੇ ਕਿੱਤਾ-ਮੁਖੀ ਸਿਖਲਾਈ ਕੋਰਸਾਂ ਰਾਹੀਂ ਸਵੈ-ਰੋਜ਼ਗਾਰ ਅਪਨਾ ਕੇ ਆਪਣੇ ਹੁਨਰ ਵਿੱਚ ਵਾਧਾ ਕਰਨ ਲਈ ਪ੍ਰੇਰਿਤ ਕੀਤਾ ਗਿਆ।ਖੇਤੀ ਉਤਪਾਦਨਾਂ ਦੇ ਵਧੀਆ ਮੰਡੀਕਰਨ ਲਈ ਕਿਸਾਨਾਂ ਨੂੰ ਸੈਲਫ ਹੈਲਪ ਗਰੁੱਪ ਤੇ ਐੱਫ. ਪੀ. ਓ. ਵਰਗੀਆਂ ਸੰਸਥਾਵਾਂ ਬਣਾਉਣ ਤੇ ਨਾਲ ਜੁੜਨ ਲਈ ਉਤਸ਼ਾਹਤ ਕੀਤਾ ਗਿਆ।ਇਨ੍ਹਾਂ ਕੈਂਪ ਵਿੱਚ ਕਿਸਾਨਾਂ ਤੇ ਬੀਬੀਆਂ ਨੇ ਵਧ ਚੜ੍ਹ ਕੇ ਭਾਗ ਲਿਆ ਤੇ ਖੇਤੀ ਮਾਹਰਾਂ ਨਾਲ ਆਪਣੀਆਂ ਸਮੱਸਿਆਵਾਂ ਸਾਂਝੀਆਂ ਕੀਤੀਆਂ।

# ਸਰਕਾਰ ਮੈਡੀਕਲ ਪ੍ਰੈਕਟੀਸ਼ਨਰਾਂ ਨਾਲ ਕੀਤਾ ਵਾਅਦਾ ਲਾਗੂ ਕਰੇ : ਗੋਇਲ



**ਮਾਨਸਾ/ਭੀਖੀ (ਆਤਮਾ ਸਿੰਘ ਪਮਾਰ)**
ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿ. 295 ਜ਼ਿਲ੍ਹਾ ਮਾਨਸਾ ਬਲਾਕ ਭੀਖੀ ਦੀ ਬਲਾਕ ਪੱਧਰੀ ਵਿਸ਼ੇਸ਼ ਮੀਟਿੰਗ ਬਲਾਕ ਪ੍ਰਧਾਨ ਡਾ. ਸਤਵੰਤ ਸਿੰਘ ਮੋਹਰ ਸਿੰਘ ਵਾਲਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਸੂਬਾ ਪ੍ਰਧਾਨ ਵੈਦ ਧੰਨਾ ਮੱਲ ਗੋਇਲ ਤੇ ਜ਼ਿਲ੍ਹਾ ਪ੍ਰਧਾਨ ਡਾ. ਸੱਤਪਾਲ ਰਿਸ਼ੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਮੀਟਿੰਗ ਦੀ ਸ਼ੁਰੂਆਤ ਕਰਦਿਆਂ ਰੋਜ਼ਾਨਾ 'ਨਵਾਂ ਜ਼ਮਾਨਾ' ਦੇ ਪ੍ਰਿੰਟਰ, ਪਬਲਿਸ਼ਰ ਐਡਵੋਕੇਟ ਗੁਰਮੀਤ ਸਿੰਘ ਸੁਗਲੀ ਦੇ ਅਚਾਨਕ ਵਿਛੋੜੇ ਤੇ ਬਲਾਕ ਬਰੇਟਾ ਦੇ ਸਾਥੀ ਬਹਾਲ ਸਿੰਘ ਅਤੇ ਜਸਵਿੰਦਰ ਸਿੰਘ ਦੀ ਦਰਦਨਾਕ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਸ਼ਰਧਾਂਜਲੀ ਵੀ ਭੇਟ ਕੀਤੀ ਗਈ ਅਤੇ ਪਹੁੰਚੇ ਆਗੂਆਂ ਤੇ ਮੈਂਬਰ ਸਾਥੀਆਂ ਨੂੰ ਜੀ ਆਇਆਂ ਕਿਹਾ ਗਿਆ ਅਤੇ ਜਥੇਬੰਦੀ ਦਾ ਝੰਡਾ ਵੀ ਲਹਿਰਾਇਆ। ਆਗੂਆਂ ਵੱਲੋਂ ਜਥੇਬੰਦੀ ਦੇ ਇਤਿਹਾਸ ਸਬੰਧੀ ਜਾਣਕਾਰੀ ਦਿੰਦਿਆਂ 29ਵੀਂ ਵਰ੍ਹੇਗੰਢ ਦੀਆਂ ਸੰਗਰਾਮੀ ਮੁਬਾਰਕਾਂ ਦਿੱਤੀਆਂ ਤੇ ਸ਼ਾਨਾਮੱਤਾ ਇਤਿਹਾਸ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਮਾਰਚ 1996 ਵਿੱਚ ਵੱਖ ਵੱਖ ਨਾਂਅ ਹੇਠ ਕੰਮ ਕਰਦੀਆਂ ਕਈ ਜਥੇਬੰਦੀਆਂ ਵੱਲੋਂ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਨਾਂਅ ਦੀ ਜਥੇਬੰਦੀ ਦੀ ਸਥਾਪਨਾ ਕੀਤੀ ਗਈ ਅਤੇ ਮਈ 1997 ਵਿੱਚ ਰਜਿਸਟ੍ਰੇਸ਼ਨ ਕਰਵਾਈ ਗਈ। ਪੰਜਾਬ ਅੰਦਰ ਅਣ-ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰਾਂ ਦੀਆਂ ਮੰਗਾਂ ਸਬੰਧੀ ਸੰਘਰਸ਼ ਕਰਨ ਵਾਲੀ ਪਹਿਲੀ ਸੰਸਥਾ ਵਜੋਂ ਮਾਣ ਹਾਸਲ ਕੀਤਾ। ਸੂਬਾ ਕਮੇਟੀ ਵੱਲੋਂ ਪਿਰਤ ਅਨੁਸਾਰ ਲੁਧਿਆਣਾ ਜ਼ਿਮਨੀ ਚੋਣ ਲੜ ਰਹੇ ਉਮੀਦਵਾਰਾਂ ਨੂੰ ਸਵਾਲ ਕਰਦਿਆਂ ਮੰਗ ਪੱਤਰ ਵੀ ਦਿੱਤੇ ਗਏ। ਬੁਲਾਰਿਆਂ ਨੇ ਭਵਿੱਖੀ ਚਣੌਤੀਆਂ ਦਾ ਜ਼ਿਕਰ ਕਰਦਿਆਂ ਖਬਰਦਾਰ ਕੀਤਾ ਕਿ ਆਉਣ ਵਾਲਾ ਸਮਾਂ ਚਣੌਤੀਆਂ ਭਰਿਆ ਹੈ। ਚੋਣਾਂ ਸਮੇਂ ਵਾਅਦੇ, ਲਾਰੇ ਤੇ ਸਬਜ਼ਬਾਗ ਦਿਖਾ ਕੇ ਕੁਰਸੀ ਹਾਸਲ ਕਰਨ ਤੋਂ ਬਾਅਦ ਲੋਕ ਸਮੱਸਿਆਵਾਂ ਨੂੰ ਅੱਖੋਂ ਪਰੋਖੇ ਕਰਨ ਦਾ ਸਿਲਸਿਲਾ ਨਿਰੰਤਰ ਜਾਰੀ ਹੈ। ਵੈਦ ਧੰਨਾ ਮੱਲ ਗੋਇਲ ਤੇ ਜ਼ਿਲ੍ਹਾ ਪ੍ਰਧਾਨ ਡਾ. ਸੱਤਪਾਲ ਰਿਸ਼ੀ ਨੇ ਦੱਸਿਆ ਕਿ ਸੂਬਾ ਕਮੇਟੀ ਨਾਲ 26 ਨਵੰਬਰ 2024 ਨੂੰ ਸਿਹਤ ਮੰਤਰੀ ਨਾਲ ਹੋਈ ਪੈਨਲ ਮੀਟਿੰਗ ਵਿੱਚ ਟ੍ਰੇਨਿੰਗ ਸ਼ੁਰੂ ਕਰਵਾਉਣ ਦੇ ਫੈਸਲੇ ਨੂੰ ਲਾਗੂ ਕਰਵਾਉਣ ਲਈ ਵਿਉਂਤਬੰਦੀ ਕਰਦਿਆਂ ਸੂਬਾ ਕਮੇਟੀ ਨੇ ਜ਼ੋਨ ਪੱਧਰੀ ਕਨਵੈਨਸ਼ਨਾਂ ਦੀ ਤਿਆਰੀ ਲਈ ਬਲਾਕ ਤੇ ਜ਼ਿਲ੍ਹਾ ਪੱਧਰੀ ਵਿਸ਼ੇਸ਼ ਮੀਟਿੰਗਾਂ ਤੋਂ ਸ਼ੁਰੂ ਕਰਕੇ ਕੀਤੀ ਜਾਵੇ, ਜਿਸ ਲੜੀ ਵਜੋਂ ਅੱਜ ਸਤੀ ਮੰਦਰ ਵਖੇ ਬਲਾਕ ਭੀਖੀ ਵੱਲੋਂ ਜੋਸ਼ੋ ਖਰੋਸ਼ ਨਾਲ ਸਥਾਪਨਾ ਦੀ 29ਵੇਂ ਵਰ੍ਹੇਗੰਢ ਦੀਆਂ ਸੰਗਰਾਮੀ ਮੁਬਾਰਕਾਂ ਦਿੰਦਿਆਂ ਅਕਾਸ਼ ਗੁਜਾਊਂ ਨਾਹਰਿਆਂ ਦੀ ਗੂੰਜ ਵਿੱਚ ਕੇਕ ਵੀ ਕੱਟਿਆ ਗਿਆ ਅਤੇ ਜਥੇਬੰਦਕ ਨਿਯਮਾਂ ਦੀ ਪਾਲਣਾ ਕਰਦਿਆਂ ਨਿੱਜਤਾ ਤੋਂ ਉੱਪਰ ਉੱਠ, ਭਰਾਤਰੀ ਸਾਂਝ ਨੂੰ ਹੋਰ ਪਕੇਰਾ ਕਰਦਿਆਂ ਤਨਦੇਹੀ ਨਾਲ ਅੱਗੇ ਆਉਣ ਦਾ ਸੱਦਾ ਦਿੱਤਾ। ਸੰਯੁਕਤ ਕਿਸਾਨ ਮੋਰਚੇ ਵੱਲੋਂ ਅਮਰੀਕਾ ਤੇ ਹੋਰ ਦੇਸ਼ਾਂ ਨਾਲ ਕਰ ਮੁਕਤ ਵਪਾਰ ਸਮਝੌਤੇ ਖਿਲਾਫ ਪੂਰੇ ਪੰਜਾਬ ਅੰਦਰ ਵੰਡੇ ਜਾ ਰਹੇ ਹੱਥ ਪਰਚਿਆਂ ਨੂੰ ਵੀ ਮੀਟਿੰਗ ਵਿੱਚ ਰਿਲੀਜ਼ ਕੀਤਾ ਗਿਆ ਅਤੇ ਘਰ ਪਹੁੰਚਾਉਣ ਦਾ ਅਹਿਦ ਕੀਤਾ। ਇਸ ਸਮੇਂ ਬਲਾਕ ਸਕੱਤਰ ਡਾ. ਪਾਲ ਸਿੰਘ ਦਲੇਲ ਸਿੰਘ ਵਾਲਾ, ਕੈਸ਼ੀਅਰ ਡਾ. ਮਨਜੀਤ ਸਿੰਘ ਅਤਲਾ, ਸਹਾਇਕ ਸਕੱਤਰ ਡਾ. ਜੀਵਨ ਸਿੰਘ ਫਫੜੇ, ਡਾ. ਰਾਮ ਲਾਲ ਭੀਖੀ, ਸੱਤਪਾਲ ਸ਼ਰਮਾ, ਡਾ. ਰਣਬੀਰ ਸਿੰਘ ਹੀਰੋ, ਡਾ. ਬਲਵਿੰਦਰ ਸਿੰਘ, ਡਾ. ਲਵਪ੍ਰੀਤ ਫਰਮਾਹੀ, ਸ਼ਿੰਗਾਰਾ ਸਿੰਘ ਧਲੇਵਾਂ ਆਦਿ ਸਾਥੀ ਮੌਜੂਦ ਸਨ। ਅਖੀਰ ਵਿੱਚ ਪਹੁੰਚੇ ਸਮੂਹ ਸਾਥੀਆਂ ਦਾ ਧੰਨਵਾਦ ਕਰਦਿਆਂ ਬਲਾਕ ਆਗੂਆਂ ਵੱਲੋਂ ਸੂਬਾ ਤੇ ਜ਼ਿਲ੍ਹਾ ਕਮੇਟੀ ਵੱਲੋਂ ਆਏ ਫੈਸਲਿਆਂ ਨੂੰ ਤਨਦੇਹੀ ਨਾਲ ਲਾਗੂ ਕਰਨ ਦਾ ਵੀ ਅਹਿਦ ਕੀਤਾ ਗਿਆ।

## ਪ੍ਰਦੀਪ ਗਰਗ ਨੇ ਸਾਥੀਆਂ ਸਣੇ ਲੁਧਿਆਣਾ 'ਚ ਚੋਣ ਪ੍ਰਚਾਰ ਕੀਤਾ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਜਨਰਲ ਸਕੱਤਰ ਪ੍ਰਦੀਪ ਗਰਗ ਨੇ ਲੁਧਿਆਣਾ ਜ਼ਿਮਨੀ ਚੋਣ 'ਚ ਪਾਰਟੀ ਉਮੀਦਵਾਰ ਜੀਵਨ ਗੁਪਤਾ ਨੇ ਹੱਕ ਵਿੱਚ ਡੋਰ ਟੂ ਡੋਰ ਪ੍ਰਚਾਰ ਕਰਦਿਆਂ ਲੋਕਾਂ ਨੂੰ ਭਾਜਪਾ ਉਮੀਦਵਾਰ ਨੂੰ ਜੇਤੂ ਬਣਾਉਣ ਦੀ ਅਪੀਲ ਕੀਤੀ। ਇਸ ਮੌਕੇ, ਜ਼ਿਲ੍ਹਾ ਪ੍ਰਧਾਨ ਧਰਮਿੰਦਰ ਸਿੰਘ ਦੁੱਲਟ, ਸੂਬਾਈ ਆਗੂ ਬਰਜੇਸ਼ਵਰ ਗੋਇਲ, ਜ਼ਿਲ੍ਹਾ ਸਕੱਤਰ ਨਰਿੰਦਰ ਕੁਮਾਰ ਆਦਿ ਵੀ ਹਾਜ਼ਰ ਸਨ। ਸ੍ਰੀ ਪ੍ਰਦੀਪ ਗਰਗ ਨੇ ਲੋਕਾ ਨੂੰ ਭਾਜਪਾ ਦੀਆਂ ਨੀਤੀਆਂ ਤੋਂ ਜਾਣੂ ਕਰਾਉਂਦਿਆਂ ਕਿਹਾ ਕਿ ਸੂਬਾ ਸਰਕਾਰ ਦੀਆਂ ਮਾੜੀਆਂ ਨੀਤੀਆ ਕਾਰਨ ਕੇਂਦਰ ਸਰਕਾਰ ਦੀਆਂ ਨੀਤੀਆਂ ਦਾ ਪੂਰਾ ਲਾਭ ਸੂਬਾ ਵਾਸੀਆਂ ਤੱਕ ਨਹੀਂ ਪਹੁੰਚ ਰਿਹਾ, ਜਦਕਿ ਸੂਬੇ ਵਿੱਚ ਬਹੁਤੀਆਂ ਸਕੀਮਾਂ ਕੇਂਦਰ ਸਰਕਾਰ ਦੀ ਦੇਣ ਹਨ। ਉਨ੍ਹਾਂ ਕਿਹਾ ਕਿ ਪਹਿਲਾਂ ਲੋਕਾਂ ਨੇ ਆਮ ਆਦਮੀ ਪਾਰਟੀ ਤੇ ਕਾਂਗਰਸ ਨੂੰ ਪਰਖ ਕੇ ਵੇਖ ਲਿਆ ਹੈ ਤੇ ਹੁਣ ਲੋਕ ਭਾਜਪਾ ਦੇ ਹੱਕ ਵਿੱਚ ਫ਼ਤਵਾ ਦੇਣ ਲਈ ਤਿਆਰ ਬੈਠੇ ਹਨ।

## ਏਮਜ਼ ਵੱਲੋਂ ਉੱਚ ਦਰਜੇ ਦੀਆਂ ਸਰਜੀਕਲ ਸੇਵਾਵਾਂ ਤਹਿਤ ਸ਼ਾਨਦਾਰ ਨੇਤਰ ਸਰਜੀਕਲ ਪ੍ਰਾਪਤੀ : ਡਾ. ਮੀਨੂ ਸਿੰਘ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਮਾਲਵਾ ਇਲਾਕੇ ਦੇ ਸ਼ਹਿਰ ਬਠਿੰਡਾ ਵਿੱਚ ਸਿਹਤ ਸਹੂਲਤਾਂ ਦੇਣ ਲਈ ਪ੍ਰਸਿੱਧ ਏਮਜ਼ ਹਸਪਤਾਲ ਵਿੱਚ ਹੁਣ ਕਈ ਤਰ੍ਹਾਂ ਦੀ ਮੈਡੀਕਲ ਸੁਵਿਧਾ ਉਪਲਬਧ ਹੋ ਰਹੀ ਹੈ।ਹੁਣ ਏਮਜ਼ ਹਸਪਤਾਲ ਦੀ ਟੀਮ ਵੱਲੋਂ ਵੱਡੇ ਯਤਨਾਂ ਕਰਕੇ ਉੱਚ ਦਰਜੇ ਦੀਆਂ ਸਰਜੀਕਲ ਸੇਵਾਵਾਂ ਤਹਿਤ ਸ਼ਾਨਦਾਰ ਨੇਤਰ ਸਰਜੀਕਲ ਪ੍ਰਾਪਤੀ ਕੀਤੀ ਹੈ।ਇਸ ਬਿਆਨ ਜਾਰੀ ਕਰਕੇ ਜਾਣਕਾਰੀ ਦਿੰਦੇ ਹੋਏ ਕਾਰਜਕਾਰੀ ਨਿਰਦੇਸ਼ਕ ਪ੍ਰੋਫ਼ੈਸਰ ਡਾ. ਮੀਨੂ ਸਿੰਘ, ਸੰਸਥਾਪਕ ਨਿਰਦੇਸ਼ਕ ਪ੍ਰੋਫ਼ੈਸਰ ਡਾ. ਡੀ. ਕੇ. ਸਿੰਘ, ਪ੍ਰੋਫ਼ੈਸਰ ਡਾ. ਅਖਿਲੇਸ਼ ਪਾਠਕ (ਡੀਨ ਅਕਾਦਮਿਕ), ਪ੍ਰੋਫ਼ੈਸਰ ਡਾ. ਰਾਜੀਵ ਗੁਪਤਾ (ਮੈਡੀਕਲ ਸੁਪਰਡੈਂਟ) ਤੇ ਪ੍ਰੋਫ਼ੈਸਰ ਅਨੁਰਾਧਾ ਰਾਜ (ਐੱਚਓਡੀ ਨੇਤਰ ਵਿਗਿਆਨ) ਨੇ ਕਿਹਾ ਕਿ ਬੜੀ ਖੁਸ਼ੀ ਹੋ ਰਹੀ ਹੈ ਕਿ ਟੀਮ ਦੀ ਯੋਗ ਅਗਵਾਈ ਹੇਠ, ਏਮਜ਼ ਬਠਿੰਡਾ ਨੇ ਹੁਣ ਪਾਰਸ ਪਲਾਨਾ ਵਿਟੈਕਟੋਮੀ ਸਮੇਤ ਉੱਚ-ਅੰਤ ਦੀਆਂ ਸਰਜੀਕਲ ਵਿਟੀਓਰੇਟੀਨਾ ਸੇਵਾਵਾਂ ਸ਼ੁਰੂ ਕੀਤੀਆਂ ਹਨ।ਉਨ੍ਹਾਂ ਕਿਹਾ ਕਿ ਇਹ ਪ੍ਰਾਪਤੀ ਅਤਿ-ਆਧੁਨਿਕ ਕੰਸਟੇਲੇਸ਼ਨ ਵਿਜ਼ਨ ਸਿਸਟਮ ਦੀ ਸਥਾਪਨਾ ਤੋਂ ਬਾਅਦ ਹੋਈ, ਜੋ ਕਿ ਉੱਨਤ ਵਿਟ੍ਰੀਓਰੇਟੀਨਾਲ ਸਰਜਰੀਆਂ ਲਈ ਇੱਕ ਅਤਿ-ਆਧੁਨਿਕ ਪਲੇਟਫਾਰਮ ਹੈ।ਡਾ. ਸਾਬੀਆ ਹਾਂਡਾ ਸਹਾਇਕ ਪ੍ਰੋਫ਼ੈਸਰ ਨੇਤਰ ਵਿਗਿਆਨ ਵਿਭਾਗ ਨੇ ਅਨੁਕੂਲ ਦ੍ਰਿਸ਼ਟੀਗਤ ਨਤੀਜੇ ਵਾਲੇ ਮਰੀਜ਼ਾਂ 'ਤੇ ਗੁੰਝਲਦਾਰ ਵਿਟ੍ਰੀਓਰੇਟੀ ਨਾਲ ਸਰਜਰੀਆਂ ਕੀਤੀਆਂ।ਪ੍ਰੋਫ਼ੈਸਰ ਡਾ. ਅਖਿਲੇਸ਼ ਪਾਠਕ (ਡੀਨ ਅਕਾਦਮਿਕ) ਪ੍ਰੋਫ਼ੈਸਰ ਡਾ. ਰਾਜੀਵ ਗੁਪਤਾ (ਮੈਡੀਕਲ ਸੁਪਰਡੈਂਟ) ਤੇ ਪ੍ਰੋਫ਼ੈਸਰ ਡਾ. ਲੱਜਾ ਦੇਵੀ ਗੋਇਲ (ਡੀਨ ਰਿਸਰਚ) ਨੇ ਵਿਭਾਗ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਅੱਗੇ ਵਧਣ ਲਈ ਪ੍ਰੇਰਿਤ ਕੀਤਾ।ਡਾ. ਅਨੁਰਾਧਾ ਰਾਜ ਨੇ ਕਿਹਾ ਕਿ ਸੰਪੂਰਨ ਸਰਜੀਕਲ ਵਿਟ੍ਰੀਓਰੇਟੀਨਾ ਸੇਵਾਵਾਂ ਦੀ ਸ਼ੁਰੂਆਤ ਇਸ ਖੇਤਰ ਦੇ ਮਰੀਜ਼ਾਂ ਲਈ ਇੱਕ ਵਰਦਾਨ ਸਾਬਿਤ ਹੋਵੇਗੀ।ਇਹ ਪ੍ਰਾਪਤੀ ਸੰਸਥਾ ਦੀ ਉੱਨਤ ਡਾਕਟਰੀ ਦੇਖਭਾਲ ਪ੍ਰਦਾਨ ਕਰਨ ਤੇ ਰੈਟੀਨਾ ਦੇਖਭਾਲ ਸੇਵਾਵਾਂ ਪ੍ਰਦਾਨ ਕਰਨ ਵਿੱਚ ਉੱਤਮਤਾ ਦਾ ਕੇਂਦਰ ਬਣਨ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ।

## ਰੁੱਖਾਂ ਦੇ ਰਾਖੇ ਟੀਮ ਡੀ ਸੀ ਨੂੰ ਮਿਲੀ, ਪਾਰਕਾਂ ਤੇ ਵਾਤਾਵਰਨ ਸੰਭਾਲ ਸੰਬੰਧੀ ਕੰਮਾਂ ਲਈ ਦਿੱਤਾ ਮੰਗ ਪੱਤਰ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਬਠਿੰਡਾ ਦੇ ਵੱਖ ਵੱਖ ਇਲਾਕਿਆਂ ਵਿੱਚ ਲੱਗੇ ਰੁੱਖਾਂ ਦੀ ਸੇਵਾ ਸੰਭਾਲ ਕਰ ਰਹੀ ਰੁੱਖਾਂ ਦੇ ਰਾਖੇ ਟੀਮ ਵਾਤਾਵਰਨ ਸੰਭਾਲ ਤੇ ਪਾਰਕਾਂ ਦੀ ਸੇਵਾ ਸੰਭਾਲ ਲਈ ਡਿਪਟੀ ਕਮਿਸ਼ਨਰ ਬਠਿੰਡਾ ਨੂੰ ਮਿਲੇ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਧਾਨ ਕੰਵਲਜੀਤ ਸਿੰਘ ਭੰਗੂ ਨੇ ਦੱਸਿਆ ਕਿ ਰੁੱਖਾਂ ਦੇ ਰਾਖੇ ਟੀਮ ਵੱਲੋਂ ਬਠਿੰਡਾ ਸ਼ਹਿਰ ਵਿੱਚ ਲੱਗੇ ਰੁੱਖਾਂ ਦੀ ਸੇਵਾ ਸੰਭਾਲ ਕੀਤੀ ਜਾ ਰਹੀ ਹੈ।ਬਠਿੰਡਾ ਦੇ ਫੇਸ ਇੱਕ ਦੇ ਵਾਟਰ ਵਰਕਸ ਵਿੱਚ ਖਾਲੀ ਜਗ੍ਹਾ ਵਾਲੀ ਥਾਂ 'ਤੇ ਜੌਗਰ ਪਾਰਕ ਦੀ ਤਰ੍ਹਾਂ ਸੈਰਗਾਹ ਬਣਾਉਣ ਸਬੰਧੀ ਤੇ ਫੇਸ ਇੱਕ ਦੇ ਗੁਰਦੁਆਰਾ ਸਾਹਿਬ ਤੋਂ ਰਿੰਗ ਰੋਡ ਬਾਈਪਾਸ ਤੱਕ ਸੜਕ ਨੂੰ ਚੌੜਾ ਕਰਨ ਸਬੰਧੀ ਮੰਗ ਪੱਤਰ ਸੌਂਪਿਆ ਗਿਆ।ਟੀਮ ਰੁੱਖਾਂ ਦੇ ਰਾਖੇ ਦੇ ਮੈਂਬਰ ਰਿੰਪੀ ਨੇ ਦੱਸਿਆ ਕਿ ਬਠਿੰਡਾ ਕੇਂਟ ਰਿੰਗ ਰੋਡ ਬਾਈਪਾਸ ਦੇ ਨਾਲ ਅੰਡਰਬ੍ਰਿਜ ਦੇ ਕੋਲ ਬੀ ਐਂਡ ਆਰ ਦੀ ਜਗ੍ਹਾ ਤੇ ਪਾਰਕ ਬਣਾਉਣ ਸਬੰਧੀ ਅਤੇ ਰੁੱਖਾਂ ਦੇ ਰਾਖੇ ਟੀਮ ਨੂੰ ਆਉਣ ਵਾਲੇ ਦਿਨਾ 'ਚ ਨਵੇਂ ਪੌਦੇ ਲਗਾਉਣ ਲਈ ਟ੍ਰੀ ਗਾਰਡ ਮੁਹੱਈਆ ਕਰਵਾਉਣ ਸਬੰਧੀ ਡਿਪਟੀ ਕਮਿਸ਼ਨਰ ਬਠਿੰਡਾ ਪਾਸੋਂ ਮੰਗ ਕੀਤੀ ਗਈ ਹੈ।ਇਸ ਮੌਕੇ ਸਮਾਜਸੇਵੀ ਗੁਰਵਿੰਦਰ ਸ਼ਰਮਾ, ਪਾਲੀ ਸਿਵਿਆਂ, ਗੁਰਦੀਪ ਮਠਾੜੂ, ਚਰਨਜੀਤ ਸਿੰਘ ਜਟਾਨਾ, ਤਰੁਣ ਜੈਦਕਾ, ਪ੍ਰਭਜੀਤ ਸਿੰਘ ਹਾਜ਼ਰ ਸਨ।

## ਸੰਕਲਪ ਸੁਸਾਇਟੀ ਨੇ ਮਨਾਇਆ ਵਿਸ਼ਵ ਬਾਲ ਮਜ਼ਦੂਰੀ ਵਿਰੁੱਧ ਦਿਨ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸੰਕਲਪ ਐਜੂਕੇਸ਼ਨਲ ਵੈਲਫੇਅਰ ਸੁਸਾਇਟੀ (ਰਜਿ.) ਦੁਆਰਾ ਵਿਸ਼ਵ ਬਾਲ ਮਜ਼ਦੂਰੀ ਵਿਰੁੱਧ ਦਿਨ-2025 ਮਨਾਇਆ ਗਿਆ। ਸੰਸਥਾ ਦੇ ਸੰਸਥਾਪਕ ਪ੍ਰਧਾਨ ਨਰਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਇਸ ਮੌਕੇ ਪਿੰਡ ਬਧਾਈ ਵਿਖੇ ਗਰੋਵਰ ਇੱਟਾਂ ਦੇ ਭੱਠੇ ਉੱਪਰ ਕੰਮ ਕਰਦੇ ਮਜ਼ਦੂਰਾਂ ਨੂੰ ਇਕੱਤਰ ਕਰਕੇ ਦਿਵਸ ਉਪਰ ਚਾਨਣਾ ਪਾਇਆ ਗਿਆ। ਉਨ੍ਹਾਂ ਦੱਸਿਆ ਕਿ ਇਸ ਮੌਕੇ ਮਜ਼ਦੂਰ ਪਰਵਾਰਾਂ ਨੂੰ ਉਨ੍ਹਾਂ ਦੇ ਬੱਚਿਆਂ ਨੂੰ ਸਕੂਲ ਭੇਜਣ ਅਤੇ ਬਾਲ ਮਜ਼ਦੂਰੀ ਨਾ ਕਰਾਉਣ ਦਾ ਪ੍ਰਣ ਲਿਆ ਗਿਆ। ਜ਼ਿਕਰਯੋਗ ਹੈ ਕਿ ਸੰਸਥਾ ਦੁਆਰਾ ਸਮੇਂ-ਸਮੇਂ 'ਤੇ ਮਜ਼ਦੂਰਾਂ ਤੇ ਉਨ੍ਹਾਂ ਦੇ ਬੱਚਿਆਂ ਦੀ ਭਲਾਈ ਲਈ ਉਪਰਾਲੇ ਕੀਤੇ ਜਾਂਦੇ ਹਨ। ਸੰਕਲਪ ਸੁਸਾਇਟੀ ਦੇ ਜਨਰਲ ਸਕੱਤਰ ਸਤਬਿੰਦਰ ਸਿੰਘ ਰਾਜ ਰੁਪਾਣਾ ਨੇ ਦੱਸਿਆ ਕਿ ਦਿਵਸ ਮੌਕੇ ਵਾਤਾਵਰਣ ਦੀ ਸਾਂਭ ਸੰਭਾਲ ਨੂੰ ਲੈ ਕੇ ਛਾਂਦਾਰ ਤੇ ਫਲਦਾਰ ਬੂਟੇ ਵੀ ਲਾਏ ਗਏ। ਕਰੀਬ 100 ਬੱਚਿਆਂ ਨੂੰ ਪੜ੍ਹਾਈ ਲਿਖਾਈ ਦਾ ਸਾਮਾਨ ਮੁਫਤ ਵੰਡਿਆ ਗਿਆ। ਭੱਠੇ ਦੇ ਸੰਚਾਲਕ ਸ੍ਰੀ ਰਾਜੇਸ਼ ਗਰੋਵਰ ਦੁਆਰਾ ਸੰਕਲਪ ਸੁਸਾਇਟੀ ਦੇ ਇਸ ਉਦਮ ਬਦਲੇ ਧੰਨਵਾਦ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਉਹ ਮਜ਼ਦੂਰ ਪਰਵਾਰਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਭੱਠੇ ਉੱਪਰ ਉਨ੍ਹਾਂ ਦੇ ਬੱਚਿਆਂ ਨੂੰ ਸਕੂਲ ਵਿੱਚ ਦਾਖਲ ਕਰਾਉਣ ਅਤੇ ਹਰ ਤਰ੍ਹਾਂ ਦੀਆਂ ਬੁਨਿਆਦੀ ਸਹੂਲਤਾਂ ਦੇਣ ਲਈ ਵਚਨਬੱਧ ਰਹਿੰਦੇ ਹਨ। ਇਸ ਕਾਰਜ ਨੂੰ ਸਿਰੇ ਚੜ੍ਹਨ ਬਦਲੇ ਸੰਧੂ ਨੇ ਭੱਠੇ 'ਤੇ ਸੰਚਾਲਕ ਰਾਜੇਸ਼ ਗਰੋਵਰ, ਏ ਟੂ ਜੈੱਡ ਐਡਵਰਟਾਈਜ਼ਿੰਗ ਦੇ ਐਮ.ਡੀ ਹਰਵਿੰਦਰ ਸਿੰਘ ਹੈਪੀ, ਅਮਰਜੋਤ ਸਿੰਘ ਘਾਰੂ, ਭਵਕੀਰਤ ਸਿੰਘ ਸੰਧੂ, ਅਸੀਮ ਗਰੋਵਰ, ਗਿਆਨੀ, ਕਿਰਨਦੀਪ ਸਿੰਘ ਮੌੜ, ਸਾਹਿਬਮਾਨ ਸਿੰਘ ਸੁਮੀਤ ਸਿੰਘ ਤੇ ਰਾਹੁਲ ਕੁਮਾਰ ਦਾ ਧੰਨਵਾਦ ਕੀਤਾ।

## ਫ਼ਸਲੀ ਵਿਭਿੰਨਤਾ ਨੂੰ ਉਤਸ਼ਾਹਤ ਕਰਨ ਲਈ ਮੱਕੀ ਦੀ ਬਿਜਾਈ ਕਰਨ ਲਈ ਕੀਤਾ ਪ੍ਰੇਰਤ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਪੰਜਾਬ ਸਰਕਾਰ ਵੱਲੋਂ ਮੱਕੀ ਪਾਇਲਟ ਪ੍ਰੋਜੈਕਟ ਤਹਿਤ ਫਸਲੀ ਵਿਭਿੰਨਤਾ ਨੂੰ ਉਤਸ਼ਾਹਤ ਕਰਨ ਲਈ ਕਿਸਾਨਾਂ ਨੂੰ ਜ਼ਿਲ੍ਹਾ ਸੰਗਰੂਰ ਵਿੱਚ ਸਾਉਣੀ ਮੱਕੀ ਦੀ ਬਿਜਾਈ ਕਰਨ ਲਈ ਲਗਾਤਾਰ ਪ੍ਰੇਰਤ ਕੀਤਾ ਜਾ ਰਿਹਾ ਹੈ। ਇਸੇ ਕੜੀ ਵਿੱਚ ਡਿਪਟੀ ਕਮਿਸ਼ਨਰ ਸੰਗਰੂਰ ਸੰਦੀਪ ਰਿਸ਼ੀ ਆਈ.ਏ.ਐੱਸ. ਵੱਲੋਂ ਬਲਾਕ ਸੰਗਰੂਰ ਦੇ ਪਿੰਡ ਲੋਹਾਖੇੜਾ ਦੇ ਅਗਾਂਹਵਧੂ ਕਿਸਾਨ ਚਮਕੌਰ ਸਿੰਘ ਪੁੱਤਰ ਗੁਰਮੀਤ ਸਿੰਘ, ਜਿਨ੍ਹਾਂ ਵੱਲੋਂ 5 ਏਕੜ ਰਕਬੇ ਵਿੱਚ ਸਾਉਣੀ ਮੱਕੀ ਦੀ ਬਿਜਾਈ ਕੀਤੀ ਜਾ ਰਹੀ ਹੈ, ਦੇ ਖੇਤ ਦਾ ਵਿਸ਼ੇਸ਼ ਤੌਰ 'ਤੇ ਦੌਰਾ ਕਰਕੇ ਕਿਸਾਨਾਂ ਨੂੰ ਸਾਉਣੀ ਮੱਕੀ ਦੀ ਬਿਜਾਈ ਕਰਨ ਲਈ ਪ੍ਰੇਰਿਤ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਕੀਤੀ ਗਈ ਘੋਸ਼ਣਾ ਅਨੁਸਾਰ ਜਿਹੜਾ ਕਿਸਾਨ ਸਾਉਣੀ ਮੱਕੀ ਦੀ ਬਿਜਾਈ ਕਰਦਾ ਹੈ, ਉਸਨੂੰ ਸਰਕਾਰ ਵੱਲੋਂ 17,500 ਰੁਪਏ ਪ੍ਰਤੀ ਹੈਕਟੇਅਰ ਵਿੱਤੀ ਸਹਾਇਤਾ ਦਿੱਤੀ ਜਾਣੀ ਹੈ ਤੇ ਇਸਦੇ ਨਾਲ ਹੀ ਸਰਕਾਰ ਵੱਲੋਂ ਮੱਕੀ ਦੀ ਫਸਲ ਦਾ ਘੱਟੋ-ਘੱਟ ਸਮਰਥਨ ਮੁੱਲ 2400 ਰੁਪਏ ਨਿਰਧਾਰਤ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਮੱਕੀ ਦੀ ਫ਼ਸਲ ਕਿਸਾਨਾਂ ਨੂੰ ਝੋਨੇ-ਕਣਕ ਦੇ ਫਸਲੀ ਚੱਕਰ ਵਿੱਚੋਂ ਕੱਢ ਸਕਦੀ ਹੈ ਤੇ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਵਿਚ ਵੀ ਯੋਗਦਾਨ ਪਾ ਸਕਦੀ ਹੈ। ਇਸ ਮੌਕੇ ਮੁੱਖ ਖੇਤੀਬਾੜੀ ਅਫਸਰ ਸੰਗਰੂਰ ਡਾ. ਧਰਮਿੰਦਰਜੀਤ ਸਿੰਘ ਸਿੱਧੂ ਨੇ ਦੱਸਿਆ ਕਿ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਤੇ ਕ੍ਰਮਚਾਰੀਆਂ ਵੱਲੋਂ ਕਿਸਾਨਾਂ ਨਾਲ ਲਗਾਤਾਰ ਰਾਬਤਾ ਕਾਇਮ ਕਰਕੇ ਵੱਧ ਤੋਂ ਵੱਧ ਮੱਕੀ ਬੀਜਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਸਾਉਣੀ ਮੱਕੀ ਦੀ ਬਿਜਾਈ ਕਰਨ ਲਈ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਦੀ ਚੋਣ, ਨਦੀਨਾਂ ਤੋਂ ਬਚਾਅ ਤੇ ਖਾਦਾਂ ਦੀ ਵਰਤੋਂ ਸੰਬੰਧੀ ਵਿਸਥਾਰ ਵਿੱਚ ਚਰਚਾ ਕੀਤੀ। ਇਸ ਤੋਂ ਇਲਾਵਾ ਬਲਾਕ ਖੇਤੀਬਾੜੀ ਅਫਸਰ ਸੰਗਰੂਰ ਡਾ. ਅਮਰਜੀਤ ਸਿੰਘ ਨੇ ਮੌਕੇ ਤੇ ਮੌਜੂਦ ਕਿਸਾਨਾਂ ਨੂੰ ਦੱਸਿਆ ਕਿ ਮੱਕੀ ਦੀ ਖਪਤ ਏਥਾਨੋਲ ਫੈਕਟਰੀਆਂ ਵਿੱਚ ਲਗਾਤਾਰ ਵਧ ਰਹੀ ਹੈ, ਜਿਸ ਕਰਕੇ ਕਿਸਾਨਾਂ ਨੂੰ ਚੰਗਾ ਮੁਨਾਫ਼ਾ ਪ੍ਰਾਪਤ ਹੋ ਸਕਦਾ ਹੈ ਅਤੇ ਮੱਕੀ ਦੀ ਫਸਲ ਦੇ ਮੰਡੀਕਰਨ ਵਿੱਚ ਵੀ ਕੋਈ ਸਮੱਸਿਆ ਨਹੀਂ ਆਵੇਗੀ। ਖੇਤੀਬਾੜੀ ਵਿਕਾਸ ਅਫਸਰ ਸੰਗਰੂਰ ਡਾ: ਪਰਮਿੰਦਰ ਸਿੰਘ ਬੁੱਟਰ ਨੇ ਦੱਸਿਆ ਕਿ ਸਾਉਣੀ ਮੱਕੀ ਦੀ ਬਿਜਾਈ ਕਰਨ ਵਾਲੇ ਕਿਸਾਨ ਆਪਣੇ ਬੀਜੇ ਰਕਬੇ ਦੀ ਰਜਿਸਟ੍ਰੇਸ਼ਨ ਖੇਤੀਬਾੜੀ ਦਫਤਰ ਨਾਲ ਸੰਪਰਕ ਕਰਕੇ ਦਫਤਰ ਪਾਸੋਂ ਹੀ ਕਰਾ ਸਕਦੇ ਹਨ।

ਸ਼ਨੀਵਾਰ, 14 ਜੂਨ, 2025
32 ਜੇਠ { ਨਾਨਕਸ਼ਾਹੀ 557 / ਬਿਕਰਮੀ 2082 }
ਜਿਲਦ/VOL. : 74
ਅੰਕ/NO. : 13

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SATURDAY, 14 JUNE, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in

# ਈਰਾਨ-ਇਜ਼ਰਾਇਲ 'ਚ ਜੰਗ ਦੇ ਬੱਦਲ

## ਇਜ਼ਰਾਇਲੀ ਹਮਲੇ 'ਚ ਈਰਾਨ ਦੇ 20 ਸੀਨੀਅਰ ਕਮਾਂਡਰਾਂ ਦੀ ਮੌਤ



**ਤਹਿਰਾਨ** : ਈਰਾਨ 'ਚ ਸ਼ੁੱਕਰਵਾਰ ਵਾਲਾ ਦਿਨ ਜੁੰਮੇ ਦੇ ਚਲਦੇ ਛੁੱਟੀ ਹੁੰਦੀ ਹੈ, ਪਰ ਇਜ਼ਰਾਇਲ ਨੇ ਇਸ ਦਿਨ ਨੂੰ ਹਮਲੇ ਲਈ ਚੁਣਿਆ ਅਤੇ ਤੜਕੇ 3 ਵਜੇ ਤੋਂ ਹੀ ਮਿਜ਼ਾਇਲਾਂ ਨਾਲ ਹਮਲੇ ਹੋ ਰਹੇ ਹਨ। ਇਜ਼ਰਾਇਲ ਨੇ ਤਹਿਰਾਨ ਤੋਂ ਇਲਾਵਾ ਈਰਾਨ ਦੇ ਪ੍ਰਮਾਣੂ ਟਿਕਾਣਿਆਂ 'ਤੇ ਵੀ ਹਮਲੇ ਕੀਤੇ ਹਨ।

ਮਿਲੀ ਜਾਣਕਾਰੀ ਅਨੁਸਾਰ ਈਰਾਨ ਦੇ ਆਰਮੀ ਚੀਫ਼ ਮੁਹੰਮਦ ਬਾਘੇਰੀ ਮਾਰੇ ਗਏ ਹਨ ਤੇ ਉਥੇ ਹੀ ਇਸਲਾਮਿਕ ਰੈਵੋਲੂਸ਼ਨਰੀ ਗਾਰਡਜ਼ ਦੇ ਚੀਫ਼ ਹੁਸੈਨ ਸਲਾਮੀ ਦੀ ਵੀ ਮੌਤ ਹੋ ਗਈ ਹੈ। ਸੂਤਰਾਂ ਵੱਲੋਂ ਦੱਸਿਆ ਇਹ ਵੀ ਜਾ ਰਿਹਾ ਹੈ ਕਿ ਇਜ਼ਰਾਇਲੀ ਹਮਲੇ 'ਚ ਈਰਾਨ ਦੇ 20 ਟਾਪ ਮਿਲਟਰੀ ਕਮਾਂਡਰ ਵੀ ਮਾਰੇ ਗਏ। ਇਸ ਤੋਂ ਬਾਅਦ ਹੁਣ ਇਜ਼ਰਾਇਲ ਨੂੰ ਈਰਾਨੀ ਹਮਲੇ ਦਾ ਡਰ ਸਤਾ ਰਿਹਾ ਹੈ। ਇਸ ਹਮਲੇ ਨੇ ਈਰਾਨ ਨੂੰ ਹਿਲਾ ਕੇ ਰੱਖ ਦਿੱਤਾ ਅਤੇ ਅਮਰੀਕਾ ਨਾਲ ਉਸ ਦੀ ਗੱਲਬਾਤ 'ਤੇ ਪਾਣੀ ਫਿਰ ਗਿਆ ਹੈ। ਈਰਾਨ ਦਾ ਕਹਿਣਾ ਹੈ ਕਿ ਇਜ਼ਰਾਇਲ ਦੇ ਹਮਲਿਆਂ ਦੇ ਪਿੱਛੇ ਅਮਰੀਕਾ ਵੀ ਹੈ, ਜਿਸ ਤੋਂ ਟਰੰਪ ਪ੍ਰਸ਼ਾਸਨ ਨੇ ਇਨਕਾਰ ਕੀਤਾ ਹੈ।

ਇਸੇ ਦੌਰਾਨ ਈਰਾਨ ਨੇ ਇਜ਼ਰਾਇਲ 'ਤੇ ਜਵਾਬੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਜ਼ਰਾਇਲੀ ਹਮਲੇ ਦੇ ਜਵਾਬ 'ਚ ਈਰਾਨ ਨੇ 100 ਡਰੋਨ ਛੱਡੇ। ਉਥੇ ਹੀ ਇਜ਼ਰਾਇਲ ਦਾ ਕਹਿਣਾ ਹੈ ਕਿ ਉਸ ਨੇ ਈਰਾਨ ਤੋਂ ਭੇਜੇ 100 ਡਰੋਨ ਨੂੰ ਅਸਮਾਨ 'ਚ ਹੀ ਮਾਰ ਦਿੱਤਾ ਹੈ। ਅਲੀ ਖਾਮਨੇਈ ਨੇ ਇਜ਼ਰਾਇਲ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਤਹਿਰਾਨ 'ਤੇ ਹਮਲੇ ਦਾ ਹਿਸਾਬ ਖ਼ੂਨ ਦੇ ਬਦਲੇ ਖ਼ੂਨ ਦੀ ਤਰਜ਼ 'ਤੇ ਲਿਆ ਜਾਵੇਗਾ। ਇਸ ਦੇ ਕੁਝ ਘੰਟੇ ਬਾਅਦ ਹੀ ਈਰਾਨ ਨੇ ਡਰੋਨ ਹਮਲੇ ਸ਼ੁਰੂ ਕਰ ਦਿੱਤੇ। ਜਾਣਕਾਰੀ ਮੁਤਾਬਕ ਈਰਾਨ ਨੇ ਬੈਲਿਸਟਿਕ ਮਿਜ਼ਾਇਲਾਂ ਨਾਲ ਹਮਲੇ ਦੀ ਵੀ ਤਿਆਰੀ ਕੀਤੀ ਹੈ।

ਈਰਾਨੀ ਫ਼ੌਜ ਦੇ ਬੁਲਾਰੇ ਬ੍ਰਿਗੇਡੀਅਰ ਜਨਰਲ ਅਬੋਲਫਜਲ ਸ਼ੇਕਰਚੀ ਨੇ ਕਿਹਾ— ਇਜ਼ਰਾਇਲ ਨੂੰ ਆਪਣੀ ਗਲਤੀ ਦੀ ਵੱਡੀ ਕੀਮਤ ਚੁਕਾਉਣਗੀ ਪਵੇਗੀ। ਸ਼ੇਕਰਚੀ ਨੇ ਦੋਸ਼ ਲਾਇਆ ਕਿ ਇਜ਼ਰਾਇਲ ਨੇ ਤਹਿਰਾਨ 'ਚ ਰਹਿਣ ਵਾਲੇ ਆਮ ਲੋਕਾਂ ਨੂੰ ਨਿਸ਼ਾਨਾ ਬਣਾਇਆ ਹੈ। ਉਨ੍ਹਾ ਹਮਲੇ ਨੂੰ ਸ਼ਰਮਨਾਕ ਦੱਸਦੇ ਹੋਏ ਇਸ ਲਈ ਅਮਰੀਕਾ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਉਨ੍ਹਾ ਕਿਹਾ ਕਿ ਅਸੀਂ ਜਵਾਬੀ ਹਮਲੇ ਲਈ ਤਿਆਰ ਹਾਂ। ਇਸੇ ਦੌਰਾਨ ਈਰਾਨ ਦੇ ਰੱਖਿਆ ਮੰਤਰੀ ਅਜ਼ੀਜ਼ ਨਸੀਰਜ਼ਾਦੇਹ ਨੇ ਕਿਹਾ ਕਿ ਇਜ਼ਰਾਇਲ ਸਾਡੀ 'ਕੁਚਲ ਦੇਣ ਵਾਲੀ ਪ੍ਰਤੀਕਿਰਿਆ' ਦਾ ਇੰਤਜ਼ਾਰ ਕਰੇ। ਸੰਯੁਕਤ ਰਾਸ਼ਟਰ ਨੂੰ ਭੇਜੇ ਗਏ ਇੱਕ ਪੱਤਰ 'ਚ ਈਰਾਨ ਨੇ ਇਸ ਹਮਲੇ ਤੋਂ ਬਾਅਦ ਤਤਕਾਲ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੀ ਮੀਟਿੰਗ ਬੁਲਾਉਣ ਦੀ ਮੰਗ ਕੀਤੀ ਹੈ। ਤਹਿਰਾਨ ਨੇ ਇਜ਼ਰਾਇਲੀ ਹਮਲਿਆਂ ਦੀ ਨਿੰਦਾ ਕੀਤੀ। ਯੂ ਐੱਨ ਨੂੰ ਭੇਜੇ ਪੱਤਰ 'ਚ ਈਰਾਨ ਨੇ ਕਿਹਾ, 'ਇਸਲਾਮਿਕ ਰਿਪਬਲਿਕ ਆਫ਼ ਈਰਾਨ ਇਸ ਕਾਇਰਤਾਪੂਰਨ ਅਤੇ ਗੈਰ-ਕਾਨੂੰਨੀ ਹਮਲਿਆਂ ਦਾ ਜਵਾਬ ਆਪਣੇ ਢੰਗ ਨਾਲ ਦੇਵੇਗਾ। ਈਰਾਨ ਦੇ ਸਿਖਰਲੇ ਨੇਤਾ ਆਇਤਉਲਾ ਅਲੀ ਖਾਮਨੇਈ ਨੇ ਇਜ਼ਰਾਇਲ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਇਜ਼ਰਾਇਲ ਨੂੰ ਇਸ ਹਮਲੇ ਦਾ ਅੰਜ਼ਾਮ ਭੁਗਤਣਾ ਹੋਵੇਗਾ। ਈਰਾਨ ਦੇ ਵਿਦੇਸ਼ ਮੰਤਰਾਲੇ ਨੇ ਆਪਣੇ ਬਿਆਨ 'ਚ ਕਿਹਾ, 'ਈਰਾਨ ਦੁਨੀਆ ਭਰ ਦੇ ਇਸਲਾਮਿਕ ਦੇਸ਼ਾਂ, ਗੁੱਟ ਨਿਰਪੇਖ ਅੰਦੋਲਨ (ਐੱਨ ਏ ਐੱਮ) ਦੇ ਮੈਂਬਰ ਦੇਸ਼ਾਂ ਅਤੇ ਉਨ੍ਹਾਂ ਸਾਰੇ ਰਾਸ਼ਟਰਾਂ ਨੂੰ ਅਪੀਲ ਕਰਦਾ ਹੈ, ਜੋ ਵਿਸ਼ਵ ਸ਼ਾਂਤੀ 'ਚ ਵਿਸ਼ਵਾਸ ਰੱਖਦੇ ਹਨ, ਉਹ ਇਸ ਹਮਲੇ ਦੀ ਨਿੰਦਾ ਕਰਨ ਅਤੇ ਮਿਲ ਕੇ ਇਸ ਦਾ ਸਾਹਮਣਾ ਕਰਨ, ਕਿਉਂਕਿ ਇਹ ਸਿਰਫ਼ ਈਰਾਨ 'ਤੇ ਹਮਲਾ ਨਹੀਂ, ਬਲਕਿ ਪੂਰੇ ਖੇਤਰ ਅਤੇ ਵਿਸ਼ਵ ਸ਼ਾਂਤੀ ਲਈ ਖ਼ਤਰੇ ਦੀ ਘੰਟੀ ਹੈ।'

ਭਾਰਤੀ ਦੂਤਾਵਾਸ ਨੇ ਆਪਣੇ ਐੱਕਸ ਅਕਾਊਂਟ 'ਤੇ ਲਿਖਿਆ, 'ਇਜ਼ਰਾਇਲ ਦੀ ਵਰਤਮਾਨ ਸਥਿਤੀ ਨੂੰ ਦੇਖਦੇ ਹੋਏ ਇਜ਼ਰਾਇਲ 'ਚ ਸਾਰੇ ਭਾਰਤੀ ਨਾਗਰਿਕਾਂ ਨੂੰ ਚੌਕਸ ਰਹਿਣ ਦੀ ਸਲਾਹ ਦਿੱਤੀ ਜਾਂਦੀ ਹੈ।' ਦੂਤਾਵਾਸ ਨੇ ਸਲਾਹ ਦਿੱਤੀ ਕਿ ਸਾਰੇ ਭਾਰਤੀ ਨਾਗਰਿਕ ਸਾਵਧਾਨੀ ਵਰਤਣ ਅਤੇ ਦੇਸ਼ ਅੰਦਰ ਜੇ ਜ਼ਰੂਰੀ ਨਾ ਹੋਵੇ ਤਾਂ ਯਾਤਰਾ ਕਰਨ ਤੋਂ ਬਚਣ। ਇਸ ਤੋਂ ਇਲਾਵਾ ਸੁਰੱਖਿਆ ਕੈਂਪਾਂ ਦੇ ਨੇੜੇ ਰਹਿਣ।' ਇਸੇ ਤਰ੍ਹਾਂ ਈਰਾਨ ਨੇ ਵੀ ਭਾਰਤੀਆਂ ਨਾਗਰਿਕਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਚੌਕਸ ਰਹਿਣ।

ਇਸ ਦੌਰਾਨ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬਿਓ ਨੇ ਸਾਫ ਕੀਤਾ ਹੈ ਕਿ ਅਮਰੀਕਾ ਇਸ ਕਾਰਵਾਈ ਦਾ ਹਿੱਸਾ ਨਹੀਂ। ਉਨ੍ਹਾ ਕਿਹਾ, 'ਸਾਡੀ ਪ੍ਰਾਥਮਿਕਤਾ ਸਿਰਫ ਆਪਣੇ ਸੈਨਿਕਾਂ ਦੀ ਸੁਰੱਖਿਆ ਹੈ।'

### ਏਅਰ ਸਪੇਸ ਬੰਦ

ਇਸੇ ਦੌਰਾਨ ਮਿਡਲ ਈਸਟ ਦੇ ਕਈ ਦੇਸ਼ਾਂ ਨੇ ਆਪਣੇ ਏਅਰ ਸਪੇਸ ਨੂੰ ਬੰਦ ਕਰ ਦਿੱਤਾ ਹੈ। ਈਰਾਨ ਅਤੇ ਇਜ਼ਰਾਇਲ ਦੇ ਗੁਆਂਢੀ ਦੇਸ਼ ਇਰਾਕ, ਲਿਬਨਾਨ, ਸੀਰੀਆ ਅਤੇ ਜਾਰਡਨ ਨੇ ਆਪਣੇ ਏਅਰ ਸਪੇਸ ਬੰਦ ਕਰ ਲਏ ਹਨ। ਇਸ ਦੇ ਚਲਦੇ ਕਈ ਦੇਸ਼ਾਂ ਨੂੰ ਪ੍ਰੇਸ਼ਾਨ ਹੋਣੀ ਤੈਅ ਹੈ। ਈਰਾਨ ਦਾ ਏਅਰ ਸਪੇਸ ਬੰਦ ਹੋਣ ਨਾਲ ਭਾਰਤ ਦੀਆਂ ਵੀ ਕਈ ਉਡਾਨਾਂ ਨੂੰ ਵਾਪਸ ਦਿੱਲੀ ਜਾਂ ਮੁੰਬਈ ਆਉਣ ਪਿਆ ਹੈ। ਇਸ ਤੋਂ ਇਲਾਵਾ ਵਿਦੇਸ਼ਾਂ ਤੋਂ ਆ ਰਹੀਆਂ ਫਲਾਈਟਾਂ ਨੂੰ ਤਬਦੀਲ ਕੀਤਾ ਗਿਆ ਹੈ। ਇਜ਼ਰਾਇਲ ਨੇ ਤਾਂ ਆਪਣੇ ਜਹਾਜ਼ਾਂ ਦੀ ਆਵਾਜਾਈ ਅਗਲੀ ਸੂਚਨਾ ਤੱਕ ਰੋਕ ਦਿੱਤੀ ਹੈ। ਈਰਾਨ ਨੇ ਤਹਿਰਾਨ ਦੇ ਆਪਣੇ ਮੁੱਖ ਹਵਾਈ ਅੱਡੇ ਨੂੰ ਬੰਦ ਕਰ ਦਿੱਤਾ ਹੈ। ਮੰਨਿਆ ਜਾ ਰਿਹਾ ਹੈ ਕਿ ਦੋਵਾਂ ਦੇਸ਼ਾਂ ਵਿਚਾਲੇ ਜੰਗ 'ਚ ਤੇਜ਼ੀ ਆ ਸਕਦੀ ਹੈ।

### ਪਹਿਲਾਂ ਤੋਂ ਹੋ ਰਹੀ ਸੀ ਪਲੈਨਿੰਗ

ਇਹ ਹਮਲਾ ਅਚਾਨਕ ਨਹੀਂ ਹੋਇਆ। ਪਿਛਲੇ ਕੁਝ ਮਹੀਨਿਆਂ ਤੋਂ ਦੋਵਾਂ ਦੇਸ਼ਾਂ ਵਿਚਾਲੇ ਤਣਾਅ ਤੇਜ਼ੀ ਨਾਲ ਵਧ ਰਿਹਾ ਸੀ। ਇਜ਼ਰਾਇਲੀ ਖੁਫ਼ੀਆ ਏਜੰਸੀਆਂ ਮੁਤਾਬਕ ਈਰਾਨ ਦੇ ਕੋਲ ਏਨਾ ਯੂਰੇਨੀਅਮ ਇਕੱਠਾ ਹੋ ਚੁੱਕਿਆ ਸੀ ਕਿ ਉਹ ਕੁਝ ਹੀ ਦਿਨਾਂ 'ਚ 15 ਨਿਊਕਲੀਅਰ ਬੰਬ ਬਣਾ ਸਕਦਾ ਸੀ। ਇਹੀ ਕਾਰਨ ਸੀ ਕਿ ਨੇਤਨਯਾਹੂ ਨੇ ਇਸ ਨੂੰ ਰਾਸ਼ਟਰ ਦੀ ਸੁਰੱਖਿਆ ਲਈ ਜ਼ਰੂਰੀ ਕਦਮ ਦੱਸਿਆ ਅਤੇ ਈਰਾਨ 'ਤੇ ਹਮਲਾ ਕਰ ਦਿੱਤਾ।

ਹਾਲਾਂਕਿ ਈਰਾਨ ਨੇ ਇਨ੍ਹਾਂ ਦਾਅਵਿਆਂ ਨੂੰ ਖਾਰਜ ਕੀਤਾ ਹੈ ਅਤੇ ਇਜ਼ਰਾਇਲ 'ਤੇ ਸਾਜ਼ਿਸ਼ ਅਤੇ ਖੇਤਰੀ ਅਸਥਿਰਤਾ ਫੈਲਾਉਣ ਦਾ ਦੋਸ਼ ਲਾਇਆ ਹੈ।

ਈਰਾਨ ਦਾ ਕਹਿਣਾ ਹੈ ਕਿ ਉਹ ਪ੍ਰਮਾਣੂ ਹਥਿਆਰ ਨਹੀਂ ਬਣਾਉਣਾ ਚਾਹੁੰਦਾ ਅਤੇ ਉਸ ਦੀਆਂ ਗਤੀਵਿਧੀਆਂ ਸ਼ਾਂਤੀਪੂਰਨ ਹਨ। ਦਿਲਚਸਪ ਗੱਲ ਇਹ ਹੈ ਕਿ 15 ਜੂਨ ਨੂੰ ਓਮਾਨ 'ਚ ਅਮਰੀਕਾ ਅਤੇ ਈਰਾਨ ਵਿਚਾਲੇ ਨਿਊਕਲੀਅਰ ਗੱਲਬਾਤ ਹੋਣ ਵਾਲੀ ਸੀ, ਪਰ ਹੁਣ ਇਹ ਗੱਲਬਾਤ ਵਿਚਕਾਰ ਹੀ ਲਟਕ ਗਈ ਹੈ।

# ਮਿਲ ਗਿਆ ਬਲੈਕ ਬਾਕਸ

**ਅਹਿਮਦਾਬਾਦ** : ਅਹਿਮਦਾਬਾਦ 'ਚ ਏਅਰ ਇੰਡੀਆ ਫਲਾਈਟ ਏ ਆਈ-171 ਹਾਦਸੇ ਦੇ 27 ਘੰਟੇ ਬਾਅਦ ਸ਼ੁੱਕਰਵਾਰ ਏਅਰਕ੍ਰਾਫ਼ਟ ਐਕਸੀਡੈਂਟ ਇਨਵੈਸਟੀਗੇਸ਼ਨ ਬਿਊਰੋ ਨੇ ਬਲੈਕ ਬਾਕਸ ਨੂੰ ਲੱਭ ਲਿਆ। ਇਹ ਹੋਸਟਲ ਦੀ ਛੱਤ ਤੋਂ ਮਿਲਿਆ। ਇਸ ਜ਼ਰੀਏ ਪਤਾ ਚੱਲ ਸਕਦਾ ਹੈ ਕਿ ਜਹਾਜ਼ ਹਾਦਸਾ ਹੋਣ ਤੋਂ ਪਹਿਲਾਂ ਆਖਰੀ ਪਲਾਂ 'ਚ ਕੀ ਹੋਇਆ ਸੀ।

ਜਹਾਜ਼ ਵਿੱਚ ਦੋ ਮੁੱਖ ਕਿਸਮਾਂ ਦੇ ਬਲੈਕ ਬਾਕਸ ਹੁੰਦੇ ਹਨ, ਫਲਾਈਟ ਡੇਟਾ ਰਿਕਾਰਡਰ ਅਤੇ ਕਾਕਪਿਟ ਵਾਇਸ ਰਿਕਾਰਡਰ। ਫਲਾਈਟ ਡੇਟਾ ਰਿਕਾਰਡਰ ਲਗਭਗ 25,000 ਕਿਸਮਾਂ ਦੀਆਂ ਤਕਨੀਕੀ ਜਾਣਕਾਰੀਆਂ ਰਿਕਾਰਡ ਕਰਦਾ ਹੈ, ਜਿਵੇਂ ਕਿ ਗਤੀ, ਉਚਾਈ, ਦਿਸ਼ਾ, ਇੰਜਣ ਦੀ ਕਾਰਗੁਜ਼ਾਰੀ, ਆਟੋ-ਪਾਇਲਟ ਸਥਿਤੀ, ਜਹਾਜ਼ ਦੀ ਰਾਡਾਰ ਪ੍ਰਣਾਲੀ। ਇਸ ਦੇ ਨਾਲ ਹੀ ਕਾਕਪਿਟ ਵਾਇਸ ਰਿਕਾਰਡਰ ਪਾਇਲਟ ਅਤੇ ਸਹਿ-ਪਾਇਲਟ ਵਿਚਕਾਰ ਗੱਲਬਾਤ, ਕਾਕਪਿਟ ਅਲਾਰਮ, ਕੰਟਰੋਲ ਟਾਵਰ ਨਾਲ ਸੰਚਾਰ ਅਤੇ ਕਿਸੇ ਵੀ ਤਰ੍ਹਾਂ ਦੀਆਂ ਆਵਾਜ਼ਾਂ ਨੂੰ ਰਿਕਾਰਡ ਕਰਦਾ ਹੈ।

### ਛੇ ਲਾਸ਼ਾਂ ਵਾਰਸਾਂ ਹਵਾਲੇ

ਅਹਿਮਦਾਬਾਦ : ਜਹਾਜ਼ ਹਾਦਸੇ ਤੋਂ ਇੱਕ ਦਿਨ ਬਾਅਦ ਸ਼ੁੱਕਰਵਾਰ ਪਛਾਣ ਤੋਂ ਬਾਅਦ ਛੇ ਮ੍ਰਿਤਕਾਂ ਦੀਆਂ ਲਾਸ਼ਾਂ ਉਨ੍ਹਾਂ ਦੇ ਪਰਵਾਰਾਂ ਨੂੰ ਸੌਂਪ ਦਿੱਤੀਆਂ ਗਈਆਂ।ਪੁਲਸ ਨੇ ਕਿਹਾ ਕਿ ਹੋਰ ਲਾਸ਼ਾਂ, ਜੋ ਅੰਸ਼ਕ ਤੌਰ 'ਤੇ ਜਾਂ ਪੂਰੀ ਤਰ੍ਹਾਂ ਸੜੀਆਂ ਹੋਈਆਂ ਹਨ, ਦਾ ਡੀ ਐੱਨ ਏ ਨਮੂਨਿਆਂ ਨਾਲ ਮੇਲ ਕਰਨ ਦੀ ਪ੍ਰਕਿਰਿਆ ਨੂੰ ਪੂਰਾ ਕਰਨ 'ਚ ਲਗਭਗ 72 ਘੰਟੇ ਲੱਗਣਗੇ।ਪੁਲਸ ਇੰਸਪੈਕਟਰ ਚਿਰਾਗ ਗੋਸਾਈ ਨੇ ਕਿਹਾ ਕਿ ਪੋਸਟਮਾਰਟਮ ਲਈ ਅਹਿਮਦਾਬਾਦ ਸਿਵਲ ਹਸਪਤਾਲ 'ਚ ਲਿਆਂਦੀਆਂ ਗਈਆਂ 265 ਲਾਸ਼ਾਂ 'ਚੋਂ ਛੇ ਪੀੜਤਾਂ ਦੀ ਪਛਾਣ ਕੀਤੀ ਗਈ ਹੈ, ਕਿਉਂਕਿ ਉਨ੍ਹਾਂ ਦੇ ਚਿਹਰੇ ਠੀਕ ਸਨ।ਉਨ੍ਹਾਂ ਕਿਹਾ ਕਿ ਹੋਰਨਾਂ ਦੀ ਪਛਾਣ ਕਰਨ ਲਈ ਡੀ ਐੱਨ ਏ ਪ੍ਰੋਫਾਈਲਿੰਗ ਕੀਤੀ ਜਾ ਰਹੀ ਹੈ, ਕਿਉਂਕਿ ਉਨ੍ਹਾਂ ਦੀਆਂ ਲਾਸ਼ਾਂ ਪਛਾਣ ਤੋਂ ਬਾਹਰ ਤੇ ਬੁਰੀ ਤਰ੍ਹਾਂ ਸੜੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ 215 ਮ੍ਰਿਤਕਾਂ ਦੇ ਰਿਸ਼ਤੇਦਾਰਾਂ ਨੇ ਡੀ ਐੱਨ ਏ ਟੈਸਟ ਲਈ ਆਪਣੇ ਨਮੂਨੇ ਦੇਣ ਲਈ ਸਾਡੇ ਨਾਲ ਸੰਪਰਕ ਕੀਤਾ ਹੈ।ਗੋਸਾਈ ਨੇ ਕਿਹਾ ਕਿ ਡੀ ਐੱਨ ਏ ਨਮੂਨਿਆਂ ਨੂੰ ਮੇਲਣ ਦੀ ਪ੍ਰਕਿਰਿਆ ਨੂੰ ਪੂਰਾ ਕਰਨ 'ਚ ਲਗਭਗ 72 ਘੰਟੇ ਲੱਗਣਗੇ। ਇੱਕ ਵਾਰ ਮੈਚ ਹੋਣ ਤੋਂ ਬਾਅਦ ਲਾਸ਼ਾਂ ਪੋਸਟਮਾਰਟਮ ਰੂਮ ਤੋਂ ਰਿਸ਼ਤੇਦਾਰਾਂ ਨੂੰ ਸੌਂਪ ਦਿੱਤੀਆਂ ਜਾਣਗੀਆਂ।

## ਮੈਨੂੰ ਵਿਸ਼ਵਾਸ ਨਹੀਂ ਕਿ ਮੈਂ ਕਿਸ ਤਰ੍ਹਾਂ ਬਚ ਗਿਆ : ਰਮੇਸ਼ ਕੁਮਾਰ



**ਅਹਿਮਦਾਬਾਦ** : ਅਹਿਮਦਾਬਾਦ ਜਹਾਜ਼ ਹਾਦਸੇ 'ਚ ਜਿਊਂਦਾ ਬਚੇ ਇਕਲੌਤੇ ਯਾਤਰੀ ਰਮੇਸ਼ ਵਿਸ਼ਵਾਸ ਨੇ ਦੱਸਿਆ ਕਿ ਮੈਨੂੰ ਵਿਸ਼ਵਾਸ ਨਹੀਂ ਹੁੰਦਾ ਕਿ ਮੈਂ ਕਿਸ ਤਰ੍ਹਾਂ ਜਿਊਂਦਾ ਬਚ ਗਿਆ। ਸ਼ਾਇਦ ਦਰਵਾਜ਼ਾ ਟੁੱਟਿਆ ਅਤੇ ਸੀਟ ਸਮੇਤ ਥੱਲੇ ਡਿੱਗ ਗਿਆ। ਮੈਨੂੰ ਕੁਝ ਯਾਦ ਨਹੀਂ। ਰਮੇਸ਼ ਕੁਮਾਰ ਅਹਿਮਦਾਬਾਦ ਸਿਵਲ ਹਸਪਤਾਲ 'ਚ ਭਰਤੀ ਹੈ। ਪ੍ਰਧਾਨ ਮੰਤਰੀ ਨੇ ਸ਼ੁੱਕਰਵਾਰ ਨੂੰ ਉਸ ਨਾਲ ਮੁਲਾਕਾਤ ਕੀਤੀ ਅਤੇ ਹਾਲਚਾਲ ਪੁੱਛਿਆ। ਦੋਵਾਂ ਵਿਚਕਾਰ ਕਰੀਬ 10 ਮਿੰਟ ਗੱਲਬਾਤ ਹੋਈ। ਰਮੇਸ਼ ਜਹਾਜ਼ ਦੀ 11 ਏ ਸੀਟ 'ਤੇ ਬੈਠਾ ਸੀ। ਹਾਦਸੇ ਤੋਂ ਬਾਅਦ ਘਟਨਾ ਸਥਾਨ ਤੋਂ ਖੁਦ ਪੈਦਲ ਚੱਲ ਕੇ ਬਾਹਰ ਆਇਆ।

## ਬੋਇੰਗ 787 ਡਰੀਮਲਾਈਨਰ ਬੇੜੇ ਦੀ ਜਾਂਚ ਦੇ ਹੁਕਮ

**ਨਵੀਂ ਦਿੱਲੀ** : ਹਵਾਬਾਜ਼ੀ ਨਿਗਰਾਨ ਅਦਾਰੇ ਡੀ ਜੀ ਸੀ ਏ ਨੇ ਸ਼ੁੱਕਰਵਾਰ ਏਅਰ ਇੰਡੀਆ ਦੇ ਬੋਇੰਗ 787 ਡ੍ਰੀਮਲਾਈਨਰ ਦੀ ਫਲੀਟ ਦੀ ਸੁਰੱਖਿਆ ਜਾਂਚ ਵਧਾਉਣ ਦੇ ਹੁਕਮ ਦਿੱਤੇ।ਟਾਟਾ ਗਰੁੱਪ ਦੀ ਮਲਕੀਅਤ ਵਾਲੀ ਏਅਰ ਇੰਡੀਆ ਦੇ ਬੇੜੇ 'ਚ 26 ਬੋਇੰਗ 787-8 ਅਤੇ 7 ਬੋਇੰਗ 787-9 ਜਹਾਜ਼ ਸ਼ਾਮਲ ਹਨ।ਡੀ ਜੀ ਸੀ ਏ ਵੱਲੋਂ ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਉਡਾਣ ਭਰਨ ਤੋਂ ਪਹਿਲਾਂ ਬਾਲਣ ਪੈਰਾਮੀਟਰ ਨਿਗਰਾਨੀ ਅਤੇ ਸੰਬੰਧਤ ਪ੍ਰਣਾਲੀਆਂ ਦੀ ਜਾਂਚ ਕੀਤੀ ਜਾਵੇਗੀ।ਇਸ ਤੋਂ ਇਲਾਵਾ, ਕੈਬਿਨ ਏਅਰ ਕੰਪ੍ਰੈਸ਼ਰ, ਜੁੜੇ ਸਿਸਟਮ, ਇਲੈਕਟ੍ਰਾਨਿਕ ਇੰਜਣ ਨਿਯੰਤਰਣ ਪ੍ਰਣਾਲੀ, ਇੰਜਣ ਬਾਲਣ ਦੁਆਰਾ ਸੰਚਾਲਿਤ ਐਕਚੁਏਟਰ, ਤੇਲ ਪ੍ਰਣਾਲੀ ਹਾਈਡ੍ਰੋਲਿਕ ਪ੍ਰਣਾਲੀ ਦੀ ਸੇਵਾ ਯੋਗਤਾ ਤੇ ਉਡਾਣ ਭਰਨ ਵਾਲੇ ਮਾਪਦੰਡਾਂ ਦੀ ਸੰਚਾਲਨ ਜਾਂਚ ਦੀ ਸਮੀਖਿਆ ਕੀਤੀ ਜਾਵੇਗੀ।ਡੀ ਜੀ ਸੀ ਏ ਨੇ ਕਿਹਾ ਕਿ ਹੁਣ ਆਵਾਜਾਈ ਨਿਰੀਖਣ ਵਿੱਚ ਫਲਾਈਟ ਕੰਟਰੋਲ ਨਿਰੀਖਣ ਲਾਜ਼ਮੀ ਹੋਵੇਗਾ, ਜੋ ਅਗਲੇ ਆਦੇਸ਼ਾਂ ਤੱਕ ਲਾਗੂ ਰਹੇਗਾ।

## ਦਿੱਲੀ ਆ ਰਹੇ ਜਹਾਜ਼ ਦੀ ਐਮਰਜੈਂਸੀ ਲੈਂਡਿੰਗ

**ਨਵੀਂ ਦਿੱਲੀ** : ਏਅਰ ਇੰਡੀਆ ਦੇ ਇੱਕ ਜਹਾਜ਼ ਨੂੰ ਥਾਈਲੈਂਡ ਦੇ ਫੁਕੇਟ 'ਚ ਐਮਰਜੈਂਸੀ ਲੈਂਡਿੰਗ ਕਰਨੀ ਪਈ।ਇਹ ਉਡਾਣ ਫੁਕੇਟ ਤੋਂ ਨਵੀਂ ਦਿੱਲੀ ਆ ਰਹੀ ਸੀ, ਪਰ ਸ਼ੁੱਕਰਵਾਰ ਨੂੰ ਬੰਬ ਦੀ ਧਮਕੀ ਤੋਂ ਬਾਅਦ ਐਮਰਜੈਂਸੀ ਲੈਂਡਿੰਗ ਕਰਨੀ ਪਈ।ਰਿਪੋਰਟ ਅਨੁਸਾਰ ਏਅਰ ਇੰਡੀਆ ਦੀ ਉਡਾਣ ਏ ਆਈ379 ਫੁਕੇਟ ਤੋਂ ਨਵੀਂ ਦਿੱਲੀ ਲਈ ਰਵਾਨਾ ਹੋਈ।ਇਸ ਵਿੱਚ 156 ਯਾਤਰੀ ਸਵਾਰ ਸਨ, ਪਰ ਉਡਾਣ ਭਰਨ ਤੋਂ ਬਾਅਦ ਬੰਬ ਦੀ ਧਮਕੀ ਮਿਲੀ।ਇਸ ਤੋਂ ਬਾਅਦ ਉਡਾਣ ਅੰਡੇਮਾਨ ਸਾਗਰ ਦੇ ਆਲੇ-ਦੁਆਲੇ ਚੱਕਰ ਲਗਾਉਣ ਤੋਂ ਬਾਅਦ ਵਾਪਸ ਆ ਗਈ ਅਤੇ ਐਮਰਜੈਂਸੀ ਲੈਂਡਿੰਗ ਕੀਤੀ ਗਈ।

### ਅਪਾਚੇ ਦੀ ਐਮਰਜੈਂਸੀ ਲੈਂਡਿੰਗ



**ਪਠਾਨਕੋਟ (ਦਵਿੰਦਰ ਸਿੰਘ)**-ਅਪਾਚੇ ਹੈਲੀਕਾਪਟਰ ਦੀ ਏਅਰ ਫੋਰਸ ਸਟੇਸ਼ਨ ਪਠਾਨਕੋਟ 'ਚ ਐਮਰਜੈਂਸੀ ਲੈਂਡਿੰਗ ਕੀਤੀ ਗਈ।ਹੈਲੀਕਾਪਟਰ ਨੇ ਪਠਾਨਕੋਟ ਏਅਰਬੇਸ ਤੋਂ ਉਡਾਨ ਭਰੀ।ਜਿਵੇਂ ਹੀ ਇਹ ਹਲੇਦਾ ਪਿੰਡ ਦੇ ਨੇੜੇ ਪਹੁੰਚਿਆ, ਇਸ 'ਚ ਤਕਨੀਕੀ ਸਮੱਸਿਆ ਆ ਗਈ।ਇਸ ਤੋਂ ਬਾਅਦ ਪਾਇਲਟ ਨੇ ਇਸ ਨੂੰ ਇੱਕ ਖੇਤ 'ਚ ਉਤਾਰ ਦਿੱਤਾ।ਸੂਚਨਾ ਮਿਲਦੇ ਹੀ ਫੌਜ ਅਤੇ ਪੁਲਸ ਅਧਿਕਾਰੀ ਮੌਕੇ 'ਤੇ ਪਹੁੰਚ ਗਏ। ਹੈਲੀਕਾਪਟਰ 'ਚ ਸਵਾਰ ਸੈਨਿਕ ਸੁਰੱਖਿਅਤ ਹਨ।ਕਿਸੇ ਵੀ ਨੁਕਸਾਨ ਦੀ ਕੋਈ ਖ਼ਬਰ ਨਹੀਂ। ਫੌਜ ਨੇ ਆਲੇ-ਦੁਆਲੇ ਦੇ ਖੇਤਰ ਨੂੰ ਸੀਲ ਕਰ ਦਿੱਤਾ ਹੈ। ਮੌਕੇ 'ਤੇ ਮੌਜੂਦ ਸੀਨੀਅਰ ਅਧਿਕਾਰੀਆਂ ਨੇ ਸੰਚਾਲਨ ਅਤੇ ਸੁਰੱਖਿਆ ਪ੍ਰੋਟੋਕੋਲ ਦਾ ਹਵਾਲਾ ਦਿੰਦੇ ਹੋਏ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ। ਅਧਿਕਾਰੀਆਂ ਨੇ ਭਰੋਸਾ ਦਿੱਤਾ ਹੈ ਕਿ ਜਨਤਕ ਸੁਰੱਖਿਆ ਜਾਂ ਬੁਨਿਆਦੀ ਢਾਂਚੇ ਨੂੰ ਕੋਈ ਖ਼ਤਰਾ ਨਹੀਂ।ਫਿਲਹਾਲ, ਹੈਲੀਕਾਪਟਰ ਦੀ ਐਮਰਜੈਂਸੀ ਲੈਂਡਿੰਗ ਕਿਉਂ ਕੀਤੀ ਗਈ, ਇਸ ਬਾਰੇ ਕੋਈ ਜਾਣਕਾਰੀ ਸਾਹਮਣੇ ਨਹੀਂ ਆਈ।

## ਕੱਚੇ ਤੇਲ ਦੀਆਂ ਕੀਮਤਾਂ 'ਚ ਵਾਧਾ

**ਨਵੀਂ ਦਿੱਲੀ** : ਇਰਾਨ ਦੇ ਪ੍ਰਮਾਣੂ ਯੰਤਰਾਂ ਅਤੇ ਮਿਜ਼ਾਇਲ ਫੈਕਟਰੀਆਂ 'ਤੇ ਇਜ਼ਰਾਇਲ ਦੇ ਹਮਲੇ ਤੋਂ ਬਾਅਦ ਮੱਧ ਪੂਰਬ 'ਚ ਭੂ ਰਾਜਨੀਤਿਕ ਤਣਾਅ ਵਧਣ ਨਾਲ ਸ਼ੁੱਕਰਵਾਰ ਅੰਤਰਰਾਸ਼ਟਰੀ ਬਾਜ਼ਾਰ 'ਚ ਕੱਚੇ ਤੇਲ ਦੀਆਂ ਕੀਮਤਾਂ 'ਚ 9 ਫੀਸਦੀ ਦਾ ਵਾਧਾ ਹੋ ਗਿਆ। ਬੇਂਚਮਾਰਕ ਬ੍ਰੇਂਟ ਕਰੂਡ ਦੀ ਕੀਮਤ 6 ਡਾਲਰ ਤੋਂ ਵਧ ਕੇ 78 ਡਾਲਰ ਪ੍ਰਤੀ ਬੈਰਲ ਦੇ ਪੰਜ ਮਹੀਨੇ ਦੇ ਉੱਚੇ ਪੱਧਰ 'ਤੇ ਪਹੁੰਚ ਗਈ। ਇਰਾਨ ਨੇ ਜਵਾਬੀ ਕਾਰਵਾਈ ਦੇ ਚੱਲਦੇ ਐਮਰਜੈਂਸੀ ਐਲਾਨ ਦਿੱਤੀ ਹੈ। ਉੱਥੇ ਹੀ ਅਮਰੀਕੀ ਰਾਸ਼ਟਰਪਤੀ ਟਰੰਪ ਨੇ ਚੇਤਾਵਨੀ ਦਿੱਤੀ ਹੈ ਕਿ ਇਸ ਨਾਲ ਵੱਡੇ ਪੱਧਰ 'ਤੇ ਸੰਘਰਸ਼ ਹੋ ਸਕਦਾ ਹੈ, ਹਾਲਾਂਕਿ ਅਮਰੀਕਾ ਨੇ ਇਜ਼ਰਾਇਲੀ ਹਮਲੇ 'ਚ ਕਿਸੇ ਵੀ ਤਰ੍ਹਾਂ ਨਾਲ

• ਬਾਕੀ ਸਫਾ 10 'ਤੇ

# ਸੀ ਪੀ ਆਈ ਵੱਲੋਂ ਈਰਾਨ 'ਤੇ ਇਜ਼ਰਾਇਲੀ ਹਮਲੇ ਦੀ ਨਿੰਦਾ

**ਨਵੀਂ ਦਿੱਲੀ** : ਭਾਰਤੀ ਕਮਿਊਨਿਸਟ ਪਾਰਟੀ ਦੇ ਰਾਸ਼ਟਰੀ ਸਕੱਤਰੇਤ ਨੇ ਬਿਆਨ ਜਾਰੀ ਕਰਕੇ ਕਿਹਾ ਕਿ ਪਾਰਟੀ ਈਰਾਨ 'ਤੇ ਇਜ਼ਰਾਈਲੀ ਹਵਾਈ ਹਮਲਿਆਂ ਦੀ ਸਖ਼ਤ ਨਿੰਦਾ ਕਰਦੀ ਹੈ, ਜੋ ਖੇਤਰੀ ਅਤੇ ਵਿਸ਼ਵ ਸ਼ਾਂਤੀ ਲਈ ਦੂਰਗਾਮੀ ਨਤੀਜਿਆਂ ਦੇ ਨਾਲ ਇੱਕ ਖ਼ਤਰਨਾਕ ਵਾਧਾ ਹੈ। ਇਜ਼ਰਾਇਲ ਦਾ ਇਹ ਬਿਨਾਂ ਭੜਕਾਹਟ ਵਾਲਾ ਕੰਮ ਨਾ ਸਿਰਫ਼ ਅੰਤਰਰਾਸ਼ਟਰੀ ਕਾਨੂੰਨ ਅਤੇ ਈਰਾਨ ਦੀ ਪ੍ਰਭੂਸੱਤਾ ਦੀ ਉਲੰਘਣਾ ਕਰਦਾ ਹੈ, ਸਗੋਂ ਪੱਛਮੀ ਏਸ਼ੀਆ ਵਿੱਚ ਇੱਕ ਵਿਸ਼ਾਲ ਟਕਰਾਅ ਨੂੰ ਭੜਕਾਉਣ ਦਾ ਖ਼ਤਰਾ ਵੀ ਪੈਦਾ ਕਰਦਾ ਹੈ। ਅਮਰੀਕਾ ਅਤੇ ਹੋਰ ਸਾਮਰਾਜੀ ਸ਼ਕਤੀਆਂ ਦੇ ਸਮਰਥਨ ਨਾਲ ਉਤਸ਼ਾਹਤ ਇਜ਼ਰਾਈਲ ਦੀਆਂ ਵਾਰ-ਵਾਰ ਫੌਜੀ ਕਾਰਵਾਈਆਂ ਪੂਰੇ ਖੇਤਰ ਨੂੰ ਹੋਰ ਅਸਥਿਰਤਾ ਅਤੇ ਅਸੁਰੱਖਿਆ ਵੱਲ ਧੱਕ ਰਹੀਆਂ ਹਨ।

ਸੀ ਪੀ ਆਈ ਹਰ ਤਰ੍ਹਾਂ ਦੇ ਹਮਲੇ ਅਤੇ ਯੁੱਧ ਭੜਕਾਉਣ ਦੇ ਵਿਰੁੱਧ ਮਜ਼ਬੂਤੀ ਨਾਲ ਖੜ੍ਹੀ ਹੈ। ਅਸੀਂ ਅੰਤਰਰਾਸ਼ਟਰੀ ਭਾਈਚਾਰੇ, ਖਾਸ ਕਰਕੇ ਸੰਯੁਕਤ ਰਾਸ਼ਟਰ ਨੂੰ ਇਜ਼ਰਾਈਲ ਨੂੰ ਰੋਕਣ ਅਤੇ ਹਿੰਸਾ ਦੀਆਂ ਅਜਿਹੀਆਂ ਕਾਰਵਾਈਆਂ ਲਈ ਜਵਾਬਦੇਹੀ ਯਕੀਨੀ ਬਣਾਉਣ ਲਈ ਤੁਰੰਤ ਕਦਮ ਚੁੱਕਣ ਦਾ ਸੱਦਾ ਦਿੰਦੇ ਹਾਂ। ਭਾਰਤ ਸਰਕਾਰ ਨੂੰ ਆਪਣੀ ਚੁੱਪੀ ਤੋੜਨੀ ਚਾਹੀਦੀ ਹੈ ਅਤੇ ਇਸ ਹਮਲੇ ਦੀ ਸਪੱਸ਼ਟ ਨਿੰਦਾ ਕਰਨੀ ਚਾਹੀਦੀ ਹੈ, ਜੋ ਕਿ ਗੈਰ-ਗਠਜੋੜ, ਸ਼ਾਂਤੀ ਅਤੇ ਪ੍ਰਭੂਸੱਤਾ ਦੇ ਸਤਿਕਾਰ 'ਤੇ ਅਧਾਰਤ ਸਾਡੀ ਲੰਮੇ ਸਮੇਂ ਤੋਂ ਚੱਲੀ ਆ ਰਹੀ ਵਿਦੇਸ਼ ਨੀਤੀ ਦੇ ਅਨੁਕੂਲ ਹੈ।

## ਹਾਦਸਾਗ੍ਰਸਤ ਜਹਾਜ਼ ਦਾ ਡੀ ਵੀ ਆਰ ਬਰਾਮਦ

**ਅਹਿਮਦਾਬਾਦ** : ਹਾਦਸਾਗ੍ਰਸਤ ਹੋਏ ਏਅਰ ਇੰਡੀਆ ਦੇ ਮਲਬੇ 'ਚੋਂ ਡਿਜੀਟਲ ਵੀਡੀਓ ਰਿਕਾਰਡ (ਡੀ ਵੀ ਆਰ) ਬਰਾਮਦ ਕੀਤਾ ਗਿਆ ਹੈ। ਇਸ ਬਰਾਮਦਗੀ ਨਾਲ ਜਾਂਚ ਏਜੰਸੀਆਂ ਨੂੰ ਹਾਦਸੇ ਦੇ ਕਾਰਨਾਂ ਦਾ ਪਤਾ ਲਾਉਣ 'ਚ ਮਦਦ ਮਿਲਣ ਦੀ ਉਮੀਦ ਹੈ। ਏ ਟੀ ਐੱਸ ਟੀਮ ਦੇ ਇੱਕ ਅਧਿਕਾਰੀ ਨੇ ਜਹਾਜ਼ 'ਚ ਡੀ ਵੀ ਆਰ ਦੀ ਖੋਜ ਕੀਤੀ, ਜਿਸ ਨਾਲ ਘਟਨਾ ਦੀ ਜਾਂਚ 'ਚ ਤੇਜ਼ੀ ਆ ਸਕਦੀ ਹੈ।

ਡੀ ਵੀ ਆਰ ਨੂੰ ਜਲਦ ਹੀ ਫੋਰੈਂਸਿਕ ਸਾਇੰਸ ਲੈਬ ਨੂੰ ਭੇਜਿਆ ਜਾਵੇਗਾ, ਜਿੱਥੇ ਮਾਹਰ ਇਸ ਦੀ ਜਾਂਚ ਕਰਨਗੇ। ਅਧਿਕਾਰੀਆਂ ਦਾ ਮੰਨਣਾ ਹੈ ਕਿ ਡੀ ਵੀ ਆਰ 'ਚ ਹਾਦਸੇ ਦੇ ਠੀਕ ਪਹਿਲਾਂ ਅਤੇ ਬਅਦ ਦੀਆਂ ਗਤੀਵਿਧੀਆਂ ਨਾਲ ਜੁੜੇ ਮਹੱਤਵਪੂਰਨ ਦ੍ਰਿਸ਼ ਕੈਦ ਹੋ ਸਕਦੇ ਹਨ, ਜੋ ਪੂਰੇ ਹਾਦਸੇ ਦੀਆਂ ਕੜੀਆਂ ਨੂੰ ਜੋੜਨ 'ਚ ਮਦਦਗਾਰ ਸਾਬਿਤ ਹੋਣਗੇ।

## ਕੱਲ੍ਹ ਬੇਟੀ ਨਾਲ ਸੈਲਫੀ ਲਈ ਸੀ, ਅੱਜ ਡੀ ਐੱਨ ਏ ਸੈਂਪਲ...



ਅਹਿਮਦਾਬਾਦ : ਅਹਿਮਦਾਬਾਦ ਜਹਾਜ਼ ਹਾਦਸੇ ਤੋਂ ਬਾਅਦ ਪੂਰੇ ਦੇਸ਼ 'ਚ ਸ਼ੋਕ ਦੀ ਲਹਿਰ ਹੈ, ਉਥੇ ਹੀ ਆਪਣਿਆਂ ਨੂੰ ਗੁਆ ਦੇਣ ਵਾਲੇ ਪਰਵਾਰਾਂ ਦੇ ਦਰਦ ਦੀ ਕੋਈ ਹੱਦ ਨਹੀਂ। ਹਾਦਸੇ 'ਚ ਲਾਪਤਾ ਲੜਕੀ ਦੇ ਪਿਤਾ ਦਾ ਦਰਦ ਵੀ ਬਹੁਤ ਵੱਡਾ ਹੈ। ਨਮ ਅੱਖਾਂ ਨਾਲ ਉਨ੍ਹਾ ਕਿਹਾ ਕਿ ਕੱਲ੍ਹ ਹੀ ਉਸ ਨੇ ਆਪਣੀ ਲੜਕੀ ਨੂੰ ਅਹਿਮਦਾਬਾਦ ਏਅਰਪੋਰਟ 'ਤੇ ਵਿਦਾ ਕੀਤਾ ਸੀ। ਅੱਜ ਉਹ ਲੜਕੀ ਦੀ ਪਛਾਣ ਲਈ ਡੀ ਐੱਨ ਏ ਸੈਂਪਲ ਦੇਣ ਆਇਆ ਹੈ। ਗੁਜਰਾਤ ਦੇ ਆਨੰਦ ਦੀ ਰਹਿਣ ਵਾਲੀ 22 ਸਾਲਾ ਕਿਨਲ ਵਰਕ ਪਰਮਿਟ 'ਤੇ ਯੂ ਕੇ ਜਾ ਰਹੀ ਸੀ। ਬੀਤੇ ਇੱਕ ਮਹੀਨੇ ਤੋਂ ਗੁਜਰਾਤ 'ਚ ਡੈਂਟਲ ਟ੍ਰੀਟਮੈਂਟ ਕਰਵਾ ਰਹੀ ਸੀ। ਕਿਨਲ ਦੇ ਪਿਤਾ ਨੇ ਦੱਸਿਆ ਕਿ ਬੀਤੇ ਸਾਲ ਕਾਰ ਹਾਦਸੇ 'ਚ ਮੂੰਹ ਦਾ ਪੂਰਾ ਜਬਾੜ੍ਹਾ ਟੁੱਟ ਗਿਆ ਸੀ। ਕਿਨਲ ਦੇ ਪਿਤਾ ਨੇ ਕਿਹਾ ਕਿ ਵੀਰਵਾਰ ਸਵੇਰੇ 11 ਵਜੇ ਬੇਟੀ ਨਾਲ ਸੈਲਫੀ ਲਈ ਸੀ, ਅੱਜ ਠੀਕ ਉਸੇ ਸਮੇਂ ਉਸ ਦੀ ਪਛਾਣ ਲਈ ਡੀ ਐੱਨ ਏ ਸੈਂਪਲ ਦੇ ਕੇ ਆ ਰਿਹਾ ਹਾਂ। ਕਿਨਲ ਦੇ ਪਿਤਾ ਨੇ ਕਿਹਾ ਕਿ ਬੇਟੀ ਨੂੰ ਛੱਡਦੇ ਸਮੇਂ ਉਨ੍ਹਾ ਸੋਚਿਆ ਵੀ ਨਹੀਂ ਸੀ ਕਿ ਉਨ੍ਹਾ ਦੀ ਆਖਰੀ ਮੁਲਾਕਾਤ ਹੋਵੇਗੀ।

# ਸਾਥੀ ਭੀਮ ਰਾਓ ਵਿਛੋੜਾ ਦੇ ਗਏ



**ਜਲੰਧਰ (ਨ ਜ਼ ਸ)**-ਰੋਜ਼ਾਨਾ ਨਵਾਂ ਜ਼ਮਾਨਾ ਵਿੱਚ ਲੰਮਾ ਸਮਾਂ ਅਕਾਊਂਟੈਂਟ ਦੀਆਂ ਸੇਵਾਵਾਂ ਨਿਭਾਉਣ ਵਾਲੇ ਸਾਥੀ ਭੀਮ ਰਾਓ ਕੁਝ ਸਮਾਂ ਬਿਮਾਰ ਰਹਿਣ ਮਗਰੋਂ ਸ਼ੁੱਕਰਵਾਰ ਨੂੰ ਸਦੀਵੀ ਵਿਛੋੜਾ ਦੇ ਗਏ। ਸਾਥੀ ਰਾਓ ਨਵਾਂ ਜ਼ਮਾਨਾ ਤੋਂ ਸੇਵਾ-ਮੁਕਤ ਹੋਣ ਮਗਰੋਂ ਦੇਸ਼ ਭਗਤ ਯਾਦਗਾਰ ਹਾਲ ਵਿਖੇ ਵੀ ਅਕਾਊਂਟੈਂਟ ਵਜੋਂ ਸੇਵਾ ਕਰ ਰਹੇ ਸਨ। ਮਾਰਚ 1948 ਵਿੱਚ ਜਨਮੇ ਸਾਥੀ ਰਾਓ ਮੂਲ ਰੂਪ ਵਿੱਚ ਮਹਾਰਾਸ਼ਟਰ ਨਾਲ ਸੰਬੰਧਤ ਸਨ, ਪਰ ਉਹ ਪਿਛਲੇ ਲੰਮੇ ਅਰਸੇ ਤੋਂ ਜਲੰਧਰ ਵਿਖੇ ਹੀ ਰਹਿ ਰਹੇ ਸਨ। ਉਹ ਆਪਣੇ ਪਿੱਛੇ ਪਤਨੀ, ਇੱਕ ਬੇਟਾ ਅਤੇ ਦੋ ਬੇਟੀਆਂ ਛੱਡ ਗਏ ਹਨ।

ਸਾਥੀ ਰਾਓ ਦੇ ਵਿਛੋੜੇ ਦੀ ਦੁਖਦਾਈ ਖ਼ਬਰ ਮਿਲਦਿਆਂ ਅਦਾਰਾ ਨਵਾਂ ਜ਼ਮਾਨਾ ਅਤੇ ਦੇਸ਼ ਭਗਤ ਯਾਦਗਾਰ ਹਾਲ ਵਿੱਚ ਸ਼ੋਕ ਸਭਾਵਾਂ ਕਰਕੇ ਉਨ੍ਹਾ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਉਨ੍ਹਾ ਦੀਆਂ ਇਨ੍ਹਾਂ ਅਦਾਰਿਆਂ ਨੂੰ ਦਿੱਤੀਆਂ ਬੇਲਾਗ ਸੇਵਾਵਾਂ ਨੂੰ ਯਾਦ ਕੀਤਾ ਗਿਆ। ਉਹ ਬਹੁਤ ਹੀ ਖ਼ੁਸ਼ਮਿਜਾਜ਼ ਅਤੇ ਮਿਲਾਪੜੀ ਸ਼ਖਸੀਅਤ ਦੇ ਮਾਲਕ ਸਨ।

ਸ਼ੁੱਕਰਵਾਰ ਬਾਅਦ ਦੁਪਹਿਰ ਮਾਡਲ ਟਾਊਨ ਸ਼ਮਸ਼ਾਨ ਘਾਟ ਵਿਖੇ ਉਨ੍ਹਾ ਨੂੰ ਅੰਤਮ ਵਿਦਾਇਗੀ ਦਿੱਤੀ ਗਈ।

ਦੇਸ਼ ਭਗਤ ਯਾਦਗਾਰ ਹਾਲ ਦੇ ਵਿੱਤੀ ਹਿਸਾਬ-ਕਿਤਾਬ ਨੂੰ ਸ਼ੀਸ਼ੇ ਵਾਂਗ ਪਾਰਦਰਸ਼ਤ, ਸਿਲਸਿਲੇਵਾਰ

• ਬਾਕੀ ਸਫਾ 10 'ਤੇ

## ਸੋਨੇ ਦੀ ਕੀਮਤ ਲੱਖ ਤੋਂ ਪਾਰ

**ਨਵੀਂ ਦਿੱਲੀ** : ਸੋਨੇ ਦੀਆਂ ਕੀਮਤਾਂ 'ਚ ਲਗਾਤਾਰ ਵਾਧਾ ਹੁੰਦਾ ਜਾ ਰਿਹਾ ਹੈ, ਪਹਿਲਾਂ ਜਿੱਥੇ ਆਮ ਲੋਕ ਸੋਚਦੇ ਸਨ ਕਿ ਪੈਸੇ ਜੋੜ ਕੇ ਸੋਨਾ ਬਣਵਾ ਲਵਾਂਗੇ, ਪਰ ਇਹ ਤਾਂ ਦਿਨੋਂ-ਦਿਨ ਨਾਮੁਮਕਿਨ ਹੁੰਦਾ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਇਜ਼ਰਾਈਲ ਵੱਲੋਂ ਈਰਾਨ 'ਤੇ ਕੀਤੇ ਹਮਲੇ ਕਰਕੇ ਪੂਰੀ ਦੁਨੀਆ 'ਚ ਤਣਾਅ ਪੈਦਾ ਹੋ ਗਿਆ ਹੈ।ਇਸ ਦਾ ਸਿੱਧਾ ਅਸਰ ਸੋਨੇ ਦੀਆਂ ਕੀਮਤਾਂ 'ਤੇ ਦੇਖਣ ਨੂੰ ਮਿਲਿਆ ਹੈ।ਸ਼ੁੱਕਰਵਾਰ ਸਵੇਰੇ ਸੋਨੇ ਦੀਆਂ ਘਰੇਲੂ ਕੀਮਤਾਂ 'ਚ ਜ਼ਬਰਦਸਤ ਵਾਧਾ ਹੋਇਆ। ਐੱਮ ਸੀ ਐੱਕਸ 'ਤੇ ਸੋਨੇ ਦੀ ਕੀਮਤ 1 ਲੱਖ ਰੁਪਏ ਪ੍ਰਤੀ 10 ਗ੍ਰਾਮ ਦੇ ਇਤਿਹਾਸਕ ਪੱਧਰ ਨੂੰ ਪਾਰ ਕਰ ਗਈ, ਜਿਸ ਕਾਰਨ ਇਹ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਗਿਆ ਜਾਪਦਾ ਹੈ। ਸੋਨੇ ਨੂੰ ਇਸ ਪੱਧਰ 'ਤੇ ਪਹੁੰਚਣ ਲਈ ਸਿਰਫ 74 ਦਿਨ ਲੱਗੇ।ਇਸ ਦੇ ਨਾਲ ਹੀ ਚਾਂਦੀ ਨੇ ਵੀ ਤਾਕਤ ਦਿਖਾਈ ਅਤੇ ਇਸ ਦੀ ਕੀਮਤ 1.06 ਲੱਖ ਰੁਪਏ ਪ੍ਰਤੀ ਕਿਲੋਗ੍ਰਾਮ ਦੇ ਨੇੜੇ ਪਹੁੰਚ ਗਈ। ਸ਼ੁੱਕਰਵਾਰ ਐੱਮ ਸੀ ਐੱਕਸ 'ਤੇ ਰਿਕਾਰਡ ਤੋੜਦੇ ਹੋਏ 5 ਅਗਸਤ ਦੇ ਫਿਊਚਰਜ਼ ਲਈ ਸੋਨਾ 1742 ਤੱਕ ਮਹਿੰਗਾ ਹੋ ਗਿਆ ਅਤੇ 100154 ਰੁਪਏ ਪ੍ਰਤੀ 10 ਗ੍ਰਾਮ ਤੱਕ ਪਹੁੰਚ ਗਿਆ, ਜਦੋਂ ਕਿ ਚਾਂਦੀ ਦੀ ਕੀਮਤ 533 ਰੁਪਏ ਪ੍ਰਤੀ ਕਿਲੋਗ੍ਰਾਮ ਵਧੀ, ਜਿਸ ਨਾਲ ਇਹ 1 ਲੱਖ 6 ਹਜ਼ਾਰ ਰੁਪਏ ਨੂੰ ਪਾਰ ਕਰ ਗਈ।

## ਹਿਮਾਚਲ 'ਚ ਮੌਸਮ ਨੇ ਲਈ ਕਰਵਟ, ਗਰਮੀ ਤੋਂ ਬਾਅਦ ਮੀਂਹ



**ਸ਼ਿਮਲਾ** : ਭਾਰੀ ਗਰਮੀ ਤੋਂ ਬਾਅਦ ਹਿਮਾਚਲ ਪ੍ਰਦੇਸ਼ ਲਈ ਰਾਹਤ ਦੀ ਖ਼ਬਰ ਆਈ ਹੈ। ਪ੍ਰਦੇਸ਼ ਦੇ ਕਈ ਜ਼ਿਲ੍ਹਿਆਂ 'ਚ ਮੀਂਹ ਪਿਆ। ਸ਼ੁੱਕਰਵਾਰ ਮੰਡੀ, ਮਨਾਲੀ, ਕਾਂਗੜਾ ਅਤੇ ਬਿਲਾਸਪੁਰ ਜ਼ਿਲ੍ਹਿਆਂ 'ਚ ਮੀਂਹ ਨਾਲ ਮੌਸਮ ਸੁਹਾਵਣਾ ਹੋ ਗਿਆ। ਇਸ ਤੋਂ ਪਹਿਲਾਂ ਵੀਰਵਾਰ ਵੀ ਸੂਬੇ ਦੇ ਕਈ ਇਲਾਕਿਆਂ 'ਚ ਮੀਂਹ ਅਤੇ ਗੜ੍ਹੇ ਪਏ। ਜਾਣਕਾਰੀ ਅਨੁਸਾਰ ਸੋਲਨ ਬਾਜ਼ਾਰ 'ਚ ਮੀਂਹ ਅਤੇ ਤੂਫ਼ਾਨ ਦੇ ਚਲਦੇ ਪੰਜ ਗੱਡੀਆ 'ਤੇ ਦਰੱਖ਼ਤ ਡਿੱਗ ਗਏ, ਉਥੇ ਹੀ ਮੰਡੀ ਦੇ ਧਰਮਪੁਰ ਦੇ ਕੋਲ ਮੰਡਪ, ਬਰੋਟੀ ਸਮੇਤ ਇਲਾਕਿਆਂ 'ਚ ਮੀਂਹ ਪੈਣ ਤੋਂ ਬਾਅਦ ਗਰਮੀ ਤੋਂ ਰਾਹਤ ਮਿਲੀ ਹੈ। ਮੌਸਮ ਵਿਭਾਗ ਦੇ ਸ਼ਿਮਲਾ ਕੇਂਦਰ ਨੇ ਦੱਸਿਆ ਕਿ ਸੂਬੇ 'ਚ ਸਭ ਤੋਂ ਘੱਟ ਕੇਲਾਂਗ 'ਚ 9.0 ਡਿਗਰੀ ਸੈਲਸੀਅਸ ਤਾਪਮਾਨ ਰਿਕਾਰਡ ਕੀਤਾ ਗਿਆ, ਉਥੇ ਹੀ ਸਭ ਤੋਂ ਵੱਧ ਤਾਪਮਾਨ ਊਨਾ ਜ਼ਿਲ੍ਹੇ 'ਚ 43 ਡਿਗਰੀ ਸੈਲਸੀਅਸ

• ਬਾਕੀ ਸਫਾ 10 'ਤੇ

## ਅੱਜ-ਨਾਮਾ

ਧਾਵਾ ਕੀਤਾ ਇਸਰਾਈਲ ਨੇ ਅੱਜ ਤਕੜਾ,
ਕੀਤਾ ਈਰਾਨ ਦਾ ਬਹੁਤ ਨੁਕਸਾਨ ਮੀਆਂ।
ਐਟਮੀ ਅੱਡੇ ਕਈ ਕਹਿੰਦੇ ਆ ਗਏ ਤੋੜੇ,
ਹਲੂਣਿਆ ਜਾਪਦਾ ਕਹਿਣ ਈਰਾਨ ਮੀਆਂ।
ਜਵਾਬੀ ਕਰ'ਤੀ ਈਰਾਨ ਕੋਈ ਕਾਰਵਾਈ,
ਕਰੀ ਗਿਆ ਮਾਰ ਤੋਂ ਵੱਧ ਐਲਾਨ ਮੀਆਂ।
ਵਧ ਗਈ ਗੱਲ ਤਾਂ ਇਹ ਨਾ ਰਹਿਣ ਲੱਗੀ,
ਇਨ੍ਹਾਂ ਮੁਲਕਾਂ ਦੇ ਫੇਰ ਦਰਮਿਆਨ ਮੀਆਂ।
ਯੂਕਰੇਨ-ਰੂਸ ਦੀ ਜਿਹੜੀ ਆ ਖਹਿਬਾਜ਼ੀ,
ਅਗਲਾ ਉਹਦੇ ਤੋਂ ਆ ਗਿਆ ਦੌਰ ਮੀਆਂ।
ਗੇੜੇ ਬਾਹਰ ਤੋਂ ਜਿਹੜਾ ਕੋਈ ਗੇੜਦਾ ਈ,
ਉਸ ਦੇ ਚੰਗੇ ਨਹੀਂ ਜਾਪ ਰਹੇ ਤੌਰ ਮੀਆਂ।

-ਤੀਸ ਮਾਰ ਖਾਂ

# ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਵੱਲੋਂ 3 ਰੋਜ਼ਾ ਸਿਧਾਂਤਕ ਕੈਂਪ ਦਾ ਆਗਾਜ਼

## ਵਿਦਿਆਰਥੀਆਂ ਨੂੰ ਆਪਣੇ ਸੰਘਰਸ਼ਾਂ ਨੂੰ ਤਿੱਖਾ ਕਰਨ ਲਈ ਸਿਧਾਂਤਕ ਪਰਪੱਕਤਾ ਦੀ ਲੋੜ : ਦਿਨੇਸ਼ ਰੰਗਾਂਰਾਜਨ



**ਮੋਗਾ (ਇਕਬਾਲ ਸਿੰਘ ਖਹਿਰਾ)**

ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਪੰਜਾਬ ਵੱਲੋਂ ਵਿਦਿਆਰਥੀਆਂ ਨੂੰ ਸਿਧਾਂਤਕ ਤੌਰ 'ਤੇ ਸਿੱਖਿਅਤ ਕਰਨ ਲਈ 3 ਰੋਜ਼ਾ ਵਿਦਿਆਰਥੀ ਸਿਧਾਂਤਕ ਕੈਂਪ ਦਾ ਆਯੋਜਨ ਕੀਤਾ ਗਿਆ। ਇਸ 'ਚ ਪੰਜਾਬ ਦੇ ਵੱਖ-ਵੱਖ ਵਿੱਦਿਅਕ ਅਦਾਰਿਆਂ ਵਿੱਚੋਂ ਚੋਣਵੇਂ ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ।ਕੈਂਪ 'ਚ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਕੌਮੀ ਜਨਰਲ ਸਕੱਤਰ ਦਿਨੇਸ਼ ਸੀ. ਰੰਗਾਂਰਾਜਨ ਤਾਮਿਲਨਾਡੂ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਮੌਕੇ ਉਹਨਾ ਨਾਲ ਬਨੇਗਾ ਰੁਜ਼ਗਾਰ ਪ੍ਰਾਪਤੀ ਮੁਹਿੰਮ ਦੇ ਮੁੱਖ ਸਲਾਹਕਾਰ ਜਗਰੂਪ ਸਿੰਘ, ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਪ੍ਰਧਾਨ ਕਰਮਵੀਰ ਕੌਰ ਬੱਧਨੀ, ਸੂਬਾ ਸਕੱਤਰ ਚਰਨਜੀਤ ਸਿੰਘ ਛਾਂਗਾ ਰਾਏ, ਏ ਆਈ ਐੱਸ ਐੱਫ ਦੇ ਸੂਬਾ ਪ੍ਰਧਾਨ ਰਮਨ ਧਰਮੂਵਾਲਾ, ਸੂਬਾ ਸਕੱਤਰ ਸੁੱਖਵਿੰਦਰ ਮਲੋਟ ਅਤੇ ਪਦਾਰਥਵਾਦੀ ਮੰਚ ਦੇ ਪ੍ਰਧਾਨ ਡਾ. ਇੰਦਰਬੀਰ ਗਿੱਲ ਵੀ ਹਾਜ਼ਰ ਸਨ। ਕੈਂਪ ਦੇ ਸਵਾਗਤੀ ਭਾਸ਼ਣ 'ਚ ਬਲਕਾਰ ਵਲਟੋਹਾ ਨੇ ਵਿਦਿਆਰਥੀਆਂ ਦੇ ਸਿਧਾਂਤਕ ਕੈਂਪ ਦੀ ਮਹੱਤਤਾ ਬਾਰੇ ਜਿਕਰ ਕਰਦਿਆਂ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਜ਼ਰੂਰ ਹੀ ਸਿਧਾਂਤ ਨਾਲ ਜੁੜਨਾ ਚਾਹੀਦਾ ਹੈ, ਕਿਉਂਕਿ ਸਿਧਾਂਤਕ ਸਮਝ ਹੀ ਨੌਜਵਾਨ ਪੀੜ੍ਹੀ ਨੂੰ ਅੱਗੇ ਲਿਜਾ ਸਕਦੀ ਹੈ।ਕੈਂਪ ਦਾ ਉਦਘਾਟਨ ਕਰਦਿਆਂ ਦਿਨੇਸ਼ ਸੀ. ਰੰਗਾਂਰਾਜਨ ਨੇ ਕਿਹਾ ਕਿ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦਾ ਸ਼ਾਨਾਮੱਤਾ ਇਤਿਹਾਸ ਹੈ ਕਿ ਅਸੀਂ ਵਿਦਿਆਰਥੀਆਂ ਨੂੰ ਸਿਧਾਂਤਕ ਤੌਰ 'ਤੇ ਸਿੱਖਿਅਤ ਕਰਕੇ ਸੰਘਰਸ਼ਾਂ ਦੇ ਮੈਦਾਨ ਲਈ ਆਗੂ ਤਿਆਰ ਕਰਦੇ ਹਾਂ। ਉਹਨਾ ਕਿਹਾ ਸਿਧਾਂਤ ਹੀ ਆਮ ਮਨੁੱਖ ਨੂੰ ਸੰਘਰਸ਼ਾਂ ਦੇ ਰਾਹ 'ਤੇ ਪੱਕੇ ਪੈਰੀਂ ਤੋਰਨ ਦਾ ਕੰਮ ਕਰਦਾ ਹੈ। ਰੰਗਾਂਰਾਜਨ ਨੇ ਕਿਹਾ ਕਿ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਵਿੱਚ ਕੰਮ ਕਰਨ ਵਾਲੇ ਹਰ ਵਿਦਿਆਰਥੀ ਸਿਧਾਂਤਕ ਤੌਰ 'ਤੇ ਪਰਪੱਕ ਹੋਣਾ ਚਾਹੀਦਾ ਹੈ ਅਤੇ ਆਪਣੇ ਸੰਘਰਸ਼ਾਂ ਨੂੰ ਤਿੱਖਾ ਕਰਨਾ ਚਾਹੀਦਾ ਹੈ।

ਇਸ ਮੌਕੇ ਜਗਰੂਪ ਸਿੰਘ ਅਤੇ ਚਰਨਜੀਤ ਸਿੰਘ ਛਾਂਗਾ ਰਾਏ ਵੱਲੋਂ ਮਾਰਕਸਵਾਦੀ ਫਲਸਫੇ 'ਤੇ ਗਹਿਰਾਈ ਨਾਲ ਕਲਾਸ ਦਿੱਤੀ ਗਈ।ਫਲਸਫੇ ਬਾਰੇ ਜਾਣਕਾਰੀ ਦਿੰਦਿਆਂ ਆਗੂਆਂ ਨੇ ਕਿਹਾ ਕਿ ਅਜੋਕੇ ਦੌਰ ਵਿੱਚ ਫਲਸਫ਼ਾ ਹੀ ਇਕੋ-ਇਕ ਸਿਧਾਂਤ ਹੈ, ਜੋ ਹਰ ਮੁਸ਼ਕਲ ਦਾ ਵਿਗਿਆਨਕ ਹੱਲ ਪੇਸ਼ ਕਰਦਾ ਹੈ ਅਤੇ ਹਰ ਇਕ ਨੌਜਵਾਨ ਨੂੰ ਫਲਸਫੇ ਦਾ ਡੂੰਘਾਈ ਨਾਲ ਅਧਿਐਨ ਕਰਨਾ ਚਾਹੀਦਾ।ਗੁਰਜੀਤ ਕੌਰ ਵੱਲੋਂ ਬਨੇਗਾ ਅਤੇ

• ਬਾਕੀ ਸਫਾ 10 'ਤੇ

## ਕਮਲ ਕੌਰ ਭਾਬੀ ਦੇ ਕਤਲ ਦੇ ਦੋਸ਼ 'ਚ ਦੋ ਗ੍ਰਿਫ਼ਤਾਰ



**ਬਠਿੰਡਾ** : ਬਠਿੰਡਾ ਪੁਲਸ ਨੇ ਸੋਸ਼ਲ ਮੀਡੀਆ 'ਤੇ ਕਮਲ ਕੌਰ ਭਾਬੀ ਦੇ ਨਾਂਅ ਨਾਲ ਮਸ਼ਹੂਰ ਕੰਚਨ ਕੁਮਾਰੀ ਦੇ ਕਾਤਲਾਂ ਦੀ ਸੂਹ ਲਾਉਣ ਦਾ ਦਾਅਵਾ ਕੀਤਾ ਹੈ।ਐੱਸ ਐੱਸ ਪੀ ਅਮਨੀਤ ਕੌਂਡਲ ਨੇ ਸ਼ੁੱਕਰਵਾਰ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ ਇਸ ਵਾਰਦਾਤ ਦਾ ਮੁੱਖ ਸਾਜ਼ਿਸ਼ਘਾੜਾ ਨਿਹੰਗ ਅੰਮ੍ਰਿਤਪਾਲ ਸਿੰਘ ਮਹਿਰੋਂ ਹੈ।ਉਨ੍ਹਾ ਦੱਸਿਆ ਕਿ ਫਿਲਹਾਲ ਉਹ ਪੁਲਸ ਦੀ ਗ੍ਰਿਫ਼ਤ 'ਚੋਂ ਬਾਹਰ ਹੈ। ਪੁਲਸ ਨੇ ਕਤਲ ਦੀ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਉਸ ਦੇ ਦੋ ਸਾਥੀਆਂ ਨਿਮਰਤਜੀਤ ਸਿੰਘ ਅਤੇ ਜਸਪ੍ਰੀਤ ਸਿੰਘ ਨੂੰ ਕਾਬੂ ਕਰ ਲਿਆ ਹੈ।ਉਨ੍ਹਾਂ ਦਾਅਵਾ ਕੀਤਾ ਕਿ ਅੰਮ੍ਰਿਤਪਾਲ ਸਿੰਘ ਮਹਿਰੋਂ ਦੀ ਗ੍ਰਿਫ਼ਤਾਰੀ ਲਈ ਪੁਲਸ ਟੀਮਾਂ ਸਰਗਰਮੀ ਨਾਲ ਉਸ ਦੀ ਭਾਲ ਵਿਚ ਲੱਗੀਆਂ ਹੋਈਆਂ ਹਨ ਅਤੇ ਉਸ ਨੂੰ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।ਐੱਸ ਐੱਸ ਪੀ ਨੇ ਦੱਸਿਆ ਕਿ ਕੰਚਨ ਕੁਮਾਰੀ ਨੂੰ ਸਾਜ਼ਿਸ਼ ਤਹਿਤ ਬਠਿੰਡਾ ਬੁਲਾਇਆ ਗਿਆ।ਇੱਥੇ ਉਸ ਨੂੰ ਫਾਹਾ ਲਾ ਕੇ ਮਾਰਨ ਤੋਂ

• ਬਾਕੀ ਸਫਾ 10 'ਤੇ

ਨਵਾਂ ਜ਼ਮਾਨਾ
ਸ਼ਨੀਵਾਰ, 14 ਜੂਨ 2025

# ਦਰਦਨਾਕ ਹਾਦਸਾ

ਬੀਤੇ ਵੀਰਵਾਰ ਨੂੰ ਏਅਰ ਇੰਡੀਆ ਦਾ ਬੋਇੰਗ 787 ਡਰੀਮਲਾਈਨ ਗੁਜਰਾਤ ਦੇ ਅਹਿਮਦਾਬਾਦ ਹਵਾਈ ਅੱਡੇ ਤੋਂ ਉਡਾਨ ਭਰਦਿਆਂ ਹੀ ਹਾਦਸੇ ਦਾ ਸ਼ਿਕਾਰ ਹੋ ਗਿਆ ਸੀ। ਇਸ ਹਾਦਸੇ ਵਿੱਚ 242 ਸਵਾਰ ਮੁਸਾਫ਼ਰਾਂ ਵਿੱਚੋਂ 241 ਦੇ ਮਾਰੇ ਜਾਣ ਦਾ ਖਦਸ਼ਾ ਪ੍ਰਗਟ ਕੀਤਾ ਗਿਆ ਹੈ। ਇਸ ਤੋਂ ਇਲਾਵਾ 12 ਕਰਿਊ ਮੈਂਬਰ ਵੀ ਮਾਰੇ ਗਏ ਹਨ। ਹਾਦਸਾਗ੍ਰਸਤ ਜਹਾਜ਼ ਦੇ ਡਾਕਟਰਾਂ ਦੇ ਹੋਸਟਲ ਉੱਤੇ ਡਿੱਗਣ ਕਾਰਨ ਬਹੁਤ ਸਾਰੇ ਡਾਕਟਰਾਂ ਦੇ ਮਾਰੇ ਜਾਣ ਦੀਆਂ ਵੀ ਖ਼ਬਰਾਂ ਹਨ।

ਹਾਦਸੇ ਦੇ ਕਾਰਨਾਂ ਦਾ ਪਤਾ ਤਾਂ ਬਲੈਕ ਬਾਕਸ ਦੀ ਪੜਤਾਲ ਤੋਂ ਬਾਅਦ ਹੀ ਲੱਗੇਗਾ, ਪਰ ਇਸ ਹਾਦਸੇ ਨੇ ਬੋਇੰਗ 787 ਡਰੀਮਲਾਈਨ ਵਿਚਲੀਆਂ ਖਾਮੀਆਂ ਬਾਰੇ ਪਹਿਲਾਂ ਤੋਂ ਪ੍ਰਗਟ ਕੀਤੀਆਂ ਜਾ ਰਹੀਆਂ ਚਿੰਤਾਵਾਂ ਨੂੰ ਮੁੜ ਸਾਹਮਣੇ ਲੈ ਆਂਦਾ ਹੈ।

ਬੋਇੰਗ 787 ਅਮਰੀਕਾ ਦੀ ਕੰਪਨੀ ਵੱਲੋਂ ਬਣਾਇਆ ਜਾਂਦਾ ਹੈ। ਇਸ ਦੀ ਸੁਰੱਖਿਆ ਬਾਰੇ ਕਈ ਵਾਰ ਸਵਾਲ ਉਠ ਚੁੱਕੇ ਹਨ। ਅਪ੍ਰੈਲ 2024 ਵਿੱਚ ਬੋਇੰਗ ਦੇ ਇੰਜੀਨੀਅਰ ਸੈਮ ਸਾਲੇਹਪੁਰ ਨੇ ਖੁਲਾਸਾ ਕੀਤਾ ਸੀ ਕਿ 787 ਡਰੀਮਲਾਈਨ ਦੇ ਫਿਊਜ਼ਲੈਜ ਨੂੰ ਜੋੜਨ ਦੀ ਪ੍ਰਕਿਰਿਆ ਵਿੱਚ ਖਾਮੀਆਂ ਹਨ, ਜਿਸ ਕਾਰਨ ਜਹਾਜ਼ ਦਾ ਢਾਂਚਾ ਕਮਜ਼ੋਰ ਪੈ ਸਕਦਾ ਹੈ। ਸਾਲੇਹਪੁਰ ਨੇ ਦਾਅਵਾ ਕੀਤਾ ਸੀ ਕਿ ਪ੍ਰੋਡਕਸ਼ਨ ਵਿੱਚ 'ਸਾਰਟਕੱਟਸ' ਕੀਤੇ ਗਏ ਹਨ, ਜਿਸ ਨਾਲ ਜਹਾਜ਼ ਦੇ ਜੋੜਾਂ 'ਤੇ ਵਾਧੂ ਦਬਾਅ ਪੈਂਦਾ ਹੈ, ਜੋ ਸਮਾਂ ਬੀਤਣ ਬਾਅਦ ਵੱਡੇ ਸੰਕਟ ਦਾ ਕਾਰਨ ਬਣ ਸਕਦਾ ਹੈ। ਉਸ ਨੇ ਇਹ ਵੀ ਦੋਸ਼ ਲਾਇਆ ਕਿ ਉਸ ਦੀ ਚਿੰਤਾ ਨੂੰ ਕੰਪਨੀ ਨੇ ਨਜ਼ਰਅੰਦਾਜ਼ ਕਰ ਦਿੱਤਾ, ਉਸ ਨੂੰ ਬੋਇੰਗ 787 ਦੇ ਪ੍ਰੋਜੈਕਟ ਤੋਂ ਹਟਾ ਕੇ ਦੂਜੇ ਪ੍ਰੋਜੈਕਟ ਵਿੱਚ ਤਬਦੀਲ ਕਰ ਦਿੱਤਾ ਗਿਆ ਸੀ।

ਸਾਲੇਹਪੁਰ ਦੇ ਦੋਸ਼ਾਂ ਤੋਂ ਬਾਅਦ ਅਮਰੀਕੀ ਏਵੀਏਸ਼ਨ ਅਥਾਰਟੀ ਵੱਲੋਂ ਇਸ ਦੀ ਜਾਂਚ ਕੀਤੀ ਗਈ ਸੀ। ਮਈ 2024 ਵਿੱਚ ਏਵੀਏਸ਼ਨ ਅਥਾਰਟੀ ਨੇ ਦੇਖਿਆ ਕਿ ਦੱਖਣੀ ਕੈਰੋਲੀਨਾ ਪਲਾਂਟ ਦੇ ਕਰਮਚਾਰੀਆਂ ਵੱਲੋਂ ਵਿੰਗ ਟੂ ਫਿਊਜ਼ਲੈਜ ਦੇ ਜੋੜਾਂ ਦੀ ਜਾਂਚ ਕੀਤੇ ਬਿਨਾਂ ਹੀ ਰਿਕਾਰਡ ਵਿੱਚ ਇਹ ਜਾਂਚ ਕੀਤੇ ਜਾਣਾ ਦਰਜ ਕੀਤਾ ਗਿਆ ਸੀ। ਇਸ ਗਲਤ ਕਾਰਵਾਈ ਨੂੰ ਬੋਇੰਗ ਕੰਪਨੀ ਨੇ ਮੰਨਿਆ ਵੀ ਸੀ, ਪਰ ਨਾਲ ਹੀ ਕਿਹਾ ਕਿ ਇਹ ਉੱਡਣ ਸੁਰੱਖਿਆ ਲਈ ਤੁਰੰਤ ਖ਼ਤਰਾ ਨਹੀਂ ਹੈ। ਅਥਾਰਟੀ ਨੇ ਕੰਪਨੀ ਨੂੰ ਰਹਿੰਦੇ 787 ਜਹਾਜ਼ਾਂ ਦੀ ਦੁਬਾਰਾ ਜਾਂਚ ਕਰਨ ਤੇ ਸੇਵਾ ਵਿੱਚ ਲੱਗੇ ਜਹਾਜ਼ਾਂ ਦੀ ਜਾਂਚ ਲਈ ਪ੍ਰਬੰਧ ਕਰਨ ਦਾ ਆਦੇਸ਼ ਦਿੱਤਾ ਸੀ। ਇਸ ਆਦੇਸ਼ ਦੀ ਪਾਲਣਾ ਹੋਈ ਜਾਂ ਨਹੀਂ, ਇਸ ਦੀ ਕੋਈ ਅਧਿਕਾਰਤ ਪੁਸ਼ਟੀ ਨਹੀਂ ਹੋਈ।

ਬੋਇੰਗ 787 ਡਰੀਮਲਾਈਨ ਦਾ ਇਤਿਹਾਸ ਵਿਵਾਦਾਂ ਨਾਲ ਭਰਿਆ ਹੋਇਆ ਹੈ। 2013 ਵਿੱਚ ਬੈਟਰੀਆਂ ਦੀ ਸਮੱਸਿਆ, ਫਿਊਲ ਰਿਸਣ ਤੇ ਬਰੇਕਾਂ ਵਿਚਲੀਆਂ ਖਾਮੀਆਂ ਕਾਰਣ ਕਈ ਦੇਸ਼ਾਂ ਨੇ ਇਨ੍ਹਾਂ ਦਾ ਚਲਣ ਬੰਦ ਕਰ ਦਿੱਤਾ ਸੀ। 2021 ਵਿੱਚ ਏਵੀਏਸ਼ਨ ਅਥਾਰਟੀ ਨੇ ਇਸ ਵਿਚਲੀਆਂ ਖਾਮੀਆਂ ਕਾਰਨ ਇਸ ਦੀ ਡਲਿਵਰੀ ਉੱਤੇ 2022 ਤੱਕ ਰੋਕ ਲਾ ਦਿੱਤੀ ਸੀ। ਕੁਝ ਸਮਾਂ ਪਹਿਲਾਂ ਹੀ ਮਾਰਚ 2024 ਵਿੱਚ ਲੈਟਮ ਏਅਰਲਾਈਨਜ਼ ਦਾ ਇੱਕ 787 ਜਹਾਜ਼ ਅਚਾਨਕ ਹਵਾ ਵਿੱਚ ਗੋਤਾ ਖਾ ਗਿਆ ਸੀ, ਜਿਸ ਕਾਰਨ 50 ਤੋਂ ਵੱਧ ਮੁਸਾਫ਼ਰ ਜ਼ਖ਼ਮੀ ਹੋ ਗਏ ਸਨ। ਬੋਇੰਗ ਦੇ ਦੂਜੇ ਜਹਾਜ਼ ਵੀ ਸੁਰੱਖਿਆ ਕਾਰਨਾਂ ਕਰਕੇ ਵਿਵਾਦਾਂ ਵਿੱਚ ਰਹੇ ਹਨ। 2018 ਵਿੱਚ ਲਾਈਨ ਏਅਰ ਫਲਾਈਟ 610 ਤੇ 2019 ਵਿੱਚ ਇਥੋਪੀਅਨ ਏਅਰਲਾਈਨਜ਼ ਫਲਾਈਟ 302 ਦੇ ਹਾਦਸਿਆਂ ਵਿੱਚ 346 ਵਿਅਕਤੀਆਂ ਨੇ ਜਾਨ ਗੁਆ ਦਿੱਤੀ ਸੀ।

ਮਾਰਚ 2024 ਵਿੱਚ 'ਨਿਊਯਾਰਕ ਟਾਈਮਜ਼' ਨੇ ਰਿਪੋਰਟ ਛਾਪੀ ਸੀ ਕਿ ਬੋਇੰਗ ਤਕਰੀਬਨ ਤਿੰਨ ਦਰਜਨ ਆਡਿਟਾਂ ਵਿੱਚ ਫੇਲ੍ਹ ਰਿਹਾ ਹੈ। ਉਸੇ ਮਹੀਨੇ ਅਮਰੀਕੀ ਨਿਆਂ ਵਿਭਾਗ ਨੇ ਬੋਇੰਗ ਕੰਪਨੀ ਵਿਰੁੱਧ ਅਪਰਾਧਕ ਜਾਂਚ ਸ਼ੁਰੂ ਕਰ ਦਿੱਤੀ ਸੀ। ਇਸੇ ਦੌਰਾਨ ਕੰਪਨੀ ਨੇ ਖੁਦ ਇਹ ਜਾਣਕਾਰੀ ਦਿੱਤੀ ਸੀ ਕਿ ਕੁਝ 787 ਡਰੀਮਲਾਈਨ ਜਹਾਜ਼ਾਂ ਦੇ ਖੰਭਾਂ ਤੇ ਮੁੱਖ ਢਾਂਚੇ ਦੇ ਜੋੜਾਂ ਵਾਲੇ ਹਿੱਸਿਆਂ ਦੀ ਸੁਰੱਖਿਆ ਜਾਂਚ ਪੂਰੀ ਨਹੀਂ ਕੀਤੀ ਹੋ ਸਕਦੀ। ਕੰਪਨੀ ਦੀ ਇਹ ਚਿਤਾਵਨੀ ਸੁਰੱਖਿਆ ਨੂੰ ਲੈ ਕੇ ਗੰਭੀਰ ਸਵਾਲ ਖੜ੍ਹੇ ਕਰਦੀ ਹੈ। ਅਹਿਮਦਾਬਾਦ ਦਾ ਹਾਦਸਾ 787 ਡਰੀਮਲਾਈਨ ਦਾ ਵੱਡਾ ਹਾਦਸਾ ਹੈ। ਹੁਣ ਸਮਾਂ ਆ ਗਿਆ ਹੈ ਕਿ ਦੁਨੀਆ ਭਰ ਵਿੱਚ ਜਿੱਥੇ ਵੀ 787 ਡਰੀਮਲਾਈਨ ਦੀ ਵਰਤੋਂ ਹੋ ਰਹੀ ਹੈ, ਉਸ ਦਾ ਸੁਰੱਖਿਆ ਆਡਿਟ ਮੁੜ ਤੋਂ ਕੀਤਾ ਜਾਣਾ ਚਾਹੀਦਾ ਹੈ। ਇਹ ਹਕੀਕਤ ਹੈ ਕਿ ਬੋਇੰਗ ਵਰਗੀਆਂ ਕੰਪਨੀਆਂ ਨੂੰ ਲੋਕਾਂ ਦੀਆਂ ਜ਼ਿੰਦਗੀਆਂ ਨਾਲੋਂ ਆਪਣਾ ਮੁਨਾਫ਼ਾ ਵੱਧ ਪਿਆਰਾ ਹੁੰਦਾ ਹੈ। ਇਸ ਲਈ ਮਨੁੱਖੀ ਜ਼ਿੰਦਗੀਆਂ ਦੀ ਸੁਰੱਖਿਆ ਦੇ ਮਸਲੇ ਨੂੰ ਕਾਰਪੋਰੇਟ ਮੁਨਾਫਾਖੋਰਾਂ 'ਤੇ ਨਾ ਛੱਡ ਕੇ ਇਸ ਦੀ ਜ਼ਿੰਮੇਵਾਰੀ ਸਰਕਾਰਾਂ ਨੂੰ ਚੁੱਕਣੀ ਚਾਹੀਦੀ ਹੈ।

## ਯੁੱਗ ਬਦਲ ਗਿਆ !

ਕੋਈ ਫੋਟੋ ਖਿਚਾਵੇ ਕੋਈ ਲਵੇ 'ਸੈਲਫੀ',
'ਡੀ ਪੀ' ਲਾਉਣ ਲਈ ਸਜਦੇ ਫੱਬਦੇ ਨੇ।
'ਐਕਟਰ' ਬਣਨ ਦੀ ਲੱਗੀ ਏ ਹੋੜ ਦੇਖੋ,
ਸਾਰੇ 'ਰੀਲਾਂ' ਬਣਾਉਣ ਲਈ ਭੱਜਦੇ ਨੇ।
ਨਵਾਂ ਪੋਚ ਮੋਬਾਈਲਾਂ ਵਿਗਾੜਿਆ ਏ,
ਪੈ ਗਏ ਭੋਗ ਹੁਣ 'ਸੰਗਾਂ ਤੇ ਲੱਜ' ਦੇ ਨੇ।
ਫਿਕਰ ਪਿਆ ਭਵਿੱਖ ਦਾ ਮਾਪਿਆਂ ਨੂੰ,
ਕਰਦੇ ਦੁਖੀ ਵਰਤਾਰੇ ਹੀ 'ਅੱਜ ਦੇ' ਨੇ।
ਪੱਤਰਕਾਰਾਂ ਵੀ ਲਿਖਣ ਦੀ ਕਾਰ ਛੱਡੀ,
ਹੁਣ ਉਹ ਚੈਨਲਾਂ 'ਤੇ ਹੀ 'ਗੱਜਦੇ' ਨੇ।
ਕਲਮਾਂ ਗਾਇਬ ਤੇ ਪੈੱਨ ਵੀ 'ਲੋਪ' ਹੋਏ,
'ਕੀਅ-ਬੋਰਡ' 'ਤੇ ਠੂੰਗੇ ਹੁਣ ਵੱਜਦੇ ਨੇ।

-ਤਰਲੋਚਨ ਸਿੰਘ ਦੁਪਾਲਪੁਰ, 78146-92724

# ਵਧਦੇ ਪ੍ਰਦੂਸ਼ਣ ਦੀ ਚੁਣੌਤੀ


ਨਰਿੰਦਰ ਸਿੰਘ

ਪ੍ਰਦੂਸ਼ਣ ਦੀ ਸਮੱਸਿਆ ਪੂਰੇ ਵਿਸ਼ਵ ਦੀ ਸਮੱਸਿਆ ਹੈ। ਭਾਰਤ ਵਿੱਚ ਪ੍ਰਦੂਸ਼ਣ ਦੀ ਸਮੱਸਿਆ ਬਹੁਤ ਗੰਭੀਰ ਹੈ। ਭਾਰਤ ਨੂੰ ਬੇਹੱਦ ਪ੍ਰਦੂਸ਼ਿਤ ਹਵਾ ਵਾਲਾ ਦੇਸ਼ ਮੰਨਿਆ ਜਾਂਦਾ ਹੈ । ਵਧਦਾ ਪ੍ਰਦੂਸ਼ਣ ਦੇਸ਼ ਲਈ ਵੱਡੀ ਚੁਣੌਤੀ ਹੈ । ਸਵਿਸ ਸੰਗਠਨ ਆਈ.ਕਿਯੂ.ਏਅਰ ਵੱਲੋਂ ਜਾਰੀ ਵਿਸ਼ਵ ਹਵਾ ਗੁਣਵੱਤਾ ਰਿਪੋਰਟ 2024 ਅਨੁਸਾਰ ਸੰਸਾਰ ਦੇ ਸਭ ਤੋਂ ਵੱਧ 20 ਪ੍ਰਦੂਸ਼ਿਤ ਸ਼ਹਿਰਾਂ 'ਚ 13 ਭਾਰਤ ਦੇ ਸ਼ਹਿਰ ਹਨ । ਇਸ ਰਿਪੋਰਟ ਮੁਤਾਬਿਕ ਦਿੱਲੀ ਪ੍ਰਦੂਸ਼ਿਤ ਰਾਜਧਾਨੀ ਦੇ ਮਾਮਲੇ 'ਚ ਸੰਸਾਰ ਭਰ ਵਿੱਚ ਪਹਿਲੇ ਨੰਬਰ 'ਤੇ ਬਰਕਰਾਰ ਹੈ । ਹਾਲਾਂਕਿ ਸ਼ਹਿਰਾਂ ਦੇ ਮਾਮਲੇ 'ਚ ਅਸਾਮ ਦਾ ਬਰਨੀਹਾਟ ਸੰਸਾਰ ਦਾ ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰ ਬਣ ਗਿਆ ਹੈ । ਪੰਜਾਬ ਦੇ ਮੁੱਲਾਂਪੁਰ ਸ਼ਹਿਰ ਦਾ ਨਾਂਅ ਵੀ ਇਸ ਸੂਚੀ ਵਿੱਚ ਸ਼ਾਮਲ ਹੈ। ਇਸ ਤੋਂ ਇਲਾਵਾ ਫਰੀਦਾਬਾਦ, ਲੋਨੀ, ਗੁਰੂਗ੍ਰਾਮ, ਨਵੀਂ ਦਿੱਲੀ, ਗੰਗਾਨਗਰ, ਗ੍ਰੇਟਰ ਨੋਇਡਾ, ਭਿਵਾੜੀ, ਮੁਜ਼ੱਫਰਨਗਰ, ਹਨੂੰਮਾਨਗੜ੍ਹ ਅਤੇ ਨੋਇਡਾ ਸ਼ਾਮਲ ਹਨ । ਪਾਕਿਸਤਾਨ ਦੇ ਚਾਰ ਸ਼ਹਿਰ ਅਤੇ ਚੀਨ ਦਾ ਇਕ ਸ਼ਹਿਰ ਵੀ ਇਸ ਰਿਪੋਰਟ 'ਚ ਸ਼ਾਮਲ ਹੈ ।

ਰਿਪੋਰਟ 'ਚ ਭਾਰਤ ਨੂੰ ਸੰਸਾਰ ਦੇ ਸਭ ਤੋਂ ਪ੍ਰਦੂਸ਼ਿਤ ਦੇਸ਼ਾਂ 'ਚ ਪੰਜਵਾਂ ਸਥਾਨ ਦਿੱਤਾ ਗਿਆ ਹੈ । ਦੱਸਣਯੋਗ ਹੈ ਕਿ ਦੇਸ਼ ਵਿੱਚ ਹਵਾ ਪ੍ਰਦੂਸ਼ਣ ਇਕ ਗੰਭੀਰ ਸਿਹਤ ਖ਼ਤਰਾ ਬਣਿਆ ਹੋਇਆ ਹੈ, ਜਿਸ ਨਾਲ ਉਮਰ ਲੱਗਭੱਗ ਪੰਜ ਸਾਲ ਘਟ ਜਾਂਦੀ ਹੈ । ਸਾਲ 2009 ਤੋਂ ਸਾਲ 2019 ਤੱਕ ਭਾਰਤ ਵਿੱਚ ਹਰ ਸਾਲ ਪ੍ਰਦੂਸ਼ਣ ਕਾਰਨ ਲੱਗਭੱਗ 15 ਲੱਖ ਮੌਤਾਂ ਦਰਜ ਕੀਤੀਆਂ ਗਈਆਂ । ਦਿੱਲੀ ਵਿੱਚ ਲਗਾਤਾਰ ਪ੍ਰਦੂਸ਼ਣ ਦਾ ਪੱਧਰ ਹਾਈ ਦਰਜ ਕੀਤਾ ਗਿਆ। ਇੱਥੇ ਪੀ ਐੱਮ 2.5 ਦਾ ਸਾਲਾਨਾ ਔਸਤ 91.6 ਮਾਈਕਰੋਗ੍ਰਾਮ ਪ੍ਰਤੀ ਕਿਊਬਿਕ ਮੀਟਰ ਰਹੀ । ਵਿਸ਼ਵ ਸਿਹਤ ਸੰਗਠਨ ਦੀ ਰਿਪੋਰਟ ਮੁਤਾਬਿਕ ਦਸ ਵਿੱਚੋਂ ਅੱਠ ਲੋਕ ਪ੍ਰਦੂਸ਼ਣ ਵਾਲੀ ਹਵਾ ਵਿੱਚ ਸਾਹ ਲੈਂਦੇ ਹਨ । ਸਿਹਤ ਸੰਗਠਨ ਵੱਲੋਂ ਨਿਰਧਾਰਤ ਹਵਾ ਦੀ ਗੁਣਵੱਤਾ ਦੇ ਪੱਧਰ 'ਤੇ ਸਾਡੇ ਦੇਸ਼ ਦੀ ਹਵਾ ਦਸ ਗੁਣਾਂ ਵੱਧ ਪਲੀਤ ਹੋ ਚੁੱਕੀ ਹੈ । ਵਧਦੇ ਹਵਾ ਪ੍ਰਦੂਸ਼ਣ ਨਾਲ ਸਾਹ ਨਾਲ ਜੁੜੀਆਂ ਬਿਮਾਰੀਆਂ ਜਿਵੇਂ ਦਮਾ, ਖੰਘ ਅਤੇ ਜ਼ੁਕਾਮ ਆਦਿ ਦਾ ਕਹਿਰ ਵਧਿਆ ਹੈ । ਪ੍ਰਦੂਸ਼ਣ ਦੀ ਇਸ ਗੰਭੀਰ ਸਮੱਸਿਆ ਦਾ ਅਸਰ ਗਰਭਵਤੀ ਔਰਤਾਂ ਅਤੇ ਨਵ-ਜਨਮੇ ਬੱਚਿਆਂ ਦੀ ਸਿਹਤ ਤੇ ਵੀ ਸਾਫ਼-ਸਾਫ਼ ਵੇਖਿਆ ਜਾ ਸਕਦਾ ਹੈ । ਸੜਕਾਂ-ਚੌਕਾਂ 'ਤੇ ਥਾਂ-ਥਾਂ ਸੜਦੇ ਕੂੜੇ-ਕਚਰੇ ਦੇ ਵਰਤਾਰੇ ਨੇ ਇਸ ਸਮੱਸਿਆ ਦੀ ਗੰਭੀਰਤਾ ਨੂੰ ਹੋਰ ਵਧਾ ਦਿੱਤਾ ਹੈ । ਦੀਵਾਲੀ ਨੂੰ ਚਲਾਈ ਜਾਣ ਵਾਲੀ ਆਤਿਸ਼ਬਾਜ਼ੀ ਅਤੇ ਪਟਾਕੇ ਵੀ ਹਵਾ ਪ੍ਰਦੂਸ਼ਣ ਵਧਾਉਣ ਦਾ ਵੱਡਾ ਕਾਰਨ ਬਣਦੇ ਹਨ। ਹਵਾ ਪ੍ਰਦੂਸ਼ਣ 'ਚ ਬਹੁਤ ਜ਼ਿਆਦਾ ਵਿਗਾੜ ਲਈ ਹੋਰ ਕਈ ਕਾਰਨਾਂ ਤੋਂ ਇਲਾਵਾ ਪਰਾਲੀ ਸਾੜ ਜਾਣ ਨੂੰ ਵੀ ਇਕ ਵੱਡਾ ਕਾਰਨ ਮੰਨਿਆ ਜਾਂਦਾ ਹੈ । ਪਰਾਲੀ ਸਾੜੇ ਜਾਣ ਕਾਰਨ ਇਸ ਤੋਂ ਪੈਦਾ ਹੋਏ ਧੂੰਏ ਅਤੇ ਅੱਗ ਦੀਆਂ ਲਪਟਾਂ 'ਚ ਘਿਰ ਕੇ ਸਮੇਂ-ਸਮੇਂ ਕਈ ਮਨੁੱਖੀ ਜਾਨਾਂ ਵੀ ਚਲੀਆਂ ਜਾਂਦੀਆਂ ਹਨ। ਇਸ ਅੱਗ 'ਚ ਕਈ ਪਸ਼ੂ-ਪੰਛੀਆਂ ਦੇ ਝੁਲਸਣ ਤੋਂ ਇਲਾਵਾ ਰੁੱਖਾਂ ਨੂੰ ਅੱਗ ਲੱਗਣ ਨਾਲ ਵੀ ਵਾਤਾਵਰਨ ਨੂੰ ਨੁਕਸਾਨ ਪਹੁੰਚਦਾ ਹੈ । ਫੈਕਟਰੀਆਂ ਦੀਆਂ ਚਿਮਨੀਆਂ ਤੋਂ ਨਿਕਲਣ ਵਾਲਾ ਧੂੰਆਂ, ਵਾਹਨਾਂ 'ਚੋਂ ਧੂੰਏ ਦਾ ਨਿਕਾਸ, ਢੋਆ-ਢੁਆਈ ਵਾਲੀਆਂ ਥਾਵਾਂ ਤੋਂ ਧੂੜ-ਮਿੱਟੀ ਦਾ ਉੱਡਣਾ ਆਦਿ ਹਵਾ ਪ੍ਰਦੂਸ਼ਣ ਦੇ ਮੁੱਖ ਕਾਰਨ ਹਨ । ਹਵਾ ਪ੍ਰਦੂਸ਼ਣ ਨਾਲ ਫ਼ਸਲਾਂ ਤੇ ਜਾਨਵਰਾਂ ਨੂੰ ਕਾਫੀ ਨੁਕਸਾਨ ਹੁੰਦਾ ਹੈ । ਹਾਲੇ ਵੀ ਦੇਸ਼ ਭਰ ਵਿੱਚ ਲੱਖਾਂ ਹੀ ਪਿੰਡਾਂ 'ਚ ਚੁੱਲ੍ਹੇ ਬਾਲੇ ਜਾਂਦੇ ਹਨ ਅਤੇ ਖਾਣਾ ਬਣਾਉਣ ਅਤੇ ਹੋਰ ਕੰਮਾਂ ਲਈ ਪਾਥੀਆਂ ਦੀ ਵੀ ਵਰਤੋਂ ਕੀਤੀ ਜਾਂਦੀ ਹੈ । ਇਕ ਅੰਦਾਜ਼ੇ ਅਨੁਸਾਰ ਹੁਣ ਵੀ ਦੇਸ਼ 'ਚ 10 ਕਰੋੜ ਘਰਾਂ 'ਚ ਚੁੱਲ੍ਹਿਆਂ ਦੀ ਵਰਤੋਂ ਕੀਤੀ ਜਾਂਦੀ ਹੈ, ਕਿਉਂਕਿ ਉੱਥੇ ਬਿਜਲੀ ਅਤੇ ਰਸੋਈ ਗੈਸ ਦੀ ਵਰਤੋਂ ਦੀ ਘਾਟ ਹੈ । ਘਰਾਂ ਵਿੱਚ ਚੁੱਲ੍ਹਿਆਂ 'ਚ ਅੱਗ ਜਲਾਉਣ ਲਈ ਬਾਲਣ ਵਜੋਂ ਲੱਕੜ ਦੀ ਹੋ ਰਹੀ ਵਰਤੋਂ ਕਾਰਨ ਤਿੰਨ ਤੋਂ ਚਾਰ ਲੱਖ ਮੌਤਾਂ ਇਸ ਪ੍ਰਦੂਸ਼ਿਤ ਧੂੰਏ ਨਾਲ ਹੁੰਦੀਆਂ ਹਨ । ਸਨਅਤੀ ਧੂੰਏਂ ਦੇ ਨਾਲ-ਨਾਲ ਕਰੋੜਾਂ ਹੀ ਵਾਹਨਾਂ ਦਾ ਧੂੰਆਂ ਕੱਚੇ ਰਸਤਿਆਂ ਤੋਂ ਉੱਠਦੀ ਧੂੜ, ਨਿਰਮਾਣ ਕਾਰਜ, ਪਰਾਲੀ ਨੂੰ ਅੱਗ ਆਦਿ ਨਾਲ ਪ੍ਰਦੂਸ਼ਣ ਵਿਚ ਭਾਰੀ ਵਾਧਾ ਹੋਇਆ ਹੈ । ਇਕ ਅਧਿਐਨ ਅਨੁਸਾਰ ਪ੍ਰਦੂਸ਼ਣ 51 ਫ਼ੀਸਦੀ ਸਨਅਤਾਂ, 27 ਫ਼ੀਸਦੀ ਵਾਹਨਾਂ ਅਤੇ 17 ਫ਼ੀਸਦੀ ਪਰਾਲੀ ਸਾੜੇ ਜਾਣ ਨਾਲ ਪੈਦਾ ਹੁੰਦੇ ਧੂੰਏਂ ਦਾ ਹੈ । ਦੇਸ਼ ਵਿੱਚ ਬਹੁਤੀ ਬਿਜਲੀ ਵੀ ਕੋਲੇ ਨਾਲ ਚੱਲਣ ਵਾਲੇ ਤਾਪ ਬਿਜਲੀ ਘਰਾਂ ਤੋਂ ਪ੍ਰਾਪਤ ਹੁੰਦੀ ਹੈ । ਪ੍ਰਦੂਸ਼ਤ ਹਵਾ ਕਾਰਨ ਹੀ ਇੱਥੇ ਹਰ ਸਾਲ ਵੀਹ ਲੱਖ ਮੌਤਾਂ ਹੁੰਦੀਆਂ ਹਨ । ਵੱਡੇ-ਛੋਟੇ ਸ਼ਹਿਰਾਂ ਵਿੱਚ ਲਗਾਤਾਰ ਹਰ ਤਰ੍ਹਾਂ ਦੇ ਵਾਹਨਾਂ ਦੀ ਗਿਣਤੀ ਵਧਦੇ ਜਾਣ ਕਾਰਨ ਟ੍ਰੈਫਿਕ ਰੁਕ-ਰੁਕ ਕੇ ਬੇਹੱਦ ਹੌਲੀ ਚਲਦਾ ਹੈ । ਅਜਿਹੀ ਸਥਿਤੀ ਵਿੱਚ ਤੇਜ਼ ਗਤੀ ਵਾਲੇ ਵਾਹਨਾਂ ਤੋਂ ਹੌਲੀ ਚਲਦੇ ਵਾਹਨ ਕਈ ਗੁਣਾਂ ਜ਼ਿਆਦਾ ਧੂੰਆਂ ਛੱਡਦੇ ਹਨ। ਪਿਛਲੇ ਸਾਲਾਂ ਵਿੱਚ ਹੋਏ ਅਧਿਐਨਾਂ ਮੁਤਾਬਕ ਦੇਸ਼ ਦੇ ਚੌਦਾਂ ਕਰੋੜ ਤੋਂ ਵਧੇਰੇ ਲੋਕ ਕੌਮਾਂਤਰੀ ਸਿਹਤ ਆਰਗੇਨਾਈਜੇਸ਼ਨ ਵੱਲੋਂ ਮਿੱਥੀ ਸਾਫ਼ ਹਵਾ ਦੀ ਸ਼੍ਰੇਣੀ ਤੋਂ ਦਸ ਗੁਣਾਂ ਵਧੇਰੇ ਪ੍ਰਦੂਸ਼ਿਤ ਹੋਈ ਹਵਾ ਵਿਚ ਸਾਹ ਲੈਣ ਲਈ ਇਕ ਕਾਨੂੰਨ ਬਣਾਇਆ ਗਿਆ ਸੀ, ਪਰ ਸਖਤੀ ਅਤੇ ਇਮਾਨਦਾਰੀ ਨਾਲ ਇਸ ਤੇ ਕਦੇ ਵੀ ਅਮਲ ਨਹੀਂ ਕੀਤਾ ਗਿਆ। ਅੱਜ ਧਰਤੀ ਦੇ ਵਾਤਾਵਰਨ ਵਿੱਚ ਵੱਡੀਆਂ ਤਬਦੀਲੀਆਂ ਆ ਰਹੀਆਂ ਹਨ। ਸ਼ਹਿਰੀਕਰਨ ਦੇ ਵਧਦੇ ਜਾਣ ਕਾਰਨ ਦਰੱਖਤਾਂ ਅਤੇ ਜੰਗਲਾਂ ਦੀ ਗਿਣਤੀ ਘਟਦੀ ਜਾ ਰਹੀ ਹੈ । ਇਹ ਸਾਡੇ ਲਈ ਚਿੰਤਾ ਦਾ ਵਿਸ਼ਾ ਹੈ। ਗੁਰੂ ਨਾਨਕ ਦੇਵ ਜੀ ਨੇ ਹਵਾ, ਪਾਣੀ ਤੇ ਮਿੱਟੀ ਨੂੰ ਸਾਫ਼ ਰੱਖਣ ਦਾ ਉਪਦੇਸ਼ ਦਿੱਤਾ ਸੀ । ਉਨ੍ਹਾਂ "ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ" ਕਹਿ ਕੇ ਪਾਣੀ ਨੂੰ ਪਿਤਾ ਤੇ ਧਰਤੀ ਨੂੰ ਮਾਤਾ ਦਾ ਦਰਜਾ ਦਿੱਤਾ ਸੀ, ਪਰ ਅੱਜ ਪਿਤਾ ਰੂਪੀ ਪਾਣੀ ਤੇ ਮਾਤਾ ਰੂਪੀ ਧਰਤੀ ਨੂੰ ਪ੍ਰਦੂਸ਼ਤ ਕਰਕੇ ਬਾਬੇ ਨਾਨਕ ਦੀ ਸੋਚ ਨੂੰ ਤਿਲਾਂਜਲੀ ਦਿੱਤੀ ਜਾ ਰਹੀ ਹੈ। ਵਾਤਾਵਰਨ ਨੂੰ ਸ਼ੁੱਧ ਰੱਖਣ ਲਈ ਅੱਜ ਇੱਕ ਲਹਿਰ ਚਲਾਉਣ ਦੀ ਲੋੜ ਹੈ । ਸਕੂਲਾਂ, ਕਾਲਜਾਂ ਵਿੱਚ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਲਈ ਵਾਤਾਵਰਨ ਦੀ ਸ਼ੁਧਤਾ ਲਈ ਸੈਮੀਨਾਰ ਲਗਾਉਣੇ ਚਾਹੀਦੇ ਹਨ। ਆਮ ਲੋਕਾਂ ਨੂੰ ਜਾਗਰੂਕ ਕਰਨ ਦੀ ਬੇਹੱਦ ਲੋੜ ਹੈ ।

ਹਵਾ ਪ੍ਰਦੂਸ਼ਣ ਰੋਕਣ ਲਈ ਕੇਂਦਰ ਨੂੰ ਸੂਬਾ ਸਰਕਾਰਾਂ ਨਾਲ ਮਿਲ ਕੇ ਠੋਸ ਨੀਤੀ ਉਲੀਕਣੀ ਚਾਹੀਦੀ ਹੈ । ਪ੍ਰਦੂਸ਼ਣ ਘੱਟ ਜਾਂ ਜ਼ਿਆਦਾ ਹੁੰਦਾ ਰਹਿੰਦਾ ਹੈ ਪਰ ਇਹ ਪੂਰਾ ਸਾਲ ਮੌਜੂਦ ਰਹਿਣ ਵਾਲਾ ਮਸਲਾ ਹੈ । ਪ੍ਰਦੂਸ਼ਣ ਤੇ ਲਗਾਮ ਕੱਸਣ ਦੀ ਚਿੰਤਾ ਹਰ ਸਮੇਂ ਕੀਤੀ ਜਾਣੀ ਚਾਹੀਦੀ ਹੈ । ਕਿਸਾਨਾਂ ਦੀ ਤਕਨੀਕੀ ਤੇ ਹੋਰ ਢੰਗਾਂ ਨਾਲ ਸਰਕਾਰਾਂ ਵੱਲੋਂ ਸਹਾਇਤਾ ਕੀਤੀ ਜਾਣੀ ਚਾਹੀਦੀ ਹੈ । ਖ਼ੁਦ ਕਿਸਾਨਾਂ ਨੂੰ ਵੀ ਅੱਗੇ ਆ ਕੇ ਇਸ ਮਸਲੇ ਨੂੰ ਬੰਦ ਕਰਨਾ ਚਾਹੀਦਾ ਹੈ । ਇਸ ਵਿਚ ਹੀ ਸਭ ਦੀ ਭਲਾਈ ਹੈ । ਅਜਿਹੇ ਸਮੇਂ ਵਿੱਚ ਭਾਰਤ ਵਰਗੇ ਬੇਹੱਦ ਆਬਾਦੀ ਵਾਲੇ ਦੇਸ਼ ਨੂੰ ਹਵਾ ਪ੍ਰਦੂਸ਼ਣ ਦੇ ਪੱਖੋਂ ਬੇਹੱਦ ਸੁਚੇਤ ਹੋ ਕੇ ਯੋਜਨਾਬੰਦੀ ਕਰਨ ਦੀ ਜ਼ਰੂਰਤ ਹੋਵੇਗੀ । ਇਸ ਪੱਖੋਂ ਕੀਤੀਆਂ ਜਾਣ ਵਾਲੀਆਂ ਕਾਰਵਾਈਆਂ ਵਿੱਚ ਪਾਰਦਰਸ਼ਤਾ ਦੇ ਨਾਲ-ਨਾਲ ਵੱਡਾ ਜ਼ਾਬਤਾ ਅਤੇ ਇਮਾਨਦਾਰੀ ਦਾ ਹੋਣਾ ਬੇਹੱਦ ਜ਼ਰੂਰੀ ਹੈ । ਅਜਿਹੀ ਭਾਵਨਾ ਅਤੇ ਅਮਲਾਂ ਨਾਲ ਹੀ ਦੇਸ਼ ਦੇ ਲੋਕ ਸਾਹ ਲੈਣ ਜੋਗੇ ਰਹਿ ਸਕਣਗੇ ਅਤੇ ਆਪਣੀ ਉਮਰ ਦੇ ਸਫ਼ਰ ਵਿੱਚ ਚਾਰ ਕਦਮ ਹੋਰ ਵੀ ਵਧੇਰੇ ਤੁਰ ਸਕਣਗੇ ।

# ਸੰਪਰਕ : 98146-62260

# ਕੀ ਸਬੂਤ ਹੈ ਤੇਰੇ ਕੋਲ ?


ਵਿਸ਼ਵਾ ਮਿੱਤਰ

ਅੱਜਕੱਲ੍ਹ ਲੈਣ ਦੇਣ ਵਿਚ ਕਈ ਤਰਾਂ ਦੀਆਂ ਹੇਰਾਫੇਰੀਆਂ ਹੋ ਜਾਂਦੀਆਂ ਹਨ ਅਤੇ ਠੱਗਿਆ ਗਿਆ ਵਿਅਕਤੀ ਜਦੋਂ ਅਪਣਾ ਹੱਕ ਜਾਂ ਅਪਣਾ ਧਨ ਵਾਪਿਸ ਮੰਗਦਾ ਹੈ ਤਾਂ ਅਕਸਰ ਇਹੋ ਸੁਣਨ ਨੂੰ ਮਿਲਦਾ ਹੈ ਕਿ ਕੀ ਸਬੂਤ ਹੈ ਤੇਰੇ ਕੋਲ? ਇੱਕ ਵਿਅਕਤੀ ਨੇ ਕਿਸੇ ਕੋਲੋਂ ਚੈੱਕ ਰਾਹੀਂ ਇੱਕ ਲੱਖ ਰੁਪਿਆ ਛੇ ਮਹੀਨੇ ਬਾਅਦ ਵਾਪਸ ਦੇਣ ਦੇ ਵਾਅਦੇ ਨਾਲ ਉਧਾਰ ਲਿਆ । ਚੈੱਕ ਪ੍ਰਾਪਤ ਕਰਨ ਵਾਲੇ ਨੇ ਬਿਨਾਂ ਕਰਾਸ ਕਰਵਾਏ ਚੈੱਕ ਇਹ ਕਹਿ ਕੇ ਪ੍ਰਾਪਤ ਕਰ ਲਿਆ ਕਿ ਪੈਸੇ ਜਲਦੀ ਚਾਹੀਦੇ ਹਨ ਅਤੇ ਬੈਂਕ ਵਿਚੋਂ ਚੈੱਕ ਦੇ ਕੇ ਉਸੇ ਵੇਲੇ ਪੈਸੇ ਪ੍ਰਾਪਤ ਕਰ ਲਵਾਂਗਾ । ਚੈੱਕ ਪ੍ਰਾਪਤ ਕਰਨ ਵਾਲਾ ਵੀ ਬੇਈਮਾਨ ਸੀ ਅਤੇ ਉਸ ਦਾ ਦੋਸਤ ਬੈਂਕ ਕਰਮਚਾਰੀ ਵੀ ਬੇਈਮਾਨ ਸੀ। ਦੋਹਾਂ ਨੇ ਮਿਲ ਕੇ ਇਕ ਤੀਸਰੇ ਜਾਣਕਾਰ ਬੰਦੇ ਨੂੰ ਸੱਦਿਆ ਅਤੇ ਕਿਹਾ ਕਿ ਜਿਹੜਾ ਨਾਂਅ ਚੈੱਕ 'ਤੇ ਲਿਖਿਆ ਹੈ, ਉਹੀ ਨਾਂਅ ਚੈੱਕ ਪਿੱਛੇ ਲਿਖ ਕੇ ਪੈਸੇ ਕਢਵਾ ਲਿਆ । ਬਾਅਦ ਵਿਚ ਉਹਨਾਂ ਤਿੰਨਾਂ ਨੇ ਪੈਸੇ ਆਪਸ ਵਿਚ ਵੰਡ ਲਏ । ਛੇ ਮਹੀਨੇ ਬਾਅਦ ਜਦੋਂ ਚੈੱਕ ਜਾਰੀ ਕਰਨ ਵਾਲੇ ਨੇ ਉਧਾਰ ਵਾਪਸ ਮੰਗਿਆ ਤਾਂ ਉਧਾਰ ਲੈਣ ਵਾਲਾ ਗੁੱਸੇ ਵਿਚ ਬੋਲਿਆ ਕਿ ਕਿਹੜਾ ਉਧਾਰ ਅਤੇ ਮੈਂ ਕਦੋਂ ਲਿਆ ? ਜਦੋਂ ਕਿਹਾ ਕਿ ਤੂੰ ਮੈਥੋਂ ਇੱਕ ਲੱਖ ਰੁਪਏ ਦਾ ਚੈੱਕ ਲਿਆ ਸੀ ਤਾਂ ਅਗਲਾ ਸਾਫ਼ ਮੁੱਕਰ ਗਿਆ ਅਤੇ ਕਿਹਾ, ਕੀ ਸਬੂਤ ਹੈ ਤੇਰੇ ਕੋਲ?

ਬੈਂਕ ਦਾ ਫਰਜ਼ ਬਣਦਾ ਹੈ ਕਿ ਖਾਤਾਧਾਰੀਆਂ ਦੇ ਖਾਤਿਆਂ ਦੀ ਜਾਣਕਾਰੀ ਸੁਰੱਖਿਅਤ ਰੱਖੀ ਜਾਵੇ, ਪਰ ਇਹ ਆਮ ਤੌਰ 'ਤੇ ਹੁੰਦਾ ਨਹੀਂ। ਮੈਂ ਇੱਕ ਵਾਰ ਬੈਂਕ ਵਿਚ ਇੱਕ ਲੱਖ ਰੁਪਿਆ ਜਮ੍ਹਾਂ ਕਰਵਾਇਆ। ਉਸੇ ਦਿਨ ਹੀ ਸ਼ਾਮ ਵੇਲੇ ਮੈਨੂੰ ਇੱਕ ਨਿੱਜੀ ਬੈਂਕ ਦਾ ਫੋਨ ਆ ਗਿਆ ਕਿ ਜੇਕਰ ਤੁਸੀ ਇੱਕ ਲੱਖ ਰੁਪਏ ਸਾਡੇ ਜਮ੍ਹਾਂ ਕਰਵਾਏ ਹੁੰਦੇ ਤਾਂ ਐਨਾ ਵਿਆਜ ਮਿਲਣਾ ਸੀ ਪਾਠਕ ਇਹੋ ਜਿਹੇ ਕਈ ਕੇਸ ਪੜ੍ਹ ਚੁੱਕੇ ਹਨ, ਜਿਨ੍ਹਾਂ ਵਿਚ ਕਿਸੇ ਨੂੰ ਫੋਨ ਆਉਂਦਾ ਹੈ ਕਿ ਤੁਹਡਾ ਏ ਟੀ ਐਮ ਕਾਰਡ ਬਲਾਕ ਹੋ ਗਿਆ ਹੈ, ਅਨਬਲਾਕ ਕਰਨ ਲਈ ਕਾਰਡ ਦੇ ਪਿਛਲ਼ੇ ਚਾਰ ਅੰਕ ਭੇਜੋ, ਅੰਕ ਭੇਜਦੇ ਹੀ ਇੱਕ ਓ ਟੀ ਪੀ ਆਉਂਦਾ ਹੈ ਅਤੇ ਓ ਟੀ ਪੀ ਛੂਹਣ ਤੇ ਬੈਂਕ ਖਾਤਾ ਖਾਲੀ ਹੋ ਜਾਂਦਾ ਹੈ। ਅਜਿਹੇ ਕੇਸ ਵੀ ਪੜ੍ਹ ਚੁੱਕੇ ਹੋ ਕਿ ਫੋਨ ਆਉਂਦਾ ਹੈ ਕਿ ਤੁਹਾਡੀ ਢਾਈ ਲੱਖ ਰੁਪਏ ਦੀ ਲਾਟਰੀ ਨਿਕਲੀ ਹੈ, ਰਕਮ ਪ੍ਰਾਪਤ ਕਰਨ ਲਈ ਦਸ ਪ੍ਰਤੀਸ਼ਤ ਆਮਦਨ ਟੈਕਸ 25000 ਰੁਪਏ ਇਸ ਖਾਤੇ ਵਿੱਚ ਭੇਜੋ ਜਾਂ ਜਮ੍ਹਾਂ ਕਰਵਾਓ ਅਤੇ ਇਹ ਵੀ ਸੋਚੇ ਬਿਨਾਂ ਕਿ ਲਾਟਰੀ ਤਾਂ ਪਾਈ ਨਹੀਂ, ਨਿਕਲ ਕਿੱਥੋਂ ਆਈ, ਵਿਅਕਤੀ ਪੈਸੇ ਜਮ੍ਹਾਂ ਕਰਵਾ ਦੇਂਦਾ ਹੈ, ਸਮਝੋ ਗੰਗਾ ਰੋੜ੍ਹ ਆਉਂਦਾ ਹੈ।

ਇਹ ਫਰਾਡ ਵੀ ਪੜ੍ਹ ਜਾਂ ਸੁਣ ਚੁੱਕੇ ਹੋਵੋਗੇ ਕਿ ਕਿਸੇ ਬਜ਼ੁਰਗ ਨੂੰ ਫੋਨ ਆਉਂਦਾ ਹੈ ਕਿ ਉਸ ਦਾ ਵਿਦੇਸ਼ ਵਿਚ ਰਹਿੰਦਾ ਨਜ਼ਦੀਕੀ ਰਿਸ਼ਤੇਦਾਰ ਕਿਸੇ ਪੁਲਸ ਕੇਸ ਵਿੱਚ ਫਸ ਗਿਆ ਹੈ ਅਤੇ ਉਸ ਨੂੰ ਛੁਡਾਉਣ ਲਈ ਦੋ ਲੱਖ ਰੁਪਏ ਭੇਜੋ । ਇਹੋ ਜਿਹੇ ਹੋਰ ਵੀ ਕਈ ਫਰਾਡ ਅੱਜਕੱਲ੍ਹ ਹੋ ਰਹੇ ਹਨ, ਪਰ ਹੁੰਦੇ ਕੇਵਲ ਉਹਨਾਂ ਨਾਲ ਹਨ, ਜਿਹੜੇ ਚੌਕੰਨੇ ਨਹੀਂ ਹੁੰਦੇ ਅਤੇ ਤੁਰੰਤ ਆਏ ਫੋਨ ਅਨੁਸਾਰ ਕੰਮ ਕਰ ਦੇਂਦੇ ਹਨ ।

ਆਰਟੀਫਿਸ਼ੀਅਲ ਇੰਟੈਲੀਜੈਂਸੀ ਜਾਂ ਮਸਨੂਈ ਬੁੱਧੀ ਦੇ ਜਿੱਥੇ ਕਈ ਫਾਇਦੇ ਹਨ, ਜਿਵੇਂ ਕਿ ਤਰੁਟੀ ਰਹਿਤ ਆਟੋਮੇਸ਼ਨ, ਛੇਤੀ ਫੈਸਲੇ, ਗਾਹਕ ਦੀ ਵਧੀਆ ਸੇਵਾ, ਸਹੀ ਡਾਕਟਰੀ ਤਸਖੀਸ ਅਤੇ ਭਰੋਸੇਯੋਗ ਮੌਸਮ ਦੀ ਭਵਿੱਖਬਾਣੀ ਆਦਿ, ਉੱਥੇ ਭਵਿੱਖ਼ ਵਿਚ ਇਸ ਦੇ ਬਹੁਤ ਨੁਕਸਾਨ ਵੀ ਹੋ ਸਕਦੇ ਹਨ। ਇਹ ਤੁਹਾਡਾ ਬੈਂਕ ਖਾਤਾ ਨੰਬਰ, ਤੁਹਾਡਾ ਇੰਟਰਨੈੱਟ ਬੈਂਕਿੰਗ ਆਈ ਡੀ ਅਤੇ ਇਸ ਦਾ ਪਾਸਵਰਡ ਪਤਾ ਕਰ ਸਕਦਾ । ਇਹ ਤੁਹਾਡੇ ਮੋਬਾਈਲ ਫੋਨ ਦਾ ਨਕਲੀ (ਪਰ ਬਿਲਕੁਲ ਅਸਲੀ ਵਾਂਗ ਕੰਮ ਕਰਦਾ) ਸਿਮ ਤਿਆਰ ਕਰ ਸਕਦਾ ਹੈ ਅਤੇ ਇਸੇ ਤਰਾਂ ਤੁਹਾਡਾ ਨਕਲੀ ਅਧਾਰ ਕਾਰਡ , ਏ ਟੀ ਐੱਮ ਕਾਰਡ ਅਤੇ ਆਮਦਨ ਟੈਕਸ ਕਾਰਡ ਤਿਆਰ ਕਰ ਸਕਦਾ ਹੈ। ਇਹ ਤੁਹਾਡੇ ਨਾਂਅ 'ਤੇ ਉਹ ਸਾਰੇ ਵਿੱਤੀ ਕੰਮ ਕਰ ਸਕਦਾ ਹੈ, ਜਿਹੜੇ ਤੁਸੀ ਕਰਦੇ ਹੋ ਅਤੇ ਇਹ ਤੁਹਾਡੇ ਬੈਂਕ ਖਾਤੇ ਬੜੀ ਅਸਾਨੀ ਨਾਲ ਖਾਲੀ ਕਰ ਸਕਦਾ ਹੈ। ਹੋਰ ਤਾਂ ਹੋਰ ਇਹ ਤੁਹਾਡੇ ਭਰਾ ਜਾਂ ਭੈਣ ਦੇ ਬੈਂਕ ਖਾਤਿਆਂ ਦੇ ਵੇਰਵੇ ਪਤਾ ਕਰਕੇ, ਉਹਨਾਂ ਦੇ ਮੋਬਾਈਲ ਫੋਨ ਦਾ ਸਿਮ ਤਿਆਰ ਕਰਕੇ ਅਤੇ ਆਪਣੀ ਅਵਾਜ਼ ਨੂੰ ਉਹਨਾਂ ਦੀ ਆਵਾਜ਼ ਵਿਚ ਤਬਦੀਲ ਕਰਕੇ ਤੁਹਾਨੂੰ ਕਿਸੇ ਹੋਰ ਖਾਤੇ ਵਿੱਚ ਜ਼ਰੂਰੀ ਪੈਸੇ ਭੇਜਣ ਨੂੰ ਕਹਿ ਸਕਦਾ ਹੈ।

ਹੁਣ ਅਸੀ ਫੇਰ ਲੇਖ ਦੇ ਸਿਰਲੇਖ 'ਤੇ ਆ ਜਾਈਏ, ਮਤਲਬ ਤੇਰੇ ਕੋਲ ਕੀ ਸਬੂਤ ਹੈ? ਅੱਜਕੱਲ ਕਈ ਤਰ੍ਹਾਂ ਦੀਆਂ ਠੱਗੀਆਂ ਹਨ, ਲਿਖੇ ਹੋਏ ਪਰਨੋਟ 'ਤੇ ਕੀਤੇ ਦਸਤਖਤਾਂ ਤੋਂ ਵੀ ਲੋਕ ਮੁਕਰ ਰਹੇ ਹਨ ਅਤੇ ਹਰ ਬੇਈਮਾਨੀ ਠੱਗੀ ਕਰਨ ਤੋਂ ਬਾਅਦ ਸਬੂਤ ਮੰਗਦੇ ਹਨ। ਹੁਣ ਮੈਂ ਤੁਹਾਨੂੰ ਉਸ ਜ਼ਮਾਨੇ ਵਿਚ ਲੈ ਜਾਂਦਾ ਹਾਂ, ਜਿਥੇ ਕਿਸੇ ਕੋਲ ਰੱਖੀ ਅਮਾਨਤ ਵਾਪਸ ਮੰਗਣ ਵੇਲੇ ਸਬੂਤ ਨਹੀਂ ਮੰਗਿਆ ਜਾਂਦਾ ਸੀ। ਹੁਣ ਆ ਜਾਓ ਕਿ ਸ਼ਬਦ ਸਬੂਤ ਨਿਕਲਿਆ ਕਿੱਥੋਂ। ਉਹਨਾਂ ਵੇਲਿਆਂ ਵਿਚ ਜਦੋਂ ਕੋਈ ਵਪਾਰੀ ਦੂਰ ਕਿਸੇ ਦੇਸ਼ ਵਿਚ ਵਪਾਰ ਕਰਨ ਲਈ ਜਾਂਦਾ ਸੀ ਤਾਂ ਉਹ ਰਸਤੇ ਵਿਚ ਡਾਕੂਆਂ ਆਦਿ ਤੋਂ ਲੁੱਟਿਆ ਨਾ ਜਾਵੇ, ਇਸ ਲਈ ਆਪਣਾ ਸਾਰਾ ਕੀਮਤੀ ਸਮਾਨ ਕਿਸੇ ਜਾਣਕਾਰ ਦੇ ਕੋਲ ਰੱਖ ਦੇਂਦਾ ਸੀ। ਨਾਲ ਹੀ ਉਹ ਇੱਕ ਪੱਥਰ ਦੇ ਦੋ ਟੋਟੇ ਕਰਕੇ ਇੱਕ ਟੋਟਾ ਆਪਣੇ ਬੇਟੇ ਕੋਲ ਰੱਖ ਲੈਂਦਾ ਸੀ ਅਤੇ ਇੱਕ ਟੋਟਾ ਅਮਾਨਤੀ ਬੰਦੇ ਨੂੰ ਦੇ ਦੇਂਦਾ ਸੀ ।

ਜੇਕਰ ਵਪਾਰੀ ਆਪ ਜਿਉਂਦਾ ਵਾਪਸ ਆ ਜਾਂਦਾ ਤਾਂ ਪੱਥਰ ਦੇ ਟੋਟਿਆਂ ਦੀ ਜ਼ਰੂਰਤ ਨਾ ਪੈਂਦੀ, ਪਰ ਜੇਕਰ ਵਪਾਰੀ ਦੀ ਮੌਤ ਹੋ ਜਾਂਦੀ ਤਾਂ ਉਸ ਦਾ ਬੇਟਾ ਰੱਖੀ ਗਈ ਅਮਾਨਤ ਵਾਲੇ ਕੋਲ ਪੱਥਰ ਦਾ ਟੋਟਾ ਲਿਜਾ ਕੇ ਉਸ ਨੂੰ ਦੇਂਦਾ। ਅਮਾਨਤੀ ਦੋਹਾਂ ਟੋਟਿਆਂ ਨੂੰ ਜੋੜ ਕੇ ਵੇਖਦਾ, ਜੇਕਰ ਦੋਵੇਂ ਟੋਟੇ ਮਿਲ ਕੇ ਇੱਕ ਸਾਬਤ ਪੱਥਰ ਬਣ ਜਾਂਦਾ ਤਾਂ ਕਿਹਾ ਜਾਂਦਾ ਕਿ ਪੱਥਰ ਸਾਬਤ ਬਣ ਗਿਆ ਹੈ ਜਾਂ ਸਬੂਤ ਹੋ ਗਿਆ ਹੈ। ਇਹੋ ਅਮਾਨਤ ਲੈਣ ਆਏ ਕੋਲ ਅਮਾਨਤ ਦਾ ਹੱਕਦਾਰ ਹੋਣ ਦਾ ਸਬੂਤ ਹੁੰਦਾ ਸੀ । ਦੋ ਟੋਟਿਆਂ ਦਾ ਮਿਲ ਕੇ ਇੱਕ ਸਾਬਤ ਜਾਂ ਸਬੂਤ ਪੱਥਰ ਬਣ ਜਾਣਾ ਅੱਜਕੱਲ੍ਹ ਦੇ ਪਰਨੋਟਾਂ ਅਤੇ ਜੱਜਾਂ ਦੀਆਂ ਮੋਹਰਾਂ ਤੋਂ ਜ਼ਿਆਦਾ ਭਰੋਸੇਯੋਗ ਹੁੰਦੇ ਸਨ ।

# ਸੰਪਰਕ : 94176-32228

# ਲੋਕਾਂ ਦਾ ਨਾ ਦੁੱਧ ਵਿਕਦਾ...


ਦਲਜੀਤ ਰਾਏ ਕਾਲੀਆ

1998 ਤੋਂ ਭਾਰਤ ਪੂਰੇ ਵਿਸ਼ਵ ਦੇ ਦੁੱਧ ਉਤਪਾਦਕ ਦੇਸ਼ਾਂ ਵਿੱਚੋਂ ਪਹਿਲੇ ਸਥਾਨ 'ਤੇ ਚਲਿਆ ਆ ਰਿਹਾ ਹੈ। ਵਰਤਮਾਨ ਸਮੇਂ ਭਾਰਤ ਦਾ ਵਿਸ਼ਵ ਦੇ ਦੁੱਧ ਉਤਪਾਦਨ ਵਿੱਚ ਯੋਗਦਾਨ 24.76 ਫੀਸਦੀ ਹੈ। ਭਾਰਤ ਵਿੱਚ ਦੁੱਧ ਦੀ ਉਪਲਬਧਤਾ 471 ਗਰਾਮ ਪ੍ਰਤੀ ਦਿਨ ਪ੍ਰਤੀ ਵਿਅਕਤੀ ਹੈ, ਜਦੋਂ ਕਿ ਵਿਸ਼ਵ ਵਿੱਚ ਦੁੱਧ ਦੀ ਉਪਲਬਧਤਾ 329 ਗ੍ਰਾਮ ਪ੍ਰਤੀ ਵਿਅਕਤੀ ਪ੍ਰਤੀ ਦਿਨ ਹੈ। ਵਿੱਤੀ ਸਾਲ 2023-24 ਦੌਰਾਨ ਦੇਸ਼ ਵਿੱਚ ਦੁੱਧ ਦਾ ਕੁੱਲ ਉਤਪਾਦਨ 239.30 ਮਿਲੀਅਨ ਮੀਟ੍ਰਿਕ ਟਨ ਸੀ, ਜੋ ਪਿਛਲੇ ਦਹਾਕੇ ਦੀ ਤੁਲਨਾ ਵਿੱਚ 65. 56 ਫੀਸਦੀ ਜ਼ਿਆਦਾ ਸੀ। ਕੇਂਦਰ ਸਰਕਾਰ ਵੱਲੋਂ ਨਵੰਬਰ 2024 ਵਿੱਚ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਭਾਰਤ ਦਾ ਦੁੱਧ ਉਤਪਾਦਨ ਵਿੱਤੀ ਵਰ੍ਹੇ 2023-24 ਦੌਰਾਨ 3.78 ਫੀਸਦੀ ਵਧਿਆ ਹੈ। ਭਾਰਤ ਵਿੱਚ ਉੱਤਰ ਪ੍ਰਦੇਸ ਦਾ ਰਾਜ ਦੁੱਧ ਉਤਪਾਦਨ ਦੇ ਖੇਤਰ ਵਿੱਚ ਮੋਹਰੀ ਹੈ, ਜਿੱਥੇ 2023-24 ਦੇ ਵਿੱਤੀ ਸਾਲ ਦੌਰਾਨ ਦੁੱਧ ਦਾ ਉਤਪਾਦਨ 38.78 ਮਿਲੀਅਨ ਮੀਟ੍ਰਿਕ ਟਨ ਹੋਇਆ ਸੀ। ਦੇਸ਼ ਵਿੱਚ ਦੁੱਧ ਉਤਪਾਦਨ ਦੇ ਖੇਤਰ ਵਿੱਚ ਰਾਜਸਥਾਨ ਦਾ ਨੰਬਰ ਦੂਸਰਾ ਹੈ ਅਤੇ ਫਿਰ ਕਰਮਵਾਰ ਮੱਧ ਪ੍ਰਦੇਸ, ਗੁਜਰਾਤ, ਆਂਧਰਾ ਪ੍ਰਦੇਸ਼, ਮਹਾਰਾਸਟਰ ਅਤੇ ਪੰਜਾਬ ਆਉਂਦੇ ਹਨ।

ਪੰਜਾਬ ਰਾਜ ਵਿੱਚ 2019-20 ਦੇ ਵਿੱਤੀ ਸਾਲ ਦੌਰਾਨ 132.72 ਲੱਖ ਟਨ ਦੁੱਧ ਦਾ ਉਤਪਾਦਨ ਹੋਇਆ ਸੀ, ਜੋ ਵਿੱਤੀ ਸਾਲ 2023-24 ਦੌਰਾਨ ਵੱਧ ਕੇ 139.11 ਲੱਖ ਟਨ ਲੱਖ ਟਨ ਹੋ ਗਿਆ ਸੀ। ਵਿੱਤੀ ਸਾਲ 2023 -24 ਦੌਰਾਨ ਪੰਜਾਬ ਸਰਕਾਰ ਦੇ ਅਦਾਰੇ ਮਿਲਕਫੈਡ ਨੇ ਪ੍ਰਤੀ ਦਿਨ 20.01 ਲੀਟਰ ਲੱਖ ਲੀਟਰ ਦੁੱਧ ਦੀ ਖਰੀਦ ਕੀਤੀ ਸੀ, ਜੋ ਕਿ ਵਿੱਤੀ ਸਾਲ 2022-23 ਦੇ ਮੁਕਾਬਲੇ 9.4 ਫੀਸਦੀ ਵੱਧ ਸੀ। ਇਸੇ ਤਰ੍ਹਾਂ ਵਿੱਤੀ ਸਾਲ 2023-24 ਦੌਰਾਨ ਮਿਲਕਫੈਡ ਨੇ ਪ੍ਰਤੀ ਦਿਨ 12. 66 ਲੱਖ ਲੀਟਰ ਪੈਕਟਾਂ ਵਾਲਾ ਦੁੱਧ ਵੇਚਿਆ ਸੀ, ਜਦੋਂ ਕਿ 2022 -23 ਦੌਰਾਨ ਪੈਕਟਾਂ ਵਾਲੇ ਦੁੱਧ ਦੀ ਪ੍ਰਤੀ ਦਿਨ ਵਿਕਰੀ 12.01 ਲਿਟਰ ਰਹੀ ਸੀ।

40-50 ਸਾਲ ਪਹਿਲਾਂ ਪੰਜਾਬ ਦੇ ਹਰ ਪੇਂਡੂ ਘਰ ਵਿੱਚ ਲਵੇਰਾ ਆਮ ਹੁੰਦਾ ਸੀ। ਦੁੱਧ ਦੇਣ ਵਾਲੇ ਪਸ਼ੂਆਂ ਨੂੰ ਕਿਸਾਨ ਆਪਣੀਆਂ ਘਰੇਲੂ ਜ਼ਰੂਰਤਾਂ ਅਤੇ ਇੱਕ ਸਹਾਇਕ ਧੰਦੇ ਵਜੋਂ ਪਾਲਦੇ ਸਨ। ਦੁਧਾਰੂ ਪਸ਼ੂਆਂ ਵਿੱਚ ਆਮ ਕਰਕੇ ਮੱਝਾਂ, ਦੇਸੀ ਗਾਵਾਂ ਅਤੇ ਵਿਦੇਸ਼ੀ ਗਾਵਾਂ ਨੂੰ ਰੱਖਿਆ ਜਾਂਦਾ ਹੈ, ਭਾਵੇਂ ਕਿ ਬੱਕਰੀਆਂ ਦਾ ਦੁੱਧ ਵੀ ਬਹੁਤ ਗੁਣਕਾਰੀ ਸਮਝਿਆ ਜਾਂਦਾ ਹੈ ਅਤੇ ਆਮ ਲੋਕਾਂ ਦਾ ਵਿਚਾਰ ਹੈ ਕਿ ਇਹ ਪਲੇਟਲੈਟਸ ਸੈੱਲਾਂ ਨੂੰ ਵਧਾਉਣ ਵਿੱਚ ਬਹੁਤ ਕਾਰਗਰ ਸਿੱਧ ਹੁੰਦਾ ਹੈ। ਸਾਲ 1992 ਵਿੱਚ ਪੰਜਾਬ ਵਿੱਚ 60. 08 ਲੱਖ ਮੱਝਾਂ ਸਨ ਤੇ ਸਾਲ 1997 ਤੱਕ ਇਹਨਾਂ ਦੀ ਗਿਣਤੀ ਥੋੜ੍ਹੀ ਵਧ ਕੇ 61.71 ਲੱਖ ਤੱਕ ਪੁੱਜ ਗਈ ਸੀ, ਪਿੱਛੋਂ ਲਗਾਤਾਰ ਗਿਰਾਵਟ ਆਉਣੀ ਜਾਰੀ ਰਹੀ ਹੈ। ਸਾਲ 2007 ਵਿੱਚ ਪੰਜਾਬ ਵਿੱਚ ਮੱਝਾਂ ਦੀ ਗਿਣਤੀ 50.01 ਲੱਖ ਰਹਿ ਗਈ ਸੀ। 2019 ਵਿੱਚ ਹੋਈ 20ਵੀਂ ਪਸ਼ੂ ਧਣ ਗਣਨਾ ਸਮੇਂ ਪੰਜਾਬ ਵਿੱਚ ਮੱਝਾਂ ਦੀ ਗਿਣਤੀ 40.15 ਲੱਖ ਸੀ, ਪਰ 21ਵੀਂ ਪਸ਼ੂ ਧਨ ਗਣਨਾ ਜੋ ਦੇਸ ਵਿੱਚ 25 ਅਕਤੂਬਰ 2024 ਤੋਂ ਸ਼ੁਰੂ ਹੋਈ ਸੀ, ਸਮੇਂ ਪੰਜਾਬ ਵਿੱਚ ਹੋਈ ਪਸ਼ੂ ਧਨ ਗਣਨਾ ਦੇ ਮੁੱਢਲੇ ਅੰਕੜਿਆਂ ਅਨੁਸਾਰ ਪੰਜਾਬ ਵਿੱਚ ਹੁਣ ਮੱਝਾਂ ਦੀ ਗਿਣਤੀ ਹੋਰ ਘਟ ਕੇ 34.93 ਲੱਖ ਦੇ ਕਰੀਬ ਹੀ ਰਹਿ ਗਈ ਹੈ। ਅੰਕੜਿਆਂ ਅਨੁਸਾਰ 1997 ਤੋਂ ਲੈ ਕੇ 2025 ਦੇ ਸ਼ੁਰੂ ਤੱਕ ਪੰਜਾਬ ਵਿੱਚ ਮੱਝਾਂ ਦੀ ਗਿਣਤੀ 26.78 ਲੱਖ ਘਟੀ ਹੈ। ਪੰਜਾਬ ਪਸ਼ੂ ਪਾਲਣ ਵਿਭਾਗ ਦੇ ਮੁਢਲੇ ਅੰਕੜਿਆਂ ਅਨੁਸਾਰ ਸਮੁੱਚੇ ਪਸ਼ੂ ਧਨ ਵਿੱਚ 5.78 ਲੱਖ ਦੀ ਕਮੀ ਆਈ ਹੈ। ਦੁਧਾਰੂ ਪਸ਼ੂਆਂ ਦੀ ਗਿਣਤੀ ਵਿੱਚ ਕਮੀ ਆਉਣ ਸਦਕਾ ਦੁੱਧ ਦੇ ਉਤਪਾਦਨ ਵਿੱਚ ਗਿਰਾਵਟ ਆਉਣਾ ਸੁਭਾਵਿਕ ਹੀ ਹੈ। ਗਰਮੀਆਂ ਦੀ ਰੁੱਤ ਦੌਰਾਨ ਦੁੱਧ ਉਤਪਾਦਨ ਵਿੱਚ ਹੋਰ ਵੀ ਕਮੀ ਆ ਜਾਂਦੀ ਹੈ। ਦੁੱਧ ਦੇ ਉਤਪਾਦਨ ਨਾਲੋਂ ਇਸ ਦੀ ਖਪਤ ਕਈ ਗੁਣਾ ਜ਼ਿਆਦਾ ਹੁੰਦੀ ਹੈ। ਪੰਜਾਬ ਦੁੱਧ ਦੀ ਖਪਤ ਕਰਨ ਵਾਲੇ ਮੋਹਰੀ ਸੂਬਿਆਂ ਵਿੱਚ ਸ਼ੁਮਾਰ ਹੁੰਦਾ ਹੈ।

ਦੁੱਧ ਦੇ ਉਤਪਾਦਨ ਅਤੇ ਖਪਤ ਦੀ ਪੂਰਤੀ ਵਿਚਲੇ ਖੱਪੇ ਨੂੰ ਪੂਰਨ ਲਈ ਸਿੰਥੈਟਿਕ ਦੁੱਧ ਬਣਾਇਆ ਜਾਂਦਾ ਹੈ ਜਾਂ ਦੁੱਧ ਵਿੱਚ ਕਈ ਪ੍ਰਕਾਰ ਦੀਆਂ ਮਿਲਾਵਟਾਂ ਕਰਕੇ ਉਸ ਨੂੰ ਵਧਾਇਆ ਜਾਂਦਾ ਹੈ। ਪਸ਼ੂਆਂ ਦੀ ਖੁਰਾਕ ਲਈ ਵਰਤੇ ਜਾ ਰਹੇ ਹਰੇ ਚਾਰੇ ਉੱਪਰ ਕਈ ਪ੍ਰਕਾਰ ਦੇ ਰਸਾਇਣਾਂ ਦਾ ਸਪਰੇਅ ਕੀਤਾ ਜਾਂਦਾ ਹੈ, ਵੱਡੀ ਮਾਤਰਾ ਵਿੱਚ ਖਾਦਾਂ ਪਾਈਆਂ ਜਾਂਦੀਆਂ ਹਨ। ਇਹਨਾਂ ਰਸਾਇਣਾਂ ਅਤੇ ਖਾਦਾਂ ਦੇ ਤੱਤ ਚਾਰੇ ਰਾਹੀਂ ਪਸ਼ੂਆਂ ਵਿੱਚ ਪੁੱਜਦੇ ਹਨ। ਅਤੇ ਫਿਰ ਪਸ਼ੂਆਂ ਦੇ ਦੁੱਧ ਰਾਹੀਂ ਉਹ ਤੱਤ ਮਨੁੱਖਾਂ ਦੀ ਖੁਰਾਕ ਵਿੱਚ ਸ਼ਾਮਲ ਹੋ ਜਾਂਦੇ ਹਨ। ਦੁਧਾਰੂ ਪਸ਼ੂਆਂ ਦਾ ਦੁੱਧ ਚੋਣ ਲਈ ਆਕਸੀਟੋਸਿਨ ਨਾਂਅ ਦੇ ਹਾਰਮੋਨਲ ਟੀਕੇ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸ ਦਾ ਅਸਰ ਦੁਧਾਰੂ ਪਸ਼ੂਆਂ ਦੇ ਦੁੱਧ ਵਿੱਚ ਸਹਿਜੇ ਹੀ ਸ਼ਾਮਲ ਹੋ ਜਾਂਦਾ ਹੈ।

ਭਾਰਤ ਵਿੱਚ ਪਿਛਲੇ ਕਈ ਦਹਾਕਿਆਂ ਤੋਂ ਦੁੱਧ ਵਿੱਚ ਮਿਲਾਵਟ ਦੀ ਸਮੱਸਿਆ ਨੇ ਵਿਕਰਾਲ ਰੂਪ ਧਾਰਿਆ ਹੋਇਆ ਹੈ। ਇੱਕ ਪਾਸੇ ਸਾਡਾ ਦੇਸ਼ ਦੁਨੀਆ ਦਾ ਸਭ ਤੋਂ ਵੱਡਾ ਦੁੱਧ ਉਤਪਾਦਕ ਦੇਸ਼ ਹੈ ਅਤੇ ਸਮੁੱਚੇ ਵਿਸ਼ਵ ਦੇ ਦੁੱਧ ਉਤਪਾਦਨ ਵਿੱਚ ਇੱਕ ਚੌਥਾਈ ਹਿੱਸੇ ਦਾ ਯੋਗਦਾਨ ਪਾਉਂਦਾ ਹੈ, ਪਰ ਦੂਜੇ ਪਾਸੇ ਦੁੱਧ ਵਿੱਚ ਮਿਲਾਵਟਖੋਰੀ ਦਾ ਧੰਦਾ ਵੀ ਦੇਸ਼ ਵਿੱਚ ਚੋਖਾ ਵੱਧ ਫੁੱਲ ਰਿਹਾ ਹੈ। ਜੇ ਅਸੀਂ ਆਪਣੇ ਸੂਬੇ ਪੰਜਾਬ ਦੀ ਹੀ ਗੱਲ ਕਰੀਏ ਤਾਂ 2021-24 ਦੇ ਸਾਲਾਂ ਦੌਰਾਨ ਦੁੱਧ ਤੇ ਦੁੱਧ ਉਤਪਾਦਾਂ ਦੇ ਭਰੇ ਗਏ ਸੈਂਪਲਾਂ ਵਿੱਚੋਂ 18 ਪ੍ਰਤੀਸਤ ਸੈਂਪਲ ਨਿਰਧਾਰਤ ਮਿਆਰਾਂ 'ਤੇ ਖਰੇ ਨਹੀਂ ਉਤਰੇ ਸਨ। ਸਾਡੇ ਗਵਾਂਢੀ ਰਾਜ ਹਰਿਆਣਾ ਦੀ ਸਥਿਤੀ ਇਸ ਤੋਂ ਵੀ ਮਾੜੀ ਹੈ। ਇਸੇ ਅਰਸੇ ਦੌਰਾਨ ਉਥੇ 28 ਫੀਸਦੀ ਸੈਂਪਲ ਨਿਰਧਾਰਤ ਮਾਪਦੰਡਾਂ 'ਤੇ ਪੂਰੇ ਨਹੀਂ ਉਤਰੇ।

ਪੁਰਾਣੇ ਸਮਿਆਂ ਵਿੱਚ ਦੁੱਧ ਵਿੱਚ ਕੇਵਲ ਪਾਣੀ ਦੀ ਹੀ ਮਿਲਾਵਟ ਕੀਤੀ ਜਾਂਦੀ ਸੀ। ਉਸ ਸਮੇਂ ਦੇ ਪ੍ਰਚਲਤ ਇੱਕ ਗੀਤ ਦੇ ਇਹ ਬੋਲ, 'ਲੋਕਾਂ ਦਾ ਤਾਂ ਦੁੱਧ ਵਿਕਦਾ, ਤੇਰਾ ਵਿਕਦਾ ਜੈ ਕੁਰੇ ਪਾਣੀ।' ਇਸ ਗੱਲ ਦੀ ਗਵਾਹੀ ਭਰਦੇ ਹਨ। ਸਮਾਂ ਬੀਤਿਆ, ਪਦਾਰਥਵਾਦ ਦਾ ਦੌਰ ਭਾਰੂ ਹੋਇਆ, ਲੋਕਾਂ ਵਿੱਚ ਲਾਲਚ ਵਧਿਆ ਅਤੇ ਫਿਰ ਹੋਰਨਾਂ ਕਿੱਤਿਆਂ ਦੀ ਤਰ੍ਹਾਂ ਦੁੱਧ ਵੇਚਣ ਵਾਲੇ ਲੋਕਾਂ ਨੇ ਵੀ ਆਪਣੇ ਮੁਨਾਫੇ ਨੂੰ ਵਧਾਉਣ ਲਈ ਕਈ ਤਰ੍ਹਾਂ ਦੇ ਢੰਗ-ਤਰੀਕੇ ਵਰਤਣੇ ਸ਼ੁਰੂ ਕਰ ਦਿੱਤੇ। ਹੁਣ ਦੁੱਧ ਵਿੱਚ ਮਿਲਾਵਟ ਕਰਨ ਲਈ ਬੇਈਮਾਨ ਅਤੇ ਮੁਨਾਫਾਖੋਰਾਂ ਸ਼ਾਤਰ ਲੋਕ ਦੁੱਧ ਵਿੱਚ ਡਿਟਰਜੈਂਟ, ਯੂਰੀਆ, ਰਿਫਾਇੰਡ ਤੇਲ, ਸੋਇਆ ਪਾਊਡਰ, ਸਟਾਰਚ, ਗੁਲੂਕੋਜ਼ ਸੋਡੀਅਮ ਕਾਰਬੋਨੇਟ, ਸੋਡੀਅਮ ਬਾਈਕਾਰਬੋਨੇਟ, ਮਾਲਟੋ ਡੈਕਸਟ੍ਰੀਨ ਨਾਂਅ ਦਾ ਪਦਾਰਥ, ਫਾਰਮਾਲੀਨ ਅਤੇ ਹਾਈਡਰੋਜਨ ਪਰਆਕਸਾਈਡ ਜਿਹੀਆਂ ਡਾਕਟਰੀ ਦਵਾਈਆਂ ਵੀ ਵਰਤਦੇ ਹਨ।

ਇੰਡੀਅਨ ਕੌਂਸਲ ਆਫ ਮੈਡੀਕਲ ਐਂਡ ਰਿਸਰਚ ਦੀ ਰਿਪੋਰਟ ਅਨੁਸਾਰ ਸਿੰਥੈਟਿਕ ਦੁੱਧ ਅਤੇ ਉਸ ਤੋਂ ਬਣੇ ਉਤਪਾਦ ਸਿਹਤ ਲਈ ਹਾਨੀਕਾਰਕ ਹੁੰਦੇ ਹਨ। ਮਿਲਾਵਟੀ ਦੁੱਧ ਅਤੇ ਦੁੱਧ ਉਤਪਾਦਾਂ ਸਦਕਾ ਸਿਹਤਮੰਦ ਲੋਕਾਂ ਨੂੰ ਕਈ ਭਿਅੰਕਰ ਬਿਮਾਰੀਆਂ ਘੇਰ ਲੈਂਦੀਆਂ ਹਨ ,ਜਿਨਾਂ ਵਿੱਚ ਜਿਗਰ ਦੀ ਖਰਾਬੀ, ਅੰਤੜੀਆਂ ਅਤੇ ਪੇਟ ਦੇ ਰੋਗ, ਦਿਲ ਦੇ ਰੋਗ , ਅਧਰੰਗ, ਕੈਂਸਰ ਦਿਮਾਗ ਦੇ ਦੌਰੇ ਸ਼ਾਮਲ ਹਨ। ਵਿਸ਼ਵ ਸਿਹਤ ਸੰਗਠਨ ਨੇ ਭਾਰਤ ਨੂੰ ਕਈ ਸਾਲ ਪਹਿਲਾਂ ਚੇਤਾਵਨੀ ਦਿੱਤੀ ਸੀ ਕਿ ਜੇਕਰ ਦੁੱਧ ਤੇ ਦੁੱਧ ਉਤਪਾਦਾਂ ਵਿੱਚ ਮਿਲਾਵਟ ਨੂੰ ਨਾ ਰੋਕਿਆ ਗਿਆ ਤਾਂ 2025 ਤੱਕ 87 ਫੀਸਦੀ ਭਾਰਤੀ ਕੈਂਸਰ ਦੇ ਸ਼ਿਕਾਰ ਹੋ ਜਾਣਗੇ।

ਮਾਰਕੀਟ ਵਿੱਚ ਸਿੰਥੈਟਿਕ ਦੁੱਧ ,ਖੋਇਆ, ਮੱਖਣ, ਪਨੀਰ ਆਮ ਵਿਕਦੇ ਹਨ। ਸਿੰਥੈਟਿਕ ਦੁੱਧ ਦੀਆਂ ਬਣੀਆਂ ਮਠਿਆਈਆ ਬਾਜ਼ਾਰਾਂ ਵਿੱਚ ਸਰੇਆਮ ਧੜੱਲੇ ਨਾਲ ਵਿਕਦੀਆਂ ਹਨ। ਜੱਗ ਜ਼ਾਹਿਰ ਹੈ ਕਿ ਕੁਝ ਲਾਲਚੀ ਦੁੱਧ ਵਿਕਰੇਤਾ ਪਹਿਲਾਂ ਦੁੱਧ ਵਿੱਚੋਂ ਕਰੀਮ ਕੱਢਦੇ ਹਨ ,ਫਿਰ ਉਸ ਵਿਚ ਡਾਲਡਾ ਘਿਓ, ਸੁੱਕਾ ਦੁੱਧ, ਗਲੂਕੋਜ਼ ਅਤੇ ਕਈ ਹੋਰ ਪਦਾਰਥ ਦੁੱਧ ਦੀ ਫੈਟ ਵਧਾਉਣ ਲਈ ਮਿਲਾਉਂਦੇ ਹਨ ਅਤੇ ਫਿਰ ਅਜਿਹਾ ਤਿਆਰ ਨਕਲੀ ਦੁੱਧ ਲੋਕਾਂ ਨੂੰ ਵੇਚਦੇ ਹਨ। ਤਿਉਹਾਰੀ ਸੀਜ਼ਨ ਦੌਰਾਨ ਮਿਲਾਵਟੀ ਦੁੱਧ ਅਤੇ ਦੁੱਧ ਉਤਪਾਦਾਂ ਦਾ ਬਾਜ਼ਾਰ ਸਿਖਰ 'ਤੇ ਪਹੁੰਚਿਆ ਹੁੰਦਾ ਹੈ। ਸਿਹਤ ਵਿਭਾਗ ਦੇ ਫੂਡ ਸੇਫਟੀ ਵਿੰਗ ਨੂੰ ਸਿਰਫ ਤਿਉਹਾਰਾਂ ਦੇ ਦਿਨਾਂ ਦੌਰਾਨ ਹੀ ਨਹੀਂ, ਸਗੋਂ ਹਰ ਸਮੇਂ ਲਗਾਤਾਰਤਾ ਨਾਲ ਦੁੱਧ ਦੇ ਹੋ ਰਹੇ ਨਕਲੀ ਕਾਰੋਬਾਰ ਨੂੰ ਠੱਲ੍ਹ ਪਾਉਣ ਲਈ ਆਪਣੀ ਮੁਹਿੰਮ ਜਾਰੀ ਰੱਖਣੀ ਚਾਹੀਦੀ ਹੈ। ਫੂਡ ਸੇਫਟੀ ਸੇਫਟੀ ਐਕਟ 2006 ਅਨੁਸਾਰ ਮਿਲਾਵਟ ਕਰਨ ਦੇ ਦੋਸ਼ੀਆਂ ਨੂੰ ਛੇ ਮਹੀਨੇ ਕੈਦ ਤੇ ਇੱਕ ਲੱਖ ਦੇ ਵਿੱਚ ਜੁਰਮਾਨੇ ਤੋਂ ਲੈ ਕੇ 10 ਸਾਲ ਤੱਕ ਦੀ ਕੈਦ ਅਤੇ 10 ਲੱਖ ਰੁਪਏ ਤੱਕ ਜੁਰਮਾਨਾ ਲਗਾਉਣ ਦਾ ਪ੍ਰਾਵਧਾਨ ਰੱਖਿਆ ਗਿਆ ਹੈ। ਇਸ ਐਕਟ ਅਨੁਸਾਰ ਮਿਲਾਵਟਖੋਰੀ ਦੇ ਦੋਸ਼ੀਆਂ ਨੂੰ ਮਿਸਾਲੀ ਸਜ਼ਾ ਚਾਹੀਦੀ ਹੈ, ਪਰ ਅਜਿਹਾ ਦੇਖਣ ਨੂੰ ਨਹੀਂ ਮਿਲਦਾ। ਚੋਰਮੋਰੀਆਂ ਸਦਕਾ ਰਜਿਸਟਰਡ ਕੀਤੇ ਕੇਸ ਅੱਧਵਾਟੇ ਹੀ ਦਮ ਤੋੜ ਜਾਂਦੇ ਹਨ ਜਾਂ ਨਾਮਾਤਰ ਸਜ਼ਾਵਾਂ ਤੱਕ ਮੁਸ਼ਕਲ ਨਾਲ ਅੱਪੜਦੇ ਹਨ। ਅਸਲ ਵਿੱਚ ਜੋ ਲੋਕ ਮਿਲਾਵਟਖੋਰੀ ਦੇ ਧੰਦੇ ਵਿੱਚ ਲਿਪਤ ਹਨ , ਉਹਨਾਂ ਦੀ ਜ਼ਮੀਰ ਜਾਗਣੀ ਚਾਹੀਦੀ ਹੈ ਕਿ ਉਹ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਨ ਤੋਂ ਬਾਜ਼ ਆਉਣ। ਉਹਨਾਂ ਨੂੰ ਇਸ ਗੱਲ ਦਾ ਅਹਿਸਾਸ ਹੋਣਾ ਚਾਹੀਦਾ ਹੈ ਕਿ ਕਦੇ ਵੀ ਗਲਤ ਢੰਗ-ਤਰੀਕਿਆਂ ਨਾਲ ਬਣਾਇਆ ਹੋਇਆ ਧਨ ਜੀਵਨ ਨੂੰ ਸਕੂਨ ਨਹੀਂ ਬਖ਼ਸ਼ ਸਕਦਾ।

# ਸੰਪਰਕ : 97812-00168

# ਨੌਜਵਾਨ ਦੀ ਕੁੱਟਮਾਰ ਮਾਮਲੇ 'ਚ ਜਥੇਬੰਦੀਆਂ ਦੀ ਹੋਈ ਇਕੱਤਰਤਾ

**• ਸ਼ਿਵ ਸੈਨਾ ਦੇ ਆਗੂ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ • ਪੁਲਸ ਨੇ 9 ਜਣਿਆ ਕੀਤਾ ਗ੍ਰਿਫ਼ਤਾਰ**



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**

ਸਿੱਖ ਨੌਜਵਾਨ ਦੀ ਕੀਤੀ ਕੁੱਟਮਾਰ ਦੇ ਮਾਮਲੇ ਨੂੰ ਲੈ ਕੇ ਇੱਥੇ ਗੁਰਦੁਆਰਾ ਸ੍ਰੀ ਤਰਨਤਾਰਨ ਸਾਹਿਬ ਵਿਖੇ ਵੱਖ-ਵੱਖ ਜਥੇਬੰਦੀਆਂ ਦੀ ਵੱਡੀ ਇਕੱਤਰਤਾ ਹੋਈ।ਇਸ ਮੌਕੇ ਸੰਬੋਧਨ ਕਰਦਿਆਂ ਜਸਵੀਰ ਸਿੰਘ ਖਾਲਸਾ, ਮਨਦੀਪ ਸਿੱਧੂ ਦੀਪ ਸਿੱਧੂ ਦਾ ਭਰਾ, ਲੱਖਾ ਸਿਧਾਣਾ, ਤੇਜਿੰਦਰ ਪਾਲ ਸਿੰਘ ਟਿੰਮਾ ਪ੍ਰਧਾਨ ਧਰਮ ਪ੍ਰਚਾਰ ਕਮੇਟੀ ਗੰਗਾਨਗਰ, ਭਾਰਤੀ ਕਿਸਾਨ ਯੂਨੀਅਨ ਦੇ ਹਰਭਗਵਾਨ ਸਿੰਘ, ਹੀਰਾ ਸਿੰਘ ਚੜ੍ਹੇਵਾਨ ਸੀਨੀਅਰ ਅਕਾਲੀ ਆਗੂ, ਮੈਨੇਜਰ ਬਲਦੇਵ ਸਿੰਘ, ਸੁਮੇਰ ਸਿੰਘ ਤੋਂ ਇਲਾਵਾ ਹੋਰਨਾਂ ਨੇ ਕਿਹਾ ਕਿ ਬੀਤੇ ਦਿਨੀਂ ਮੁਕਤਸਰ 'ਚ ਬੱਸ ਅੱਡੇ ਨੇੜੇ ਇੱਕ ਸਿੱਖ ਨੌਜਵਾਨ ਗੁਰਵਿੰਦਰ ਸਿੰਘ ਚੜ੍ਹੇਵਾਨ ਦੀ ਬੇਰਹਿਮੀ ਨਾਲ ਕੁੱਟਮਾਰ ਕੀਤੀ ਗਈ ਤੇ ਦਸਤਾਰ ਲਾਉਣ ਦੀ ਕੋਸ਼ਿਸ਼ ਕੀਤੀ ਤੇ ਕੱਪੜੇ ਵੀ ਪਾੜ ਦਿੱਤੇ ਗਏ, ਜੋ ਸਿਵਲ ਹਸਪਤਾਲ 'ਚ ਜ਼ੇਰੇ ਇਲਾਜ ਹੈ। ਭਾਵੇਂ ਪੁਲਸ ਵੱਲੋਂ ਇਸ ਮਾਮਲੇ 'ਚ 295 ਏ ਤੇ ਹੋਰ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ 9 ਜਣਿਆਂ ਨੂੰ ਗ੍ਰਿਫ਼ਤਾਰ ਕਰ ਲਿਆ, ਪਰ ਅਜੇ ਤੱਕ ਮੁੱਖ ਮੁਲਜ਼ਮ ਸ਼ਿਵ ਸੈਨਾ ਦੇ ਸੂਬਾ ਪ੍ਰਧਾਨ ਰਾਜੇਸ਼ ਗਰਗ ਅਜੇ ਵੀ ਪੁਲਸ ਦੀ ਗ੍ਰਿਫ਼ਤ ਤੋਂ ਬਾਹਰ ਹੈ।ਆਗੂਆਂ ਨੇ ਕਿਹਾ ਕਿ ਜੇਕਰ ਜਲਦ ਹੀ ਸ਼ਿਵ ਸੈਨਾ ਦੇ ਆਗੂ ਰਾਜੇਸ਼ ਗਰਗ ਨੂੰ ਗ੍ਰਿਫ਼ਤਾਰ ਨਾ ਕੀਤਾ ਗਿਆ ਤਾਂ ਸੰਘਰਸ਼ ਨੂੰ ਹੋਰ ਵੀ ਤਿੱਖਾ ਕੀਤਾ ਜਾਵੇਗਾ।ਇਸ ਮੌਕੇ ਬਾਬਾ ਮਨਜੀਤ ਸਿੰਘ ਮੁੱਖੀ ਗੁਰਦੁਆਰਾ ਖੂਹ ਸਾਹਿਬ, ਬਾਬਾ ਬੂਟਾ ਸਿੰਘ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਬਲਦੇਵ ਸਿੰਘ ਜ਼ਿਲ੍ਹਾ ਪ੍ਰਧਾਨ ਸ਼੍ਰੋ. ਅਕਾਲੀ ਦਲ 'ਮਾਨ', ਡਾ. ਜਗਬੀਰ ਸਿੰਘ ਹੈੱਡ ਗ੍ਰੰਥੀ, ਗਿਆਨੀ ਗੁਰਪ੍ਰੀਤ ਸਿੰਘ ਰੱਤਾ ਖੇੜਾ ਦਮਦਮੀ ਟਕਸਾਲ, ਪ੍ਰਤਾਪ ਸਿੰਘ ਵਾਰਸ ਪੰਜਾਬ, ਕਾਰਜ ਸਿੰਘ ਵਾਰਸ ਪੰਜਾਬ, ਗੁਰਲਾਲ ਸਿੰਘ ਕਾਉਣੀ, ਜਤਿੰਦਰ ਸਿੰਘ ਵਾਰਸ ਪੰਜਾਬ ਜ਼ਿਲ੍ਹਾ ਪ੍ਰਧਾਨ, ਗਗਨਦੀਪ ਸਿੰਘ ਸਿੱਧੂ, ਮਨਿੰਦਰ ਸਿੰਘ ਖਾਲਸਾ, ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਮੀਤ ਪ੍ਰਧਾਨ ਬਲਵਿੰਦਰ ਸਿੰਘ ਕੋਟਲੀ, ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਗੋਬਿੰਦ ਸਿੰਘ ਕੋਟਲੀ, ਮਨਿੰਦਰ ਸਿੰਘ ਮਨੀ ਚੜ੍ਹੇਵਾਨ ਕਾਂਗਰਸੀ ਆਗੂ, ਕਲਗਾ ਸਿੰਘ ਸਾਬਕਾ ਸੈਕਟਰੀ ਮਾਰਕਿਟ ਕਮੇਟੀ ਮੁਕਤਸਰ, ਬਿਕਰਮਜੀਤ ਸਿੰਘ ਸੰਮੇਵਾਲੀ, ਬਿੰਦਰ ਗੋਨੇਆਣਾ ਪੀਏ ਟੂ ਰੋਜ਼ੀ ਬਰਕੰਦੀ, ਧਰਮਜੀਤ ਸਿੰਘ ਬੋਨੀ ਬੇਦੀ ਸੀਨੀਅਰ ਕਾਂਗਰਸੀ ਆਗੂ, ਜਗਮੀਤ ਸਿੰਘ ਖੱਪਿਆਂਵਾਲੀ, ਜਗਬੀਰ ਸਿੰਘ ਹੈੱਡ ਗ੍ਰੰਥੀ, ਨਿਰਮਲ ਸਿੰਘ ਗੋਨੇਆਣਾ ਸਾਬਕਾ ਜਨਰਲ ਸਕੱਤਰ ਆਲ ਇੰਡੀਆ ਸਿੱਖ ਸਟੂਡੈਂਟ, ਜਤਿੰਦਰ ਸਿੰਘ ਵਾਰਿਸ ਪੰਜਾਬ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ, ਬਾਬਾ ਬੂਟਾ ਸਿੰਘ ਮੈਂਬਰ ਗੁ. ਦੂ. ਪ੍ਰਬੰਧਕ ਕਮੇਟੀ, ਬਿਕਰਮਜੀਤ ਸਿੰਘ ਖਾਲਸਾ ਪੰਥਕ ਅਕਾਲੀ ਲਹਿਰ, ਹਰਜੋਤ ਸਿੰਘ ਲੱਧੂਵਾਲਾ, ਹਰਚਰਨ ਸਿੰਘ, ਇੰਦਰਪਾਲ ਸਿੰਘ ਸਤਿਕਾਰ ਕਮੇਟੀ ਸ੍ਰੀ ਮੁਕਤਸਰ ਸਾਹਿਬ, ਬੋਹੜ ਸਿੰਘ, ਜਗਜੀਤ ਸਿੰਘ ਖੱਪਿਆਂਵਾਲੀ, ਤੋਂ ਇਲਾਵਾ ਵੱਡੀ ਗਿਣਤੀ 'ਚ ਵੱਖ ਵੱਖ ਸਮਾਜ ਸੇਵੀ, ਧਾਰਮਿਕ ਤੇ ਰਾਜਨੀਤਿਕ ਜਥੇਬੰਦੀਆਂ ਤੇ ਆਗੂ ਹਾਜ਼ਰ ਸਨ।ਓਧਰ ਇਸ ਮਾਮਲੇ 'ਚ ਪੁਲਸ ਨੇ 9 ਲੋਕਾਂ ਮਨੋਜ ਗਰਗ ਵਾਸੀ ਗਿੱਦੜਬਾਹਾ, ਕਰਨਦੀਪ ਸਿੰਘ ਵਾਸੀ ਸ੍ਰੀ ਮੁਕਤਸਰ ਸਾਹਿਬ, ਹਰਗੋਬਿੰਦ ਸਿੰਘ ਵਾਸੀ ਪਿੰਡ ਭਾਗਸਰ, ਰਵੀ ਕੁਮਾਰ ਵਾਸੀ ਸ੍ਰੀ ਮੁਕਤਸਰ ਸਾਹਿਬ, ਜਤਿੰਦਰ ਸਿੰਘ ਉਰਫ ਜੈਕੀ ਵਾਸੀ ਪਿੰਡ ਉੜਾਂਗ ਹਾਲ ਅਬਾਦ ਗਲੀ ਨੰਬਰ 15 ਗੋਨਿਆਣਾ ਰੋਡ ਸ੍ਰੀ ਮੁਕਤਸਰ ਸਾਹਿਬ, ਸੰਜੇ ਵਾਸੀ ਗਿੱਦੜਬਾਹਾ, ਹਰਮਨ ਸਿੰਘ ਵਾਸੀ ਗਿੱਦੜਬਾਹਾ, ਸੰਨੀ ਸ੍ਰੀ ਮੁਕਤਸਰ ਸਾਹਿਬ, ਰਾਜਾ ਸਿੰਘ ਵਾਸੀ ਗਿੱਦੜਬਾਹਾ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਐੱਸ ਪੀ 'ਡੀ' ਮਨਮੀਤ ਸਿੰਘ ਢਿੱਲੋਂ ਨੇ ਦੱਸਿਆ ਕਿ ਨੌਜਵਾਨ ਗੁਰਵਿੰਦਰ ਸਿੰਘ ਚੜ੍ਹੇਵਾਨ ਦੀ ਕੁੱਟਮਾਰ ਕਰਨ ਵਾਲੇ 9 ਮੁਲਜ਼ਮਾਂ ਨੂੰ ਹੁਣ ਤੱਕ ਗ੍ਰਿਫ਼ਤਾਰ ਕਰ ਲਿਆ ਗਿਆ, ਜਦਕਿ ਰਾਜੇਸ਼ ਗਰਗ ਨੂੰ ਗ੍ਰਿਫ਼ਤਾਰ ਕਰਨ ਲਈ ਪੁਲਸ ਦੀਆਂ ਵੱਖ ਵੱਖ ਟੀਮਾਂ ਵੱਲੋਂ ਛਾਪੇਮਾਰੀ ਕੀਤੀ ਜਾ ਰਹੀ ਹੈ।

## ਦਰਿਆ 'ਚ ਨਹਾਉਣ ਗਏ 2 ਦੋਸਤ ਡੁੱਬੇ, ਇੱਕ ਦੀ ਲਾਸ਼ ਬਰਾਮਦ, ਦੂਜੇ ਦੀ ਭਾਲ ਜਾਰੀ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਥਾਣਾ ਕੂੰਮਕਲਾਂ ਅਧੀਨ ਪੈਂਦੇ ਪਿੰਡ ਬਲੀਏਵਾਲ ਦੇ 2 ਨੌਜਵਾਨ ਕੱਲ੍ਹ ਦੇਰ ਸ਼ਾਮ ਨਹਾਉਣ ਲਈ ਦਰਿਆ ਦੇ ਪਾਣੀ ਵਿੱਚ ਉੱਤਰੇ ਤਾਂ ਉੱਥੇ ਉਹ ਡੁੱਬ ਗਏ, ਜਿਨ੍ਹਾਂ 'ਚੋਂ ਸ਼ੁਭਪ੍ਰੀਤ ਸਿੰਘ (29) ਦੀ ਲਾਸ਼ ਬਰਾਮਦ ਹੋ ਗਈ, ਜਦਕਿ ਦੂਜਾ ਨੌਜਵਾਨ ਗੁਰਮੀਤ ਸਿੰਘ ਉਰਫ਼ ਰਾਜੂ ਦੀ ਗੋਤਾਖੋਰਾਂ ਵੱਲੋਂ ਤਲਾਸ਼ ਕੀਤੀ ਜਾ ਰਹੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਅੱਤ ਦੀ ਗਰਮੀ ਹੋਣ ਕਾਰਨ ਦੋਵੇਂ ਗਹਿਰੇ ਦੋਸਤ ਸ਼ੁਭਪ੍ਰੀਤ ਸਿੰਘ ਤੇ ਗੁਰਮੀਤ ਸਿੰਘ ਆਪਣੇ 2 ਹੋਰ ਸਾਥੀਆਂ ਸਮੇਤ ਨੇੜੇ ਹੀ ਵਗਦੇ ਸਤਲੁਜ ਦਰਿਆ ਵਿਚ ਨਹਾਉਣ ਚਲੇ ਗਏ। ਸਤਲੁਜ ਦਰਿਆ ਕਿਨਾਰੇ ਸ਼ੁਭਪ੍ਰੀਤ ਸਿੰਘ ਤੇ ਗੁਰਮੀਤ ਸਿੰਘ ਨੇ ਕੱਪੜੇ ਲਾਹ ਕੇ ਪਾਣੀ ਵਿਚ ਛਲਾਂਗ ਲਗਾ ਦਿੱਤੀ, ਪਰ ਜਿਸ ਥਾਂ ਉਹ ਨਹਾਉਣ ਲੱਗੇ ਉਸ ਥਾਂ 'ਤੇ ਪਾਣੀ ਗਹਿਰਾ ਸੀ। ਨਹਾਉਣ ਸਮੇਂ ਅਚਾਨਕ ਗੁਰਮੀਤ ਸਿੰਘ ਡੁੱਬਣ ਲੱਗਾ ਤਾਂ ਉਸ ਨੂੰ ਸ਼ੁਭਪ੍ਰੀਤ ਸਿੰਘ ਜਦੋਂ ਬਚਾਉਣ ਲੱਗਾ ਤਾਂ ਉਹ ਵੀ ਗਹਿਰੇ ਪਾਣੀ ਦੀ ਲਪੇਟ ਵਿੱਚ ਆ ਗਿਆ।

ਘਟਨਾ ਦੀ ਸੂਚਨਾ ਮਿਲਦੇ ਹੀ ਪਿੰਡ ਵਿੱਚ ਸੋਗ ਦੀ ਲਹਿਰ ਫੈਲ ਗਈ ਤੇ ਨੇੜਲੇ ਹੀ ਪਿੰਡ ਦੇ ਗੋਤਾਖੋਰ ਮਲਕੀਤ ਸਿੰਘ ਉਰਫ਼ ਮੀਤਾ ਸ਼ਿਕਾਰੀ ਨੇ ਦਰਿਆ ਵਿੱਚ ਡਾਕ ਮਾਰ ਕੇ ਸ਼ੁਭਪ੍ਰੀਤ ਸਿੰਘ ਦੀ ਲਾਸ਼ ਨੂੰ ਤਾਂ ਬਾਹਰ ਕੱਢ ਲਿਆ, ਪਰ ਦੂਸਰੇ ਨੌਜਵਾਨ ਗੁਰਮੀਤ ਸਿੰਘ ਦਾ ਕੋਈ ਸੁਰਾਗ ਨਾ ਲੱਗਾ। ਗੋਤਾਖੋਰ ਵੱਲੋਂ ਗੁਰਮੀਤ ਸਿੰਘ ਦੀ ਤਲਾਸ਼ ਕੀਤੀ ਜਾ ਰਹੀ ਸੀ। ਜਾਣਕਾਰੀ ਅਨੁਸਾਰ ਸਤਲੁਜ ਦਰਿਆ ਵਿੱਚ ਡੁੱਬਣ ਕਾਰਨ ਮਰਿਆ ਨੌਜਵਾਨ ਸ਼ੁਭਪ੍ਰੀਤ ਸਿੰਘ ਕਾਫ਼ੀ ਪੜ੍ਹਿਆ ਲਿਖਿਆ ਸੀ, ਜੋ ਘਰ ਵਿੱਚ ਆਨਲਾਈਨ ਹੀ ਕੰਮ ਕਰਦਾ ਸੀ। ਨੌਜਵਾਨ ਅਜੇ ਕੁਆਰਾ ਸੀ ਤੇ ਨੇਕ ਸੁਭਾਅ ਦਾ ਮਾਲਕ ਹੋਣ ਕਾਰਨ ਪਿੰਡ ਦਾ ਹਰੇਕ ਵਿਅਕਤੀ ਉਸ ਦੀ ਮੌਤ ਕਾਰਨ ਗ਼ਮਗੀਨ ਸੀ। ਦੂਸਰਾ ਨੌਜਵਾਨ ਗੁਰਮੀਤ ਸਿੰਘ ਪਿੰਡ ਵਿਚ ਹੀ ਮੋਬਾਇਲਾਂ ਤੇ ਮਨੀ ਟਰਾਂਸਫਰ ਦਾ ਕੰਮ ਕਰਦਾ ਹੈ, ਜਿਸ ਦੀਆਂ 2 ਛੋਟੀਆਂ ਛੋਟੀਆਂ ਧੀਆਂ ਹਨ। ਉਸ ਦੇ ਘਰ ਵੀ ਮਾਹੌਲ ਬੜਾ ਗ਼ਮਗੀਨ ਬਣਿਆ ਹੋਇਆ ਸੀ।

# ਬੈਂਕ 'ਚ ਪਾੜ ਲਾ ਕੇ ਨਕਦੀ ਲੁੱਟਣ ਦੀ ਘਟਨਾ ਦਾ ਪਰਦਾਫਾਸ਼

**■ ਪੁਲਸ ਵੱਲੋਂ ਅੰਤਰਰਾਜੀ ਗਰੋਹ ਦੇ ਤਿੰਨ ਮੈਂਬਰ ਕਾਬੂ**
**■ ਲੁੱਟ ਦੀ ਰਕਮ 9.17 ਲੱਖ 'ਚੋਂ 4 ਲੱਖ ਰੁਪਏ ਬਰਾਮਦ**



ਬੈਂਕ ਵਿੱਚ ਲੁੱਟ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਦੋਸ਼ੀ ਪੁਲਸ ਨਾਲ।

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਸ਼ੁਤਰਾਣਾ ਪੁਲਸ ਨੇ ਕੁਝ ਦਿਨ ਪਹਿਲਾਂ ਸਬ ਡਵੀਜ਼ਨ ਪਾਤੜਾਂ ਦੇ ਪਿੰਡ ਸ਼ੇਰਗੜ੍ਹ ਵਿਖੇ ਰਾਤ ਸਮੇਂ ਬੈਂਕ ਦੀ ਕੰਧ ਨੂੰ ਪਾੜ ਲਾ ਕੇ ਚੋਰੀ ਦੀ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਅੰਤਰਰਾਜੀ ਗਰੋਹ ਦੇ ਤਿੰਨ ਮੈਂਬਰਾਂ ਨੂੰ ਕਾਬੂ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ ਹੈ।ਫੜੇ ਗਏ ਵਿਅਕਤੀਆਂ ਕੋਲੋਂ ਚੋਰੀ ਕੀਤੀ ਗਈ ਰਕਮ ਵਿੱਚੋਂ 4 ਲੱਖ ਰੁਪਏ ਤੇ ਚੋਰੀ ਦੀ ਵਾਰਦਾਤ ਕਰਦੇ ਸਮੇਂ ਵਰਤੇ ਔਜ਼ਾਰ ਵਿੱਚ ਲੋਹਾ ਕੱਟਣ ਵਾਲੀ ਕਟਰ ਮਸ਼ੀਨ, ਇੱਕ ਲੈਂਟਰ ਤੋੜਨ ਵਾਲੀ ਮਸ਼ੀਨ ਸਮੇਤ 2 ਰਾਡ ਤੇ ਇੱਕ ਹੀਰੋ ਸਪਲੈਂਡਰ ਮੋਟਰਸਾਈਕਲ ਬਰਾਮਦ ਕਰਕੇ ਘਟਨਾ ਨੂੰ ਅੰਜਾਮ ਦਿੰਦੇ ਸਮੇਂ ਜਾਂਦੇ ਹੋਏ ਬੈਂਕ ਦਾ ਸੀਸੀਟੀਵੀ ਕੈਮਰਿਆਂ ਦਾ ਸੀਪੀਯੂ ਤੇ ਡੀਵੀਆਰ ਵੀ ਬਰਾਮਦ ਹੋਇਆ ਹੈ।

ਜਾਣਕਾਰੀ ਦਿੰਦਿਆਂ ਡੀ ਐੱਸ ਪੀ ਪਾਤੜਾਂ ਇੰਦਰਪਾਲ ਸਿੰਘ ਚੌਹਾਨ ਨੇ ਦੱਸਿਆ ਕਿ 27 ਤੇ 28 ਮਈ ਦੀ ਦਰਮਿਆਨੀ ਰਾਤ ਨੂੰ ਖਨੌਰੀ-ਕੈਥਲ ਸੜਕ ਉੱਤੇ ਸਥਿਤ ਪਿੰਡ ਸ਼ੇਰਗੜ੍ਹ ਵਿਖੇ ਐਕਸਿਸ ਬੈਂਕ ਦੀ ਬ੍ਰਾਂਚ ਵਿੱਚੋਂ ਪਾੜ ਲਗਾ ਕੇ ਨਾ-ਮਾਲੂਮ ਵਿਅਕਤੀਆਂ ਵੱਲੋਂ 9 ਲੱਖ 17 ਹਜ਼ਾਰ ਰੁਪਏ ਚੋਰੀ ਕਰ ਲਏ ਗਏ ਸੀ।ਮੁਕੱਦਮਾ ਦਰਜ ਕਰਨ ਮਗਰੋਂ ਉੱਚ ਅਧਿਕਾਰੀਆਂ ਦੀਆਂ ਹਦਾਇਤਾਂ 'ਤੇ ਸੀਆਈਏ ਸਟਾਫ ਸਮਾਣਾ ਦੇ ਇੰਚਾਰਜ ਇੰਸਪੈਕਟਰ ਅੰਕੁਰਦੀਪ ਸਿੰਘ, ਥਾਣਾ ਸ਼ੁਤਰਾਣਾ ਦੇ ਇੰਚਾਰਜ ਸਬ ਇੰਸਪੈਕਟਰ ਜਸਪਾਲ ਸਿੰਘ ਤੇ ਪੁਲਸ ਚੌਕੀ ਗੁਲਜ਼ਾਰਪੁਰ ਠਰੂਆ ਦੇ ਇੰਚਾਰਜ ਜੇ ਪ੍ਰਕਾਸ਼ ਦੀ ਅਗਵਾਈ ਵਿੱਚ ਪੁਲਸ ਟੀਮਾਂ ਵੱਲੋਂ ਸੀਸੀਟੀਵੀ ਕੈਮਰਿਆਂ ਵਿੱਚੋਂ ਮਿਲੀਆਂ ਫੋਟੋਜ਼ ਤੇ ਹੋਰ ਵੱਖ ਵੱਖ ਪੱਖਾਂ ਤੋਂ ਡੂੰਘਾਈ ਨਾਲ ਪੜਤਾਲ ਦੌਰਾਨ ਮਾਮਲੇ ਨੂੰ ਟਰੇਸ ਕਰਦਿਆਂ ਹੋਇਆਂ ਤਿੰਨ ਕਥਿਤ ਦੋਸ਼ੀਆਂ ਅਮਿਤ ਕੁਮਾਰ ਟਾਵਣ ਪੁੱਤਰ ਜਗਦੀਸ਼ ਵਾਸੀ ਵਾਰਡ ਨੰਬਰ 2 ਚਾਰਜ ਮੁੱਹਲਾ ਸਫੀਦੋਂ ਜ਼ਿਲ੍ਹਾ ਜੀਂਦ (ਹਰਿਆਣਾ), ਅਜੇ ਉਰਫ ਛੋਟੀਆ ਪੁੱਤਰ ਬੀਰਾ ਰਾਮ ਵਾਸੀ ਪਿੰਡ ਕਰਸਿੱਧੂ ਨੇੜੇ ਨਗਰ ਖੇੜਾ ਥਾਣਾ ਉਚਾਨਾ ਜ਼ਿਲ੍ਹਾ ਜੀਂਦ (ਹਰਿਆਣਾ) ਤੇ ਮੱਖਣ ਸਿੰਘ ਪੁੱਤਰ ਬਿੱਟੂ ਉਰਫ ਬੂਟਾ ਸਿੰਘ ਵਾਸੀ ਨੇੜੇ ਮਾੜੀ ਚਾਲਾ ਗੁਲਜ਼ਾਰਪੁਰ ਸਾਹਿਬ ਦਨੌਲੀ ਥਾਣਾ ਸਦਰ ਅਸੰਧ ਜ਼ਿਲ੍ਹਾ ਕਰਨਾਲ (ਹਰਿਆਣਾ) ਨੂੰ ਗ੍ਰਿਫਤਾਰ ਕਰਕੇ ਚੋਰੀ ਕੀਤੀ ਰਕਮ ਵਿੱਚੋਂ ਚਾਰ ਲੱਖ ਰੁਪਏ ਬਰਾਮਦ ਕਰਵਾ ਲਏ ਗਏ ਹਨ।

ਉਨ੍ਹਾਂ ਦੱਸਿਆ ਕਿ ਕਥਿਤ ਦੋਸ਼ੀਆਂ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਸ ਰਿਮਾਂਡ ਹਾਸਲ ਕਰਕੇ ਸਖਤੀ ਨਾਲ ਕੀਤੀ ਗਈ ਪੁੱਛਗਿੱਛ ਦੌਰਾਨ ਸਾਹਮਣੇ ਆਇਆ ਹੈ ਕਿ ਉਕਤ ਦੋਸ਼ੀਆਂ ਖਿਲਾਫ ਪਹਿਲਾਂ ਵੀ ਬੈਂਕਾਂ ਵਿੱਚ ਚੋਰੀਆਂ ਕਰਨ ਦੇ ਹਰਿਆਣਾ ਤੇ ਪੰਜਾਬ ਵਿੱਚ ਕਈ ਮਾਮਲੇ ਵੱਖ ਵੱਖ ਥਾਣਿਆਂ ਵਿੱਚ ਦਰਜ ਹਨ।

## ਕਾਤਰਾਂ

### ਸ਼ੇਰੋ ਦੀ ਪੰਚਾਇਤ ਵੱਲੋਂ ਨਸ਼ਾ ਵਿਰੋਧੀ ਮੁਹਿੰਮ ਦਾ ਸਮਰਥਨ

**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਪਿੰਡ ਮਾਡਲ ਟਾਊਨ ਸ਼ੇਰੋ (2) ਬਲਾਕ ਸੁਨਾਮ, ਜਿਲਾ ਸੰਗਰੂਰ ਨੇ ਸਰਪੰਚ, ਨੰਬਰਦਾਰ, ਪੰਚ ਅਤੇ ਨਗਰ ਨਿਵਾਸੀਆਂ ਦੀ ਮੀਟਿੰਗ ਕਰਕੇ ਜਿਸ ਵਿੱਚ ਸਾਰਿਆਂ ਦੀ ਸਹਿਮਤੀ ਨਾਲ ਮਤਾ ਲਿਖਿਆ ਗਿਆ ਕਿ ਅਸੀਂ ਸਾਰਿਆਂ ਨੂੰ ਸੂਚਿਤ ਕਰ ਰਹੇ ਹਾਂ ਕਿ ਸਾਡਾ ਪਿੰਡ ਨਸ਼ਾ ਮੁਕਤ ਹੈ। ਸਾਡੇ ਪਿੰਡ ਵਿੱਚ ਕੋਈ ਵੀ ਵਿਅਕਤੀ ਕਿਸੇ ਤਰ੍ਹਾਂ ਦਾ ਨਸ਼ਾ ਨਹੀਂ ਵੇਚਦਾ ਅਤੇ ਨਾ ਹੀ ਕੋਈ ਵਿਅਕਤੀ ਨਸ਼ੇ ਦਾ ਸੇਵਨ ਕਰਦਾ ਹੈ। ਅਸੀਂ ਪੰਜਾਬ ਸਰਕਾਰ ਵੱਲੋਂ ਚਲਾਏ ਯੁੱਧ ਨਸ਼ਿਆਂ ਵਿਰੁੱਧ ਦਾ ਸਮਰਥਨ ਕਰਦੇ ਹਾਂ ਅਤੇ ਪੰਜਾਬ ਸਰਕਾਰ ਦਾ ਧੰਨਵਾਦ ਕਰਦੇ ਹਾਂ ਇਸ ਵਿੱਚ ਸਰਪੰਚ ਹਰਮੀਤ ਕੌਰ,ਪੰਚ ਰਣਜੀਤ ਕੌਰ, ਪੰਚ ਕੁਲਦੀਪ ਸਿੰਘ, ਹਰਬੰਸ ਸਿੰਘ, ਮੈਂਬਰ ਗੁਰਜੰਟ ਸਿੰਘ ਸ਼ਾਮਲ ਸਨ।

### ਧੋਖਾਧੜੀ ਦੇ ਦੋਸ਼ਾਂ ਤਹਿਤ ਨੌਜਵਾਨ 'ਤੇ ਪਰਚਾ ਦਰਜ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪੁਲਸ ਥਾਣਾ ਮਹਿਲ ਕਲਾਂ ਵਿਖੇ ਹਰਦੀਪ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਕੁਲਾ ਪੱਤੀ ਮਹਿਲ ਕਲਾਂ ਵੱਲੋਂ ਦਿੱਤੀ ਦਰਖਾਸਤ ਉੱਪਰ ਕਾਰਵਾਈ ਕਰਦਿਆਂ ਇੱਕ ਨੌਜਵਾਨ ਖਿਲਾਫ ਧੋਖਾਧੜੀ ਦੇ ਦੋਸ਼ਾਂ ਤਹਿਤ ਪਰਚਾ ਦਰਜ ਕਰਨ ਦਾ ਪਤਾ ਲੱਗਿਆ ਹੈ।ਮਿਲੀ ਜਾਣਕਾਰੀ ਅਨੁਸਾਰ ਪੀੜਤ ਹਰਦੀਪ ਸਿੰਘ ਨੇ ਲਿਖਤੀ ਤੌਰ 'ਤੇ ਦੱਸਿਆ ਕਿ ਉਸ ਦੀ ਲੜਕੀ ਦਮਨਜੀਤ ਕੌਰ ਨੇ ਆਈਲਟਸ ਵਿੱਚੋਂ 6 ਬੈਂਡ ਲਏ ਸਨ, ਵਿਦੇਸ਼ ਭੇਜਣ ਲਈ ਹਰਪ੍ਰੀਤ ਸਿੰਘ ਪੁੱਤਰ ਬਲਜਿੰਦਰ ਸਿੰਘ ਵਾਸੀ ਨਿਹਾਲੂਵਾਲ ਨਾਲ ਗੱਲਬਾਤ ਕੀਤੀ ਗਈ, ਜਿਸ ਨੇ ਬੇਟੀ ਦੇ ਸਾਰੇ ਕਾਗਜ਼ਾਤ ਤੇ 15 ਲੱਖ 91 ਹਜ਼ਾਰ 800 ਰੁਪਏ ਲੈ ਲਏ।ਬਾਅਦ ਵਿੱਚ ਹਰਪ੍ਰੀਤ ਸਿੰਘ ਨੇ ਕਾਫੀ ਸਮਾਂ ਬੀਤ ਜਾਣ 'ਤੇ ਵੀ ਲੜਕੀ ਨੂੰ ਵਿਦੇਸ਼ ਭੇਜਣ ਲਈ ਕੋਈ ਵੀ ਚਾਰਾਜੋਈ ਨਹੀਂ ਕੀਤੀ।ਇਸ ਉਪਰੰਤ ਦੋਵਾਂ ਧਿਰਾਂ ਦਾ ਪੰਚਾਇਤੀ ਰਾਜ਼ੀਨਾਮਾ ਹੋ ਗਿਆ, ਜਿਸ ਵਿੱਚ ਹਰਪ੍ਰੀਤ ਸਿੰਘ 12 ਲੱਖ ਪੀੜਤ ਹਰਦੀਪ ਸਿੰਘ ਨੂੰ ਵਾਪਸ ਦੇਣਾ ਮੰਨਿਆ, ਜਿਸ ਵਿੱਚੋਂ ਉਸ ਨੇ 4 ਲੱਖ ਵਾਪਸ ਮੋੜ ਦਿੱਤੇ।ਬਾਕੀ ਰਹਿੰਦਾ 8 ਲੱਖ ਵਾਰ ਵਾਰ ਕਹਿਣ 'ਤੇ ਵੀ ਨਹੀਂ ਦਿੱਤਾ ਜਾ ਰਿਹਾ।ਹਰਦੀਪ ਸਿੰਘ ਦਾ ਕਹਿਣਾ ਹੈ ਕਿ ਜਦੋਂ ਵੀ ਉਹ ਬਕਾਇਆ ਰਕਮ ਮੰਗਦਾ ਹੈ, ਤਾਂ ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ।ਇਸ ਮਾਮਲੇ ਸੰਬੰਧੀ ਪੁਲਸ ਥਾਣਾ ਮਹਿਲ ਕਲਾਂ ਵਿਖੇ ਹਰਪ੍ਰੀਤ ਸਿੰਘ ਵਾਸੀ ਨਿਹਾਲੂਵਾਲ ਖਿਲਾਫ ਧੋਖਾਧੜੀ ਦੇ ਦੋਸ਼ਾਂ ਤਹਿਤ ਪਰਚਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਦਿੱਤੀ ਹੈ।

### ਸਿੱਖ ਤੇ ਭਰਾਤਰੀ ਜਥੇਬੰਦੀਆਂ ਪੀੜਤ ਨੌਜਵਾਨ ਦੇ ਹੱਕ 'ਚ ਨਿੱਤਰੀਆਂ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਬੀਤੇ ਬੁੱਧਵਾਰ 11 ਜੂਨ 2025 ਨੂੰ ਸ੍ਰੀ ਮੁਕਤਸਰ ਸਾਹਿਬ ਦੇ ਬੱਸ ਅੱਡੇ ਨਜ਼ਦੀਕ ਸਿੱਖ ਨੌਜਵਾਨ ਦੀ ਕੁੱਟਮਾਰ ਮਾਮਲੇ ਵਿੱਚ ਬੇਸ਼ੱਕ ਮੁਕਤਸਰ ਪੁਲਸ ਵੱਲੋਂ ਮਾਮਲਾ ਦਰਜ ਕਰਕੇ 4 ਲੋਕਾਂ ਦੀ ਗ੍ਰਿਫਤਾਰੀ ਕਰ ਲਈ ਗਈ ਹੈ, ਪ੍ਰੰਤੂ ਉਸ ਪੀੜਤ ਨੌਜਵਾਨ ਨੂੰ ਇਨਸਾਫ਼ ਦੁਆਉਣ ਦੇ ਹੱਕ ਵਿੱਚ ਨਿੱਤਰੀਆਂ ਸਿੱਖ ਤੇ ਭਰਾਤਰੀ ਜਥੇਬੰਦੀਆਂ ਵੱਲੋਂ ਅੱਜ ਮੁਕਤਸਰ ਦੇ ਗੁਰਦੁਆਰਾ ਤਰਨ ਤਾਰਨ ਸਾਹਿਬ ਵਿਖੇ ਇਕੱਠ ਕੀਤਾ ਗਿਆ। ਇਸ ਮੌਕੇ ਪੀੜਤ ਸਿੱਖ ਨੌਜਵਾਨ ਨੂੰ ਇਨਸਾਫ ਦੁਆਉਣ ਲਈ ਪੁਲਸ ਪ੍ਰਸ਼ਾਸਨ ਕੋਲੋਂ ਜਲਦ ਤੋਂ ਜਲਦ ਸ਼ਿਵ ਸੈਨਾ ਦੇ ਪੰਜਾਬ ਪ੍ਰਧਾਨ ਰਾਜੇਸ਼ ਗਰਗ ਤੇ ਉਸ ਦੇ ਸਮਰਥਕਾਂ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ।ਇਸ ਇਨਸਾਫ਼ ਸੰਘਰਸ਼ ਵਿੱਚ ਦੀਪ ਸਿੱਧੂ ਦੇ ਭਰਾ ਮਨਦੀਪ ਸਿੱਧੂ ਵੀ ਪਹੁੰਚੇ ਹੋਏ ਹਨ।

### ਭੁੱਕੀ ਸਮੇਤ ਔਰਤ ਗ੍ਰਿਫਤਾਰ

**ਸ਼ੇਰਪੁਰ (ਰਵੀ ਟਿੱਬਾ)**-ਪੰਜਾਬ ਸਰਕਾਰ ਤੇ ਪੰਜਾਬ ਪੁਲਸ ਵੱਲੋਂ 'ਯੁੱਧ ਨਸ਼ਿਆਂ ਵਿੱਰੁਧ' ਵਿੱਢੀ ਮੁਹਿੰਮ ਤਹਿਤ ਇੰਸਪੈਕਟਰ ਗੁਰਪਾਲ ਸਿੰਘ ਮੁੱਖ ਅਫਸਰ ਥਾਣਾ ਸ਼ੇਰਪੁਰ ਦੀ ਹਦਾਇਤ ਅਨੁਸਾਰ ਸ: ਥ: ਗੁਰਪਲ ਸਿੰਘ ਨੇ ਇੱਕ ਕਾਰਗੁਜ਼ਾਰੀ ਦਰਜ ਕੀਤੀ ਕਿ ਪੁਲਸ ਪਾਰਟੀ ਦੇ ਦੌਰਾਨੇ ਗਸ਼ਤ ਮੁਖਬਰ ਖਾਸ ਦੀ ਇਤਲਾਹ ਅਨੁਸਾਰ ਨੇੜੇ ਦਾਣਾ ਮੰਡੀ ਬਾਦਸ਼ਾਹਪੁਰ ਤੋਂ ਗੁਰਮੀਤ ਕੌਰ ਗੋਗਾ ਪਤਨੀ ਕਾਲਾ ਸਿੰਘ ਵਾਸੀ ਬਾਦਸ਼ਾਹਪੁਰ ਨੂੰ ਗ੍ਰਿਫ਼ਤਾਰ ਕਰਕੇ ਇਸ ਦੇ ਕਬਜ਼ੇ ਵਿੱਚੋਂ 1 ਕਿੱਲੋ 500 ਗਰਾਮ ਭੁੱਕੀ ਬਰਾਮਦ ਕੀਤੀ ਗਈ। ਉਕਤ ਔਰਤ ਖਿਲਾਫ ਮੁਕੱਦਮਾ ਥਾਣਾ ਸ਼ੇਰਪੁਰ ਰਜਿਸਟਰ ਕੀਤਾ ਗਿਆ।ਉਕਤ ਔਰਤ ਨੂੰ ਮਾਨਯੋਗ ਅਦਾਲਤ ਵਿਖੇ ਪੇਸ਼ ਕਰਕੇ ਜੇਲ੍ਹ ਭੇਜਿਆ ਜਾਵੇਗਾ।

### ਪੀ ਯੂ ਵੱਲੋਂ ਡੰਮੀ ਦਾਖਲਿਆਂ ਦੀ ਜਾਂਚ ਕਮੇਟੀ ਦਾ ਗਠਨ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬੀ ਯੂਨੀਵਰਸਿਟੀ ਅਧੀਨ ਆਉਂਦੇ ਇੱਕ ਕਾਲਜ ਵਿੱਚ ਡੰਮੀ ਦਾਖ਼ਲੇ ਹੋਣ ਦਾ ਮਾਮਲਾ ਸਾਹਮਣੇ ਆਉਣ 'ਤੇ ਯੂਨੀਵਰਸਿਟੀ ਵੱਲੋਂ ਜਾਂਚ ਕਮੇਟੀ ਦਾ ਗਠਨ ਕੀਤਾ ਗਿਆ ਹੈ।ਇਸ ਸਬੰਧੀ ਡੀਨ ਕਾਲਜ ਵਿਕਾਸ ਕੌਂਸਲ ਨੇ ਦੱਸਿਆ ਕਿ ਵਾਈਸ ਚਾਂਸਲਰ ਡਾ. ਜਗਦੀਪ ਸਿੰਘ ਵੱਲੋਂ ਜਾਰੀ ਆਦੇਸ਼ਾਂ ਅਨੁਸਾਰ ਇਸ ਮਾਮਲੇ ਵਿੱਚ ਫੌਰੀ ਕਾਰਵਾਈ ਕਰਦਿਆਂ ਸਬੰਧਤ ਕਾਲਜ ਨੂੰ ਦੋ ਦਿਨਾਂ ਅੰਦਰ ਸਪੱਸ਼ਟੀਕਰਨ ਦੇਣ ਹਿੱਤ ਪੱਤਰ ਜਾਰੀ ਕੀਤਾ ਗਿਆ ਹੈ। ਉਨ੍ਹਾ ਦੱਸਿਆ ਕਿ ਇਸ ਮਾਮਲੇ ਦੀ ਉੱਚ ਪੱਧਰੀ ਜਾਂਚ ਲਈ ਤਿੰਨ ਮੈਂਬਰੀ ਕਮੇਟੀ ਦਾ ਗਠਨ ਵੀ ਕਰ ਦਿੱਤਾ ਗਿਆ ਹੈ।ਇਹ ਵੀ ਫ਼ੈਸਲਾ ਲਿਆ ਗਿਆ ਹੈ ਕਿ ਭਵਿੱਖ ਵਿੱਚ ਕਿਸੇ ਵੀ ਸੰਭਾਵਿਤ ਬੇਨਿਯਮੀ ਵਾਲੇ ਅਮਲ ਨੂੰ ਰੋਕਣ ਲਈ ਵੱਖ-ਵੱਖ ਸਮਿਆਂ 'ਤੇ ਵੱਖ-ਵੱਖ ਕਾਲਜਾਂ ਦੀ ਅਚਨਚੇਤ ਚੈਕਿੰਗ ਕੀਤੀ ਜਾਇਆ ਕਰੇਗੀ।

## ਪੀਣ ਵਾਲੇ ਪਾਣੀ ਬਗੈਰ ਬੱਸ ਅੱਡੇ 'ਚ ਹਾਹਾਕਾਰ, ਲੋਕ ਪਾਣੀ ਦੀਆਂ ਬੋਤਲਾਂ ਖ਼੍ਰੀਦਣ ਲਈ ਮਜਬੂਰ

**ਬਠਿੰਡਾ (ਬਖਤੌਰ ਢਿੱਲੋਂ)**-ਪੰਜਾਬ ਵਿੱਚ ਅੱਤ ਦੀ ਗਰਮੀ ਹੋਣ ਸਦਕਾ ਰੈੱਡ ਅਲਰਟ ਕੀਤਾ ਗਿਆ ਹੈ, ਬਠਿੰਡਾ ਸਭ ਤੋਂ ਵੱਧ ਗਰਮ ਦੱਸਿਆ ਜਾ ਰਿਹਾ ਹੈ। ਇੱਥੋਂ ਦਾ ਤਾਪਮਾਨ 46 ਡਿਗਰੀ ਪਾਰ ਕਰ ਚੁੱਕਾ ਹੈ। ਏਨੀ ਗਰਮੀ ਵਿੱਚ ਸਥਾਨਕ ਬੱਸ ਅੱਡੇ ਵਿੱਚ ਲੋਕਾਂ ਦਾ ਮੂੰਹ ਗਿੱਲਾ ਕਰਨ ਲਈ ਵੀ ਪਾਣੀ ਨਹੀਂ ਮਿਲਦਾ। ਕਿਸੇ ਦਾਨੀ ਸੱਜਣ ਨੇ ਬੱਸ ਅੱਡੇ ਵਿੱਚ ਸਵਾਰੀਆਂ ਦੀ ਸਹੂਲਤ ਲਈ ਇੱਕ ਵਾਟਰ ਕੂਲਰ ਲਵਾਇਆ ਸੀ, ਜਿਸ ਨੂੰ ਪੀ ਆਰ ਟੀ ਸੀ ਦੇ ਅਧਿਕਾਰੀਆਂ ਨੇ ਚੁੱਕ ਕੇ ਆਪਣੀ ਵਰਕਸ਼ਾਪ ਵਿੱਚ ਲਗਵਾ ਲਿਆ ਹੈ। ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਬੱਸ ਅੱਡੇ ਵਿੱਚੋਂ ਵਾਟਰ ਕੂਲਰ ਚੁੱਕ ਲੈਣਾ ਤੇ ਸਵਾਰੀਆਂ ਲਈ ਪਾਣੀ ਮੁਹੱਈਆ ਨਾ ਕਰਨਾ ਇੱਕ ਸਾਜ਼ਿਸ਼ ਤਹਿਤ ਕੀਤਾ ਗਿਆ ਹੈ, ਤਾਂ ਜੋ ਗਰਮੀ ਦੀ ਮਾਰ ਤੋਂ ਬਚਣ ਲਈ ਯਾਤਰੀ ਦੁਕਾਨਾਂ ਤੋਂ ਮਹਿੰਗੀਆਂ ਪਾਣੀ ਦੀਆਂ ਬੋਤਲਾਂ ਖਰੀਦਣ ਲਈ ਮਜਬੂਰ ਹੋਣ। ਇਹ ਦੁਕਾਨਦਾਰਾਂ ਨਾਲ ਪੀ ਆਰ ਟੀ ਸੀ ਦੇ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਕੀਤਾ ਜਾ ਰਿਹਾ ਹੈ। ਪੱਤਰਕਾਰਾਂ ਦੀ ਇੱਕ ਟੀਮ ਨੇ ਬੱਸ ਅੱਡੇ ਦਾ ਦੌਰਾ ਕੀਤਾ ਤਾਂ ਇੱਕ ਬਿਰਧ ਔਰਤ ਫ਼ਰਸ਼ 'ਤੇ ਬੈਠੀ ਪਾਣੀ ਪਾਣੀ ਕਰ ਰਹੀ ਸੀ, ਜਿਸ ਨੂੰ ਇੱਕ ਹੋਰ ਵਿਅਕਤੀ ਨੇ ਦੁਕਾਨ ਤੋਂ ਖਰੀਦ ਕੇ ਪਾਣੀ ਦੀ ਬੋਤਲ ਦਿੱਤੀ ਤਾਂ ਉਹ ਇੱਕੋ ਸਾਹੇ ਸਾਰੀ ਬੋਤਲ ਪੀ ਗਈ। ਇਸੇ ਤਰ੍ਹਾਂ ਇੱਕ ਲੜਕੀ ਆਪਣੇ ਪੰਜ ਕੁ ਮਹੀਨਿਆਂ ਦੇ ਬੱਚੇ ਨੂੰ ਲਈ ਬੈਠੀ ਸੀ, ਗਰਮੀ ਤੋਂ ਬਚਣ ਲਈ ਉਸ ਨੇ ਦੁਕਾਨ ਤੋਂ ਪਾਣੀ ਦੀ ਬੋਤਲ ਖਰੀਦ ਕੇ ਪਹਿਲਾਂ ਬੱਚੇ ਦੇ ਮੂੰਹ ਨੂੰ ਪਾਣੀ ਲਾਇਆ ਤੇ ਫੇਰ ਆਪ ਪੀਤਾ। ਬੱਸ ਅੱਡੇ ਵਿੱਚ ਪਾਣੀ ਬਗੈਰ ਹਾਹਾਕਾਰ ਮੱਚੀ ਹੋਈ ਸੀ। ਬੱਸਾਂ ਦੇ ਕੰਡਕਟਰਾਂ ਨੇ ਦੱਸਿਆ ਕਿ ਲੋਕਾਂ ਦੀ ਸਹੂਲਤ ਲਈ ਦਾਨ ਕੀਤਾ ਵਾਟਰ ਕੂਲਰ ਅਫ਼ਸਰਾਂ ਨੇ ਵਰਕਸ਼ਾਪ ਵਿੱਚ ਲਵਾ ਲਿਆ ਹੈ। ਜਦ ਇਸ ਬਾਰੇ ਪੀ ਆਰ ਟੀ ਸੀ ਦੇ ਮੈਨੇਜਰ ਨਾਲ ਸੰਪਰਕ ਕਰਨਾ ਚਾਹਿਆ ਤਾਂ ਉਸ ਨੇ ਫੋਨ ਸੁਣਨ ਦਾ ਵੀ ਜੋਖ਼ਮ ਨਾਲ ਝੱਲਿਆ।

## ਜੂਏ ਦੀ ਰਾਸ਼ੀ ਸਮੇਤ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਘੱਲਖੁਰਦ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਇਕ ਵਿਅਕਤੀ ਨੂੰ 720 ਰੁਪਏ ਜੂਏ ਦੀ ਰਾਸ਼ੀ ਸਮੇਤ ਗ੍ਰਿਫਤਾਰ ਕਰਕੇ ਉਸ ਖਿਲਾਫ ਜੂਆ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਹੌਲਦਾਰ ਅਮਨਦੀਪ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਇਲਾਕੇ ਵਿੱਚ ਗਸ਼ਤ ਕਰ ਰਹੀ ਸੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਮੁਲਜ਼ਮ ਬਿੱਕਰ ਸਿੰਘ ਪੁੱਤਰ ਪ੍ਰੀਤਮ ਸਿੰਘ ਵਾਸੀ ਲੋਹਾਮ ਰੋਡ ਵਾਰਡ ਨੰਬਰ 1 ਮੁੱਦਕੀ ਦੜਾ ਸੱਟਾ ਕਰਨ ਦਾ ਆਦੀ ਹੈ। ਪੁਲਸ ਨੇ ਦੱਸਿਆ ਕਿ ਉਕਤ ਮੁਲਜ਼ਮ 'ਤੇ ਛਾਪੇਮਾਰੀ ਕਰਕੇ ਉਸ ਕੋਲੋਂ 720 ਰੁਪਏ ਭਾਰਤੀ ਕਰੰਸੀ ਬਰਾਮਦ ਕੀਤੀ। ਪੁਲਸ ਨੇ ਦੱਸਿਆ ਕਿ ਉਕਤ ਮੁਲਜ਼ਮ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਜਸ਼ਨਪ੍ਰੀਤ ਬਾਵਾ ਨੂੰ ਖੁਦਕੁਸ਼ੀ ਲਈ ਮਜਬੂਰ ਕਰਨ ਵਾਲਿਆਂ 'ਤੇ ਹੋਵੇ ਕੇਸ ਦਰਜ : ਵਿਜੇ ਧੀਰ

**ਖੱਤਰੀ ਮਹਾਂ ਸਭਾ ਨੇ ਕੈਬਨਿਟ ਮੰਤਰੀ ਤੇ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਮਨ ਅਰੋੜਾ ਨੂੰ ਸੌਂਪਿਆ ਮੰਗ ਪੱਤਰ**



**ਮੋਗਾ (ਇਕਬਾਲ ਸਿੰਘ ਖਹਿਰਾ)**

ਬੀਤੀ 31 ਮਈ ਨੂੰ ਫਿਰੋਜ਼ਪੁਰ ਜ਼ਿਲ੍ਹੇ ਦੇ ਬਲਾਕ ਗੁਰੂ ਹਰਸਹਾਏ ਦੇ ਪਿੰਡ ਤਰਿੱਡਾ ਦੇ 22/23 ਸਾਲ ਦੇ ਹੋਣਹਾਰ ਨੌਜਵਾਨ ਸਰਪੰਚ ਜਸ਼ਨਪ੍ਰੀਤ ਬਾਵਾ ਨੇ ਅਪਣੇ ਆਪ ਨੂੰ ਗੋਲੀ ਮਾਰ ਕੇ ਅਪਣੀ ਜੀਵਨ ਲੀਲ੍ਹਾ ਸਮਾਪਤ ਕਰ ਲਈ ਸੀ। ਸਰਪੰਚ ਜਸ਼ਨਪ੍ਰੀਤ ਬਾਵਾ ਦੇ ਖੁਦਕੁਸ਼ੀ ਕਰਨ ਨਾਲ ਗੁਰੂ ਹਰਸਹਾਏ ਦੀ ਸਿਆਸਤ ਵਿੱਚ ਭੂਚਾਲ ਆਇਆ ਹੋਇਆ ਹੈ, ਜਿਸ ਦਾ ਕਾਰਨ ਹੈ ਕਿ ਖੁਦਕੁਸ਼ੀ ਕਰਨ ਵਾਲਾ ਨੌਜਵਾਨ ਸਰਪੰਚ ਜਸ਼ਨਪ੍ਰੀਤ ਬਾਵਾ ਆਮ ਆਦਮੀ ਪਾਰਟੀ ਨਾਲ ਸਬੰਧਤ ਹੈ ਤੇ ਜਿਨ੍ਹਾਂ 'ਤੇ ਇਸ ਨੌਜਵਾਨ ਨੂੰ ਖੁਦਕੁਸ਼ੀ ਕਰਨ ਲਈ ਮਜਬੂਰ ਕਰਨ ਦੇ ਇਲਜ਼ਾਮ ਪਰਵਾਰ ਨੇ ਲਗਾਏ ਹਨ, ਉਹ ਲੋਕ ਵੀ ਆਮ ਆਦਮੀ ਪਾਰਟੀ ਨਾਲ ਸਬੰਧਤ ਹਨ।

ਸਰਪੰਚ ਜਸ਼ਨਪ੍ਰੀਤ ਬਾਵਾ ਦੀ ਖੁਦਕੁਸ਼ੀ ਲਈ ਦੋਸ਼ੀ ਵਿਅਕਤੀਆਂ ਵਿਰੁੱਧ ਐੱਫ ਆਈ ਆਰ ਦਰਜ ਕਰਨ ਅਤੇ ਦੋਸ਼ੀਆਂ ਦੀ ਤੁਰੰਤ ਗ੍ਰਿਫਤਾਰੀ ਦੀ ਮੰਗ ਨੂੰ ਲੈ ਕੇ ਬੀਤੀ ਦੇਰ ਸ਼ਾਮ ਇੱਕ ਮੰਗ ਪੱਤਰ ਖੱਤਰੀ ਮਹਾਂ ਸਭਾ ਦੇ ਪ੍ਰਦੇਸ ਹਾਈਕਮਾਂਡ ਅਸ਼ੋਕ ਥਾਪਰ, ਪ੍ਰਦੇਸ ਪ੍ਰਧਾਨ ਵਿਜੇ ਧੀਰ ਐਡਵੋਕੇਟ, ਖੱਤਰੀ ਸਭਾ ਗੁਰੂ ਹਰਸਹਾਏ ਦੇ ਪ੍ਰਧਾਨ ਰਮਨ ਬਹਿਲ, ਖੱਤਰੀ ਵੈੱਲਫੇਅਰ ਸੁਸਾਇਟੀ ਜਲਾਲਾਬਾਦ ਦੇ ਪ੍ਰਧਾਨ ਦੀਪਕ ਸਹਿਗਲ, ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਦੀਪਕ ਸਰਮਾ, ਮ੍ਰਿਤਕ ਸਰਪੰਚ ਜਸਨਪ੍ਰੀਤ ਬਾਵਾ ਦੇ ਪਿਤਾ ਤਰਸੇਮ ਸਿੰਘ ਬਾਵਾ, ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਪ੍ਰਵੀਨ ਕੁਮਾਰ ਸ਼ਰਮਾ, ਖੱਤਰੀ ਮਹਾਂ ਸਭਾ ਪੰਜਾਬ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਵਿਪਿਨ ਵਿਨਾਇਕ, ਬਲਾਕ ਕਾਂਗਰਸ ਸੈਂਟਰਲ ਲੁਧਿਆਣਾ ਦੇ ਪ੍ਰਧਾਨ ਸਰਬਜੀਤ ਸਿੰਘ ਸਰਿਹਾਲੀ, ਖੱਤਰੀ ਸਭਾ ਪੰਜਾਬ ਦੇ ਸਾਬਕਾ ਜਨਰਲ ਸਕੱਤਰ ਦੀਪਕ ਕੋਛੜ, ਖੱਤਰੀ ਮਹਾਂ ਸਭਾ ਪੰਜਾਬ ਦੇ ਯੁਵਾ ਆਗੂ ਤ੍ਰਿਭੁਵਨ ਥਾਪਰ, ਪ੍ਰਾਈਵੇਟ ਸਕੂਲ ਬੱਸ ਡਰਾਈਵਰ ਯੂਨੀਅਨ ਦੇ ਪ੍ਰਧਾਨ ਰਜਿੰਦਰ ਸਿੰਘ ਕਾਲਾ ਤੇ ਸਰਪੰਚ ਯੂਨੀਅਨ ਦੇ ਆਗੂਆਂ ਦੀ ਅਗਵਾਈ ਵਿੱਚ ਲੁਧਿਆਣਾ ਪੱਛਮੀ ਤੋਂ ਚੋਣ ਲੜ ਰਹੇ ਉਮੀਦਵਾਰ ਸੰਜੀਵ ਅਰੋੜਾ ਦੇ ਨਿਵਾਸ ਸਥਾਨ 'ਤੇ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਤੇ ਕੈਬਨਿਟ ਮੰਤਰੀ ਅਮਨ ਅਰੋੜਾ ਨੂੰ ਇੱਕ ਮੰਗ ਪੱਤਰ ਦਿੱਤਾ। ਇਹ ਜਾਣਕਾਰੀ ਇੱਥੇ ਪੱਤਰਕਾਰਾਂ ਨਾਲ ਸਾਂਝੀ ਕਰਦਿਆਂ ਖੱਤਰੀ ਮਹਾਂ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਵਿਜੇ ਧੀਰ ਐਡਵੋਕੇਟ ਨੇ ਕਿਹਾ ਕਿ ਅਮਨ ਅਰੋੜਾ ਨੇ ਇਸ ਮੌਕੇ ਮੰਗ ਪੱਤਰ ਦੇਣ ਵਾਲਿਆਂ ਨੂੰ ਗੌਰ ਨਾਲ ਸੁਣਿਆ ਤੇ ਭਰੋਸਾ ਦਿੱਤਾ ਕਿ ਇਸ ਖੁਦਕੁਸ਼ੀ ਮਾਮਲੇ ਦੀ ਜਾਂਚ ਲਈ ਪਹਿਲਾਂ ਤੋਂ ਹੀ ਸਿਟ ਬਣਾ ਦਿੱਤੀ ਗਈ ਸੀ। ਉਨ੍ਹਾਂ ਕਿਹਾ ਕਿ ਸਿਟ ਅਪਣੀ ਜਾਂਚ ਰਿਪੋਰਟ ਦੋ ਦਿਨਾਂ ਵਿੱਚ ਸੌਂਪ ਦੇਵੇਗੀ ਅਤੇ ਉਸ ਤੋਂ ਬਾਅਦ ਦੋਸ਼ੀਆਂ ਵਿਰੁੱਧ ਤੁਰੰਤ ਬਣਦੀ ਢੁੱਕਵੀਂ ਕਾਰਵਾਈ ਕੀਤੀ ਜਾਵੇਗੀ। ਪ੍ਰਧਾਨ ਅਮਨ ਅਰੋੜਾ ਨੇ ਸਰਪੰਚ ਜਸ਼ਨਪ੍ਰੀਤ ਬਾਵਾ ਖੁਦਕੁਸ਼ੀ ਮਾਮਲੇ ਵਿੱਚ ਪੂਰਨ ਇਨਸਾਫ ਕਰਨ ਦਾ ਭਰੋਸਾ ਮ੍ਰਿਤਕ ਸਰਪੰਚ ਦੇ ਪਿਤਾ ਤੇ ਵਫਦ ਦੇ ਮੈਂਬਰਾਂ ਨੂੰ ਦਿੱਤਾ।

# ਜੇਲ੍ਹੀਂ ਡੱਕੇ ਸਾਥੀਆਂ ਦੀ ਰਿਹਾਈ ਲਈ ਰੋਸ ਪ੍ਰਦਰਸ਼ਨ ਕਰਨ ਤੋਂ ਰੋਕਣ ਲਈ ਪੁਲਸ ਵੱਲੋਂ ਪਿੰਡ ਸੀਲ

***ਜ਼ੋਨਲ ਵਿੱਤ ਸਕੱਤਰ ਬਿੱਕਰ ਸਿੰਘ ਹਥੋਆ ਨੂੰ ਕੀਤਾ ਗ੍ਰਿਫਤਾਰ!***



**ਮੂਨਕ (ਰਾਜਪਾਲ ਸਿੰਗਲਾ)**

ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਜ਼ੋਨਲ ਪ੍ਰਧਾਨ ਮੁਕੇਸ਼ ਮਲੌਦ ਨੇ ਪ੍ਰੈੱਸ ਦੇ ਨਾਮ ਬਿਆਨ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਦੇ ਦਲਿਤਾਂ ਤੇ ਬੇਜ਼ਮੀਨੇ ਲੋਕਾਂ ਵੱਲੋਂ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੀ ਅਗਵਾਈ ਹੇਠ ਜ਼ਮੀਨ ਹੱਦਬੰਦੀ ਕਾਨੂੰਨ 1972 ਲਾਗੂ ਕਰਵਾਉਣ ਅਤੇ ਇਸ ਕਨੂੰਨ ਮੁਤਾਬਿਕ ਵਾਧੂ ਜ਼ਮੀਨਾਂ ਦੀ ਵੰਡ ਕਰਵਾਉਣ ਦੀ ਮੰਗ ਨੂੰ ਲੈ ਕੇ ਪਿਛਲੇ ਲੰਮੇਂ ਸਮੇਂ ਤੋਂ ਸੰਘਰਸ਼ ਕੀਤਾ ਜਾ ਰਿਹਾ ਹੈ।ਇਸੇ ਤਹਿਤ ਪਿਛਲੇ ਦਿਨੀਂ ਬੇਚਿਰਾਗ ਪਿੰਡ ਦੀ ਜ਼ਮੀਨ ਵਿੱਚ ਬੇਗਮਪੁਰਾ ਬੇਗਮਪੁਰਾ ਵਸਾਉਣ ਨੂੰ ਲੈ ਕੇ ਸੰਘਰਸ਼ ਕਰਦੇ ਸੈਂਕੜੇ ਕਾਰਕੁਨਾਂ ਨੂੰ ਪੁਲਸ ਹਿਰਾਸਤ ਵਿੱਚ ਲਿਆ ਗਿਆ ਸੀ ਅਤੇ ਮੁੜ ਸੰਘਰਸ਼ ਦੇ ਐਲਾਨ ਮਗਰੋਂ ਪਿੰਡ ਸ਼ਦਿਹਰੀ ਦੇ ਤੇਰਾਂ ਮਜ਼ਦੂਰਾਂ ਤੋਂ ਬਿਨਾਂ ਬਾਕੀ ਸਾਰੇ ਕਾਰਕੁਨਾਂ ਦੀ ਬਿਨਾਂ ਸ਼ਰਤ ਰਿਹਾਈ ਕਰ ਦਿੱਤੀ ਗਈ ਸੀ।ਬੀਤੀ 2 ਜੂਨ ਨੂੰ ਇਨ੍ਹਾਂ ਸਾਥੀਆਂ ਦੀ ਰਿਹਾਈ ਲਈ ਰੋਸ ਪ੍ਰਦਰਸ਼ਨ ਕਰਨ ਦੇ ਐਲਾਨ ਮਗਰੋਂ ਸੰਗਰੂਰ ਪ੍ਰਸ਼ਾਸਨ ਵੱਲੋਂ ਮੀਟਿੰਗ ਕਰਕੇ 18 ਜੂਨ ਦੀ ਪੰਜਾਬ ਸਰਕਾਰ ਦੇ ਤਿੰਨ ਮੰਤਰੀਆਂ ਨਾਲ ਮੀਟਿੰਗ ਕਰਵਾਉਣ ਤੇ ਸਾਰੇ ਕਾਰਕੁਨਾਂ ਦੀ ਤਿੰਨ ਦਿਨਾਂ ਵਿੱਚ ਰਿਹਾਈ ਦਾ ਵਾਅਦਾ ਕੀਤਾ ਗਿਆ ਸੀ।

ਸੰਗਰੂਰ ਪ੍ਰਸ਼ਾਸਨ ਵੱਲੋਂ ਕੀਤੇ ਵਾਅਦੇ ਤੋਂ ਮੁਕਰਣ ਤੇ ਸਾਥੀਆਂ ਦੀ ਰਿਹਾਈ ਲਈ ਅੱਜ ਡੀ ਸੀ ਦਫ਼ਤਰ ਸੰਗਰੂਰ ਅੱਗੇ ਪੱਕਾ ਮੋਰਚਾ ਸ਼ੁਰੂ ਕੀਤਾ ਜਾਣਾ ਸੀ, ਪ੍ਰੰਤੂ ਪੁਲਸ ਵੱਲੋਂ ਪਿੰਡਾਂ ਦੀ ਘੇਰਾਬੰਦੀ ਕਰਕੇ ਜਿੱਥੇ ਲੋਕਾਂ ਨੂੰ ਪਿੰਡਾਂ ਅੰਦਰ ਹੀ ਬੰਦੀ ਬਣਾਇਆ ਹੋਇਆ ਹੈ, ਉਥੇ ਪ੍ਰਸ਼ਾਸਨ ਨਾਲ ਗੱਲਬਾਤ ਦੌਰਾਨ ਹੀ ਜ਼ੋਨਲ ਆਗੂ ਬਿੱਕਰ ਸਿੰਘ ਹਥੋਆ ਨੂੰ ਧੋਖੇ ਨਾਲ ਗ੍ਰਿਫ਼ਤਾਰ ਕਰ ਲਿਆ ਗਿਆ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਲਿਤਾਂ ਤੇ ਬੇਜ਼ਮੀਨੇ ਲੋਕਾਂ ਦੇ ਸੰਘਰਸ਼ ਨੂੰ ਡੰਡੇ ਦੇ ਜ਼ੋਰ ਨਾਲ ਕੁਚਲਣ ਦੇ ਰਾਹ ਪਈ ਹੋਈ ਹੈ।ਉਨ੍ਹਾਂ ਕਿਹਾ ਕਿ ਦਲਿਤਾਂ ਦੀ ਜ਼ੁਬਾਨਬੰਦੀ ਨੂੰ ਕਿਸੇ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਵੇਗਾ।ਉਨ੍ਹਾਂ ਸਾਥੀਆਂ ਦੀ ਫੌਰੀ ਰਿਹਾਈ ਦੀ ਮੰਗ ਕੀਤੀ।

## ਚੈੱਕ ਬਾਊਂਸ ਕੇਸ 'ਚ ਮੁਲਜ਼ਮ ਨੂੰ 6 ਮਹੀਨੇ ਦੀ ਸਜ਼ਾ, 1 ਲੱਖ 70 ਹਜ਼ਾਰ ਰੁਪਏ ਮੁਆਵਜ਼ਾ

**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਚੈੱਕ ਬਾਊਂਸ ਦੇ ਕੇਸ ਦਾ ਫ਼ੈਸਲਾ ਸੁਣਾਉਂਦੇ ਹੋਏ ਐਡਵੋਕੇਟ ਇੰਦਰਜੀਤ ਅਰੋੜਾ ਦੀਆਂ ਦਲੀਲਾਂ ਨਾਲ ਸਹਿਮਤ ਹੁੰਦੇ ਹੋਏ ਰਾਜ ਕੁਮਾਰ ਵਾਸੀ ਗਿੱਦੜਬਾਹਾ ਨੂੰ ਚੈੱਕ ਦੇ ਕੇਸ ਵਿੱਚ 6 ਮਹੀਨੇ ਦੀ ਸਜ਼ਾ, 1 ਲੱਖ 70 ਹਜ਼ਾਰ ਰੁਪਏ ਮੁਆਵਜ਼ਾ ਦੋ ਮਹੀਨਿਆਂ ਵਿੱਚ ਭਰਨ ਦਾ ਹੁਕਮ ਸੁਣਾਇਆ ਗਿਆ ਹੈ। ਐਡਵੋਕੇਟ ਇੰਦਰਜੀਤ ਅਰੋੜਾ ਨੇ ਦੱਸਿਆ ਕਿ ਅੰਕੁਸ਼ ਕੁਮਾਰ ਪੁੱਤਰ ਦਰਸ਼ਨ ਲਾਲ ਵਾਸੀ ਗਿੱਦੜਬਾਹਾ ਨੇ 18 ਅਕਤੂਬਰ 2017 ਨੂੰ ਰਾਜ ਕੁਮਾਰ ਪੁੱਤਰ ਪ੍ਰਹਿਲਾਦ ਕੁਮਾਰ ਵਾਸੀ ਗਿੱਦੜਬਾਹਾ ਨੂੰ 1 ਲੱਖ 70 ਹਜ਼ਾਰ ਰੁਪਏ ਪ੍ਰਨੋਟ 'ਤੇ ਉਧਾਰ ਦਿੱਤੇ ਸਨ ਅਤੇ ਉਸ ਤੋਂ ਬਾਅਦ 18 ਅਕਤੂਬਰ 2019 ਨੂੰ ਵਿਆਜ ਸਮੇਤ ਰਾਜ ਕੁਮਾਰ ਨੇ ਰਕਮ ਮੋੜਨ ਦੀ ਇਵਜ ਵਿੱਚ ਅੰਕੁਸ਼ ਕੁਮਾਰ ਨੂੰ ਇੱਕ ਚੈੱਕ ਨੰਬਰੀ 066008 ਮਿਤੀ 18 ਅਕਤੂਬਰ 2019 ਨੂੰ 2 ਲੱਖ 50 ਹਜ਼ਾਰ ਰੁਪਏ ਦਾ ਜਾਰੀ ਕਰ ਦਿੱਤਾ ਸੀ। ਜਦੋਂ ਅੰਕੁਸ਼ ਕੁਮਾਰ ਨੇ ਆਪਣੇ ਬੈਂਕ ਖਾਤੇ ਵਿੱਚ ਚੈੱਕ ਲਾਇਆ ਤਾਂ ਰਾਜ ਕੁਮਾਰ ਦੇ ਖਾਤੇ ਵਿੱਚ ਪੇਮੈਂਟ ਨਾ ਹੋਣ ਕਰਕੇ ਚੈਕ ਬੈਂਕ ਵੱਲੋਂ ਡਿਸਆਨਰ ਕਰ ਦਿੱਤਾ ਗਿਆ। ਜੋ ਉਕਤ ਚੈਕ ਦੇ ਡਿਸਆਨਰ ਹੋਣ ਤੇ ਅੰਕੁਸ਼ ਕੁਮਾਰ ਨੇ ਰਾਜ ਕੁਮਾਰ ਦੇ ਖ਼ਿਲਾਫ਼ ਇੱਕ ਕੰਪਲੇਂਟ ਜੇਰੇ ਦਫਾ 138 ਐਨ.ਆਈ. ਐਕਟ ਤਹਿਤ ਮਾਨਯੋਗ ਅਦਾਲਤ ਮੈਡਮ ਸੁਮੁੱਖੀ ਐਸ.ਡੀ.ਜੇ.ਐਮ ਮਲੋਟ ਪਾਸ ਦਾਇਰ ਕੀਤੀ ਗਈ ਤੇ ਅਦਾਲਤ ਵਿਚ ਪੇਸ਼ ਕੀਤੀਆਂ ਠੋਸ ਦਲੀਲਾਂ ਨਾਲ ਸਹਿਮਤ ਹੁੰਦੇ ਹੋਏ ਮਾਨਯੋਗ ਅਦਾਲਤ ਵੱਲੋਂ ਮੁੱਦਈ ਧਿਰ ਦੇ ਵਕੀਲ ਇੰਦਰਜੀਤ ਅਰੋੜਾ ਦੀਆਂ ਦਲੀਲਾਂ ਨਾਲ ਸਹਿਮਤ ਹੁੰਦਿਆਂ ਹੋਏ ਰਾਜ ਕੁਮਾਰ ਪੁੱਤਰ ਪ੍ਰਹਿਲਾਦ ਕੁਮਾਰ ਵਾਸੀ ਗਿੱਦੜਬਾਹਾ ਨੂੰ ਉਕਤ ਕੇਸ ਵਿਚ 6 ਮਹੀਨਿਆ ਦੀ ਸਜ਼ਾ, 1 ਲੱਖ 70 ਰੁਪਏ ਮੁਆਵਜ਼ਾ ਦੋ ਮਹੀਨਿਆਂ ਵਿੱਚ ਭਰਨ ਦਾ ਹੁਕਮ ਸੁਣਾਇਆ ਗਿਆ।

# ਸਰਕਾਰ ਦੀ ਵਾਅਦਾ-ਖਿਲਾਫੀ ਤੋਂ ਅੱਕੇ ਐੱਨ ਐੱਚ ਐੱਮ ਮੁਲਾਜ਼ਮਾਂ ਦਾ ਹੜਤਾਲ ਜਾਣਾ ਮਜਬੂਰੀ : ਡਾ. ਵਾਹਿਦ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਪਿਛਲੇ ਲੰਮੇ ਸਮੇਂ ਤੋਂ ਸਿਹਤ ਵਿਭਾਗ 'ਚ ਕੰਮ ਕਰਦੇ ਨੈਸ਼ਨਲ ਹੈਲਥ ਮਿਸ਼ਨ ਦੇ ਕ੍ਰਮਚਾਰੀਆਂ ਨੇ ਐਨ.ਐਚ.ਐਮ ਇੰਪਲਾਈਜ਼ ਯੂਨੀਅਨ ਪੰਜਾਬ ਵੱਲੋਂ ਉਲੀਕੇ ਰੋਸ ਪ੍ਰੋਗਰਾਮ ਤਹਿਤ ਆਪਣੀਆਂ ਹੱਕੀ ਮੰਗਾਂ ਨੂੰ ਸਰਕਾਰ ਤੱਕ ਪਹੁੰਚਦਾ ਕਰਨ ਲਈ ਤੇ ਪੰਜਾਬ ਸਰਕਾਰ ਨੂੰ ਕੁੰਭਕਰਨੀ ਨੀਂਦ 'ਚੋਂ ਜਗਾਉਣ ਸਮੁੱਚੇ ਪੰਜਾਬ 'ਚ ਸਮੂਹ ਐਨ.ਐਚ.ਐਮ ਕ੍ਰਮਚਾਰੀਆਂ ਵੱਲੋਂ ਕੀਤੀ ਗਈ ਇਕਰੋਜ਼ਾ ਹੜਤਾਲ ਕਾਰਨ ਸਿਹਤ ਸੇਵਾਵਾਂ ਬਰੀ ਤਰ੍ਹਾਂ ਨਾਲ ਪ੍ਰਭਾਵਤ ਰਹੀਆਂ। ਪੂਰੇ ਪੰਜਾਬ ਭਰ ਦੇ ਹਰ ਇੱਕ ਜ਼ਿਲ੍ਹੇ ਤੋਂ ਇਸ ਸੂਬਾ ਪੱਧਰੀ ਹੜਤਾਲ ਸਬੰਧੀ ਭਰਪੂਰ ਜੋਸ਼ ਦੇਖਣ ਨੂੰ ਮਿਲਿਆ। ਸੂਬਾ ਪ੍ਰਧਾਨ ਡਾਕਟਰ ਵਾਹਿਦ ਨੇ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਚੋਣਾਂ ਤੋਂ ਪਹਿਲਾਂ ਕੌਮੀ ਸਿਹਤ ਮਿਸ਼ਨ (ਐਨਐਚਐਮ) ਤਹਿਤ ਕੰਮ ਕਰਦੇ ਸਮੂਹ ਕੱਚੇ ਮੁਲਾਜ਼ਮਾਂ ਨੂੰ ਸਰਕਾਰ ਬਨਣ 'ਤੇ ਰੈਗੂਲਰ ਕਰਨ ਦਾ ਵਾਅਦਾ ਕੀਤਾ ਗਿਆ ਸੀ, ਪਰ ਹੁਣ ਸਰਕਾਰ ਬਣਿਆ ਤਿੰਨ ਸਾਲ ਦਾ ਸਮਾਂ ਪੂਰਾ ਹੋ ਗਿਆ ਹੈ, ਪਰ ਐਨਐਚਐਮ ਤਹਿਤ ਕੰਮ ਕਰਨ ਵਾਲਾ ਸਿਹਤ ਵਿਭਾਗ ਦਾ ਇੱਕ ਵੀ ਕ੍ਰਮਚਾਰੀ ਰੈਗੂਲਰ ਨਹੀਂ ਕੀਤਾ ਗਿਆ ਹੈ ਤੇ ਨਾ ਹੀ ਹੀ ਕਿਸੇ ਕ੍ਰਮਚਾਰੀ ਦੀ ਤਨਖਾਹ 'ਚ ਕੋਈ ਸਨਮਾਨਜਨਕ ਵਾਧਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਐਨ.ਐਚ.ਐਮ ਮੁਲਾਜ਼ਮ ਆਪਣੀ ਅਸਾਮੀ ਦੇ ਹਿਸਾਬ ਨਾਲ ਯੋਗਤਾ ਪੂਰੀ ਕਰਦੇ ਹਨ ਤੇ ਐਨਐਚਐਮ ਦੀਆਂ ਭਰਤੀਆਂ ਯੋਗ ਪ੍ਰਕਿਰਿਆ ਰਾਹੀਂ ਹੋਈਆਂ ਹਨ, ਪਰ ਫੇਰ ਵੀ ਕੱਚੇ ਸਿਹਤ ਮੁਲਾਜ਼ਮਾਂ ਦੀ ਠੇਕਾ ਪ੍ਰਥਾ ਤਹਿਤ ਪਿਛਲੇ ਪੰਦਰਾਂ ਸਾਲਾਂ ਤੋਂ ਆਰਥਿਕ, ਮਾਨਸਿਕ ਲੁੱਟ ਕੀਤੀ ਜਾ ਰਹੀ ਹੈ। ਸਰਕਾਰ ਵੱਲੋਂ ਬੀਤੇ ਤਿੰਨ ਸਾਲ 'ਚ ਯੂਨੀਅਨ ਨਾਲ ਲਗਪਗ 31 ਮੀਟਿੰਗਾਂ ਕਰਨ ਤੋਂ ਬਾਅਦ ਵੀ ਯੂਨੀਅਨ ਦੀ ਇੱਕ ਵੀ ਮੰਗ ਨੂੰ ਪੂਰਾ ਨਹੀਂ ਕੀਤਾ ਤੇ ਲਾਰੇ ਲੱਪੇ ਲਾ ਕੇ ਸਮਾਂ ਲੰਘਾਇਆ ਜਾ ਰਿਹਾ ਹੈ, ਜਿਸ ਦੇ ਸਿੱਟੇ ਵਜੋਂ ਐਨ ਐਚ ਐਮ ਇੰਪਲਾਈਜ ਯੂਨੀਅਨ ਪੰਜਾਬ ਵੱਲੋਂ ਇਕਰੋਜ਼ਾ ਹੜਤਾਲ ਕਰਨ ਦਾ ਐਲਾਨ ਕੀਤਾ ਸੀ ਤੇ 15 ਜੂਨ ਨੂੰ ਲੁਧਿਆਣਾ ਵਿਖੇ ਇੱਕ ਵੱਡੀ ਸੂਬਾ ਪੱਧਰੀ ਰੋਸ ਰੈਲੀ ਕਰਨ ਦਾ ਐਲਾਨ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਰੋਸ ਰੈਲੀ ਦੌਰਾਨ ਪੰਜਾਬ ਸਰਕਾਰ ਦੇ ਨੈਸ਼ਨਲ ਹੈਲਥ ਮਿਸ਼ਨ ਦੇ ਕ੍ਰਮਚਾਰੀਆਂ ਪ੍ਰਤੀ ਮਤਰੇਈ ਮਾਂ ਵਾਲੇ ਰਵੱਈਏ ਨੂੰ ਲੋਕਾਂ ਸਾਹਮਣੇ ਲਿਆਂਦਾ ਜਾਵੇਗਾ। ਰੈਲੀ ਤੋਂ ਲੁਧਿਆਣਾ ਸ਼ਹਿਰ ਦੀਆਂ ਗਲੀਆਂ ਵਿੱਚ ਮਾਰਚ ਕਰਦੇ ਹੋਏ ਐਨ ਐਚ ਐਮ ਕ੍ਰਮਚਾਰੀਆਂ ਦੁਬਾਰਾ ਪੰਜਾਬ ਸਰਕਾਰ ਵਿਰੁੱਧ ਲਗਪਗ 10000 ਪਰਚੇ ਵੰਡੇ ਜਾਣਗੇ। ਜਨਰਲ ਸੈਕਟਰੀ ਗੁਲਸ਼ਨ ਸ਼ਰਮਾ ਤੇ ਅਮਰਜੀਤ ਸਿੰਘ ਨੇ ਕਿਹਾ ਕਿ 'ਆਪ' ਸਰਕਾਰ ਚੋਣ ਵਾਅਦਿਆਂ ਤੋਂ ਭੱਜਦੀ ਵਿਖਾਈ ਦੇ ਰਹੀ ਹੈ, ਜਿਸ ਕਾਰਨ ਸਿਹਤ ਵਿਭਾਗ ਵਿੱਚ ਨੈਸ਼ਨਲ ਹੈਲਥ ਮਿਸ਼ਨ ਦੇ ਤਹਿਤ ਸੇਵਾਵਾਂ ਨਿਭਾ ਰਹੇ ਲਗਭਗ 10 ਹਜ਼ਾਰ ਸਿਹਤ ਅਧਿਕਾਰੀ ਤੇ ਕ੍ਰਮਚਾਰੀ ਆਉਣ ਵਾਲੇ ਦਿਨਾਂ ਵਿੱਚ ਸੜਕਾਂ 'ਤੇ ਉੱਤਰਨ ਲਈ ਮਜਬੂਰ ਹੋਏ ਹਨ। ਉਨ੍ਹਾਂ ਕਿਹਾ ਕਿ ਸਿਹਤ ਮੁਲਾਜ਼ਮਾਂ ਦੇ ਹੜਤਾਲ 'ਤੇ ਜਾਣ ਕਾਰਨ ਲੋਕਾਂ ਦੀ ਹੋਣ ਵਾਲੀ ਖੱਜਲ ਖੁਆਰੀ ਲਈ ਸੂਬਾ ਸਰਕਾਰ ਜ਼ਿੰਮੇਵਾਰ ਹੋਵੇਗੀ, ਕਿਉਂਕਿ ਹੱਕੀ ਮੰਗਾਂ ਖਾਤਰ ਹੜਤਾਲ 'ਤੇ ਜਾਣਾ ਸਿਹਤ ਮੁਲਾਜ਼ਮਾਂ ਦੀ ਮਜਬੂਰੀ ਹੈ।

ਸੰਘਰਸ਼ ਸਬੰਧੀ ਜਾਣਕਾਰੀ ਦਿੰਦਿਆਂ ਸੁਖਜੀਤ ਸਿੰਘ ਰੋਪੜ, ਸੰਦੀਪ ਕੌਰ ਬਰਨਾਲਾ ਤੇ ਡਾਕਟਰ ਸ਼ਿਵਰਾਜ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਦੇ ਲੰਘੇ ਸ਼ੈਸ਼ਨਾਂ ਦੌਰਾਨ ਵੀ ਸੂਬੇ ਦੇ ਕੱਚੇ ਮੁਲਾਜ਼ਮਾਂ ਦੇ ਮਸਲੇ 'ਤੇ ਪੰਜਾਬ ਸਰਕਾਰ ਨੇ ਸੰਜੀਦਗੀ ਨਾਲ ਚਰਚਾ ਨਹੀਂ ਕੀਤੀ। ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਜਿੱਥੇ ਆਮ ਲੋਕਾਂ ਨਾਲ ਚੰਗੀਆਂ ਸਿਹਤ ਸਹੂਲਤਾਂ ਦੇਣ ਦੇਣ ਵੱਡੇ-ਵੱਡੇ ਵਾਅਦੇ ਕਰਦੀ ਹੈ, ਉੱਥੇ ਹੀ ਸਿਹਤ ਵਿਭਾਗ ਜਿਹੇ ਅਹਿਮ ਵਿਭਾਗ 'ਚ ਕੰਮ ਕਰਦੇ ਨੈਸ਼ਨਲ ਹੈਲਥ ਮਿਸ਼ਨ ਦੇ ਕ੍ਰਮਚਾਰੀਆਂ ਦਾ ਪੰਜਾਬ ਸਰਕਾਰ ਦੁਆਰਾ ਰੱਜ ਕੇ ਸੋਸ਼ਣ ਕੀਤਾ ਜਾ ਰਿਹਾ ਹੈ। ਸੂਬਾ ਸਲਾਹਕਾਰ ਅਵਤਾਰ ਸਿੰਘ ਮਾਨਸਾ, ਗੁਰਪ੍ਰੀਤ ਭੁੱਲਰ ਤੇ ਡਾਕਟਰ ਸੁਨੀਲ ਤਰਗੋਤਰਾ ਨੇ ਸਾਂਝੀ ਅਵਾਜ਼ 'ਚ ਕਿਹਾ ਕਿ ਨੈਸ਼ਨਲ ਹੈਲਥ ਮਿਸ਼ਨ ਦੇ ਸਮੁੱਚੇ ਕ੍ਰਮਚਾਰੀਆਂ ਦੁਬਾਰਾ ਲੁਧਿਆਣਾ ਜ਼ਿਮਨੀ ਚੋਣਾਂ ਦੌਰਾਨ ਪੰਜਾਬ ਸਰਕਾਰ ਦਾ ਹਰ ਮੋੜ 'ਤੇ ਘੇਰਾਓ ਕੀਤਾ ਜਾਵੇਗਾ।

ਸੂਬਾ ਆਗੂ ਡਾਕਟਰ ਪ੍ਰਭਜੋਤ ਜੱਬਲ ਤੇ ਅਮਨਦੀਪ ਸਿੰਘ ਨੇ ਕਿਹਾ ਕਿ ਜੇਕਰ ਇਸ ਇਕਰੋਜ਼ਾ ਹੜਤਾਲ ਤੋਂ ਬਾਅਦ ਵੀ ਜਾਇਜ਼ ਮੰਗਾਂ ਨੂੰ ਸਰਕਾਰ ਨੇ ਨਾ ਮੰਨਿਆ ਤਾਂ ਜਲਦੀ ਹੀ ਯੂਨੀਅਨ ਵੱਲੋਂ ਇਸ ਤੋਂ ਹੋਰ ਤਿੱਖੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ।

# ਪੱਤਰਕਾਰਾਂ ਦੇ ਹੱਕ 'ਚ ਆਈ ਸ਼ਹੀਦ ਭਗਤ ਸਿੰਘ ਪ੍ਰੈੱਸ ਐਸੋਸੀਏਸ਼ਨ

**■ ਸਰਕਾਰੀ ਸਮਾਗਮਾਂ ਦੇ ਬਾਈਕਾਟ ਦਾ ਮਤਾ ਪਾਸ**



**ਜਲਾਲਾਬਾਦ (ਪਰਮਜੀਤ ਢਾਬਾਂ)**-ਬੀਤੇ ਦਿਨੀਂ ਫਾਜ਼ਿਲਕਾ ਜ਼ਿਲ੍ਹੇ ਨਾਲ ਸੰਬੰਧਤ ਸਮੂਹ ਪੱਤਰਕਾਰਾਂ ਵੱਲੋਂ ਜਲਾਲਾਬਾਦ ਦੀ ਮਾਰਕੀਟ ਕਮੇਟੀ 'ਚ ਇੱਕ ਅਹਿਮ ਮੀਟਿੰਗ ਕੀਤੀ ਗਈ, ਜਿੱਥੇ ਵੱਡੀ ਗਿਣਤੀ ਵਿੱਚ ਪੱਤਰਕਾਰਾਂ ਨੇ ਹਿੱਸਾ ਲਿਆ।ਇਸ ਮੀਟਿੰਗ ਦੀ ਪ੍ਰਧਾਨਗੀ ਸੀਨੀਅਰ ਜਰਨਲਿਸਟ ਵੈੱਲਫੇਅਰ ਕਲੱਬ ਦੇ ਪ੍ਰਧਾਨ ਰਜਨੀਸ਼ ਰਵੀ, ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਦੇ ਬਲਾਕ ਪ੍ਰਧਾਨ ਕੁਲਦੀਪ ਬਰਾੜ ਤੇ ਨਿਊ ਜਲਾਲਾਬਾਦ ਪ੍ਰੈੱਸ ਕਲੱਬ ਦੇ ਪ੍ਰਧਾਨ ਬਿੱਟੂ ਦੂਮੜਾ ਵੱਲੋਂ ਕੀਤੀ ਗਈ।

ਮੀਟਿੰਗ 'ਚ ਪੱਤਰਕਾਰਾਂ ਨੂੰ ਆ ਰਹੀਆਂ ਸਮੱਸਿਆਵਾਂ ਬਾਰੇ ਖੁੱਲ੍ਹ ਕੇ ਚਰਚਾ ਕੀਤੀ ਗਈ।ਨਿਰਪੱਖ ਤੇ ਇਮਾਨਦਾਰੀ ਨਾਲ ਕੰਮ ਕਰ ਰਹੇ ਪੱਤਰਕਾਰਾਂ ਨੂੰ ਮਿਲ ਰਹੀਆਂ ਧਮਕੀਆਂ ਤੇ ਪੰਜਾਬ ਦੀ ਪੁਲਸ ਵੱਲੋਂ ਪ੍ਰੇਸ਼ਾਨ ਕਰਨ ਦੀਆਂ ਆਈਆਂ ਖਬਰਾਂ ਦੀ ਸਮੂਹ ਪੱਤਰਕਾਰਾਂ ਵੱਲੋਂ ਨਿੰਦਾ ਕੀਤੀ ਗਈ।ਉਨ੍ਹਾਂ ਮਤਾ ਪਾਸ ਕੀਤਾ ਕਿ ਉਹ ਸਮੂਹ ਪੱਤਰਕਾਰ ਭਾਈਚਾਰੇ ਨਾਲ ਮੋਢੇ ਨਾਲ ਮੋਢਾ ਲਾ ਕੇ ਖੜੇ ਹਾਂ ਤੇ ਕਿਸੇ ਵੀ ਮੁਸ਼ਕਲ ਵੇਲੇ ਪੰਜਾਬ ਦੇ ਹਰ ਪੱਤਰਕਾਰ ਨਾਲ ਖੜੇ ਰਹਾਂਗੇ।ਇਸ ਮੀਟਿੰਗ ਵਿੱਚ ਸਭ ਤੋਂ ਅਹਿਮ ਮੁੱਦਾ ਜ਼ਿਲ੍ਹੇ ਦੀ ਡਿਪਟੀ ਕਮਿਸ਼ਨਰ ਖਿਲਾਫ਼ ਕੇਂਦਰਤ ਰਿਹਾ ਕਿ ਉਹ ਪੱਤਰਕਾਰਾਂ ਨੂੰ ਖਬਰ ਸਬੰਧੀ ਪੱਖ ਦੇਣਾ ਤਾਂ ਦੂਰ ਦੀ ਗੱਲ ਉਹ ਫੋਨ ਤੱਕ ਅਟੈਂਡ ਨਹੀਂ ਕਰਦੇ।ਇਸ ਮੁੱਦੇ ਨੂੰ ਲੈ ਕੇ ਪੱਤਰਕਾਰਾਂ ਨੇ ਡੀ ਸੀ ਫਾਜ਼ਿਲਕਾ ਖਿਲਾਫ਼ ਸੰਘਰਸ਼ ਕਰਨ ਅਤੇ ਸਰਕਾਰੀ ਪ੍ਰੋਗਰਾਮਾਂ ਦਾ ਬਾਈਕਾਟ ਕਰਨ ਦਾ ਮਤਾ ਪਾਸ ਕਰ ਦਿੱਤਾ ਹੈ।

ਇਸ ਮਾਮਲੇ ਨੂੰ ਲੈ ਕੇ ਸ਼ਹੀਦ ਭਗਤ ਸਿੰਘ ਪ੍ਰੈੱਸ ਐਸੋਸੀਏਸ਼ਨ ਪੰਜਾਬ ਦੇ ਰਾਸ਼ਟਰੀ ਚੇਅਰਮੈਨ ਅਮਰਿੰਦਰ ਸਿੰਘ ਤੇ ਸੂਬਾ ਪ੍ਰਧਾਨ ਰਮੇਸ਼ ਬਹਿਲ ਵੱਲੋਂ ਪ੍ਰੈੱਸ ਨੋਟ ਜਾਰੀ ਕਰ ਪੱਤਰਕਾਰਾਂ ਦੇ ਹੱਕ 'ਚ ਹਮਾਇਤ ਦਿੱਤੀ।ਇਸ ਮੌਕੇ ਸ੍ਰੀ ਸੁਨੀਲ ਸੈਨ ਸੂਬਾ ਆਰ ਟੀ ਆਈ ਵਿੰਗ ਦੇ ਪ੍ਰਧਾਨ ਨੇ ਕਿਹਾ ਕਿ ਜ਼ਿਲ੍ਹਾ ਫਾਜ਼ਿਲਕਾ ਡਿਪਟੀ ਕਮਿਸ਼ਨਰ ਵੱਲੋਂ ਪੱਤਰਕਾਰਾਂ ਦੇ ਫੋਨ ਨਾ ਚੱਕਣ ਦੀ ਨਿਖੇਧੀ ਕੀਤੀ ਤੇ ਫਾਜ਼ਿਲਕਾ ਸਮੂਹ ਪੱਤਰਕਾਰਾਂ ਵੱਲੋਂ ਅੱਗੇ ਜੋ ਵੀ ਰਣਨੀਤੀ ਬਣਾਏਗੀ ਤਾਂ ਸਮੂਹ ਸ਼ਹੀਦ ਭਗਤ ਸਿੰਘ ਪ੍ਰੈੱਸ ਐਸੋਸੀਏਸ਼ਨ ਜਥੇਬੰਦੀ ਉਨ੍ਹਾਂ ਨਾਲ ਮੋਢੇ ਨਾਲ ਮੋਢਾ ਲਾ ਕੇ ਨਾਲ ਖੜੀ ਹੈ।ਜੇਕਰ ਇਸ ਮਸਲੇ ਦੇ ਸਬੰਧ 'ਚ ਜੇਕਰ ਸੂਬਾ ਪੱਧਰੀ ਪ੍ਰਦਰਸ਼ਨ ਕਰਨਾ ਪਿਆ ਤਾਂ ਉਹ ਪਿਛੇ ਨਹੀਂ ਹੱਟਣਗੇ।

## ਕੂਲ਼ਰ ਖ਼੍ਰੀਦਣ ਆਈਆਂ ਨੂੰਹ-ਸੱਸ ਲਿਫਟ ਦੀ ਤਾਰ ਟੁੱਟਣ ਕਾਰਨ ਸ਼ੋ-ਰੂਮ ਦੀ ਉਪਰਲੀ ਮੰਜ਼ਲ ਤੋਂ ਡਿੱਗੀਆਂ, ਹਾਲਤ ਗੰਭੀਰ

**ਬਠਿੰਡਾ (ਰਾਜੀਵ ਗੋਇਲ)**-ਜ਼ਿਲ੍ਹੇ ਦੇ ਕਸਬਾ ਭਗਤਾ ਭਾਈ ਕਾ ਵਿਖੇ ਅੱਜ ਇੱਕ ਵੱਡਾ ਹਾਦਸਾ ਹੋਣੋਂ ਟਲ ਗਿਆ ਤੇ ਨੂੰਹ-ਸੱਸ ਆਪਣੀ ਜਾਨ ਤੋਂ ਹੱਥ ਧੋਂਦੇ-ਧੋਂਦੇ ਵਾਲ-ਵਾਲ ਬਚੀਆਂ। ਪ੍ਰਾਪਤ ਜਾਣਕਾਰੀ ਅਨੁਸਾਰ ਰਵੀ ਭਾਈਕੇ, ਜਿਹੜਾ ਅੱਜਕੱਲ੍ਹ ਆਪਣੀ ਰੋਜ਼ੀ ਰੋਟੀ ਕਮਾਉਣ ਲਈ ਵਿਦੇਸ਼ ਗਿਆ ਹੋਇਆ ਹੈ, ਦੀ ਮਾਤਾ ਤੇ ਪਤਨੀ ਕੂਲਰ ਖ਼੍ਰੀਦਣ ਲਈ ਸਿਰੀਏਵਾਲਾ ਤੋਂ ਭਗਤਾ ਭਾਈ ਕਾ ਦੇ ਬਿਦਰ ਮਾਰਕੀਟ ਸਥਿਤ ਇੱਕ ਸ਼ੋ-ਰੂਮ ਵਿਖੇ ਪਹੁੰਚੀਆਂ ਸਨ। ਵਾਪਰੀ ਘਟਨਾ ਸੰਬੰਧੀ ਗੱਲਬਾਤ ਕਰਦਿਆਂ ਬਜ਼ੁਰਗ ਮਾਤਾ ਦੀ ਨੂੰਹ ਮਨਜੀਤ ਕੌਰ ਨੇ ਦੱਸਿਆ ਕਿ ਉਹ ਸਿਰੀਏਵਾਲਾ ਤੋਂ ਭਗਤਾ ਭਾਈਕਾ ਵਿਖੇ ਬਿਦਰ ਮਾਰਕੀਟ ਦੇ ਇੱਕ ਸ਼ੋ-ਰੂਮ 'ਤੇ ਕੂਲਰ ਖ਼੍ਰੀਦਣ ਆਈਆਂ ਸਨ ਅਤੇ ਉਨ੍ਹਾਂ ਦੋਸ਼ ਲਗਾਏ ਕਿ ਸ਼ੋ-ਰੂਮ ਮਾਲਕ ਵੱਲੋਂ ਉਨ੍ਹਾਂ ਨੂੰ ਕੂਲਰ ਦੇਖਣ ਲਈ ਸਾਮਾਨ ਢੋਆਈ ਲਈ ਲਗਵਾਈ ਗਈ ਲਿਫਟ ਵਿੱਚ ਤੀਜੀ ਮੰਜ਼ਿਲ 'ਤੇ ਜਾਣ ਲਈ ਕਹਿ ਦਿੱਤਾ ਅਤੇ ਜਦੋਂ ਉਹ ਲਿਫਟ 'ਤੇ ਚੜ੍ਹੀਆਂ ਤਾਂ ਅਚਾਨਕ ਤੀਜੀ ਮੰਜ਼ਿਲ ਪਾਸ ਪਹੁੰਚਦੇ ਹੋਏ ਲਿਫਟ ਦੀ ਤਾਰ ਟੁੱਟ ਗਈ ਅਤੇ ਦੋਹੇਂ ਨੂੰਹ-ਸੱਸ ਹੇਠਾਂ ਡਿੱਗ ਪਈਆਂ। ਉਨ੍ਹਾਂ ਦੱਸਿਆ ਕਿ ਇਸ ਵਕਤ ਉਹ ਬਠਿੰਡਾ ਦੇ ਇੱਕ ਨਿੱਜੀ ਹਸਪਤਾਲ ਵਿਖੇ ਦਾਖਲ ਹਨ, ਜਿੱਥੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਉਧਰ ਦੂਜੇ ਪਾਸੇ ਸ਼ੋ-ਰੂਮ ਦੇ ਮਾਲਕ ਦਾ ਕਹਿਣਾ ਸੀ ਕਿ ਇਹ ਘਟਨਾ ਜ਼ਰੂਰ ਵਾਪਰੀ ਹੈ, ਪਰ ਉਨ੍ਹਾਂ ਵੱਲੋਂ ਦੋਹਾਂ ਪੀੜਤਾਂ ਨੂੰ ਪਹਿਲਾਂ ਜਲਾਲ ਦੇ ਇੱਕ ਨਿੱਜੀ ਹਸਪਤਾਲ ਲਿਜਾਇਆ ਗਿਆ ਤੇ ਬਾਅਦ 'ਚ ਬਠਿੰਡਾ ਰੈਫਰ ਕਰ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਮੈਂ ਖੁਦ ਪੀੜਤ ਨੂੰਹ-ਸੱਸ ਪਾਸ ਬਠਿੰਡਾ ਵਿਖੇ ਆਇਆ ਹੋਇਆ ਹਾਂ। ਖਬਰ ਲਿਖੇ ਜਾਣ ਤੱਕ ਅਜੇ ਦੋਹਾਂ ਧਿਰਾਂ ਦਾ ਕੋਈ ਸਮਝੌਤਾ ਨਹੀਂ ਹੋਇਆ ਸੀ ਤੇ ਪੀੜਤਾਂ ਦਾ ਇਲਾਜ ਜਾਰੀ ਸੀ, ਪਰ ਪੀੜਤ ਦੇ ਪੁੱਤਰ ਵੱਲੋਂ ਪ੍ਰਸ਼ਾਸਨ ਪਾਸੋਂ ਕਾਰਵਾਈ ਦੀ ਮੰਗ ਕੀਤੀ ਜਾ ਰਹੀ ਸੀ।

## ਹਾਈ ਟੈਂਸ਼ਨ ਤਾਰਾਂ ਦੀ ਲਪੇਟ 'ਚ ਆਉਣ ਨਾਲ ਨਾਬਾਲਗ ਲੜਕੇ ਦੀ ਮੌਤ, ਘਰ ਦੀ ਛੱਤ 'ਤੇ ਉਡਾ ਰਿਹਾ ਸੀ ਕਬੂਤਰ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਸਿਰਸਾ ਦੇ ਖੇੜਾ ਮੁਹੱਲੇ ਵਿੱਚ ਇੱਕ ਨਾਬਾਲਗ ਲੜਕੇ ਦੀ ਹਾਈ ਟੈਂਸ਼ਨ ਲਾਈਨ ਦੀਆਂ ਤਾਰਾਂ ਦੇ ਸੰਪਰਕ ਵਿੱਚ ਆਉਣ ਨਾਲ ਮੌਤ ਹੋ ਗਈ। ਪੁਲਸ ਨੇ ਮ੍ਰਿਤਕ ਲੜਕੇ ਦੇ ਪਿਤਾ ਦੇ ਬਿਆਨ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪੁਲਸ ਅਨੁਸਾਰ ਨਾਬਾਲਗ ਬੱਚਾ ਰਾਧੇ ਸ਼ਿਆਮ ਆਪਣੇ ਘਰ ਦੀ ਛੱਤ 'ਤੇ ਕਬੂਤਰ ਉਡਾ ਰਿਹਾ ਸੀ। ਘਰ ਦੇ ਨੇੜੇ ਹਾਈ ਟੈਂਸ਼ਨ ਲਾਈਨਾਂ ਲੰਘ ਰਹੀਆਂ ਹਨ। ਕਬੂਤਰ ਉਡਾਉਣ ਦੌਰਾਨ ਉਹ ਬਿਜਲੀ ਦੀਆਂ ਤਾਰਾਂ ਦੇ ਸੰਪਰਕ ਵਿੱਚ ਆਇਆ ਤੇ ਉਸ ਬੱਚੇ ਨੂੰ ਕਰੰਟ ਲੱਗ ਗਿਆ। ਕਰੰਟ ਲੱਗਣ ਤੋਂ ਬਾਅਦ ਪਰਵਾਰ ਨੇ ਉਸ ਨੂੰ ਇੱਕ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾਇਆ, ਜਿੱਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਬਿਜਲੀ ਨਿਗਮ ਦੇ ਐੱਸ ਈ ਰਜਿੰਦਰ ਸਭਰਵਾਲ ਨੇ ਕਿਹਾ ਕਿ ਉਸ ਪਾਸੇ ਤੋਂ ਹਾਈ ਟੈਂਸ਼ਨ ਲਾਈਨਾਂ ਨੂੰ ਹਟਾਉਣ ਦਾ ਕੰਮ ਚੱਲ ਰਿਹਾ ਹੈ। ਜ਼ਿਆਦਾਤਰ ਹਾਈ ਟੈਂਸ਼ਨ ਲਾਈਨਾਂ ਨੂੰ ਹਟਾ ਦਿੱਤਾ ਗਿਆ ਹੈ, ਬਾਕੀ ਜਲਦੀ ਹੀ ਸਾਰੀਆਂ ਹਾਈ ਟੈਂਸ਼ਨ ਲਾਈਨਾਂ ਹਟਾ ਦਿੱਤੀਆਂ ਜਾਣਗੀਆਂ।

## ਸੜਕ ਹਾਸਦੇ 'ਚ ਨੌਜਵਾਨ ਦੀ ਮੌਤ

**ਦੋਦਾ (ਵਕੀਲ ਸਿੰਘ ਬਰਾੜ)**-ਇਥੇ ਮੁਕਤਸਰ-ਬਠਿੰਡਾ ਹਾਈਵੇ ਉੱਤੇ ਹਾਦਸੇ ਵਿੱਚ ਨੌਜਵਾਨ ਦੀ ਮੌਤ ਹੋਣ ਦਾ ਸਮਾਚਾਰ ਮਿਲਿਆ। ਪਤਾ ਲੱਗਾ ਹੈ ਕਿ ਇਕ ਵੱਡਾ ਕੈਂਟਰ ਐੱਚ ਆਰ 37 ਡੀ 0520 ਜੋ ਸੜਕ ਉੱਤੇ ਬੈਕ ਕੀਤਾ ਜਾ ਰਿਹਾ ਸੀ ਤਾਂ ਦੋਦਾ ਵਿਖੇ ਆਪਣੀ ਭੈਣ ਕੋਲ ਮਿਲਣ ਲਈ ਆਇਆ ਬਲਜੀਤ ਸਿੰਘ/ਕਾਕਾ (40ਸਾਲ) ਪੁੱਤਰ ਗੁਰਚਰਨ ਸਿੰਘ ਵਾਸੀ ਤਰਖਾਣ ਵਾਲਾ ਦਾ ਮੋਟਰਸਾਈਕਲ ਕੈਂਟਰ ਨਾਲ ਟਕਰਾਅ ਗਿਆ, ਜਿਸ ਨਾਲ ਉਹ ਸਖਤ ਜ਼ਖ਼ਮੀ ਹੋ ਗਿਆ, ਜਿਸ ਨੂੰ ਤੁਰੰਤ ਚੁੱਕ ਕੇ ਸਿਵਲ ਹਸਪਤਾਲ ਸ੍ਰੀ ਮੁਕਤਸਰ ਸਾਹਿਬ ਵਿਖੇ ਲਿਆਂਦਾ ਗਿਆ। ਜਿੱਥੇ ਉਹ ਜ਼ਖਮਾਂ ਦੀ ਤਾਬ ਨਾ ਝੱਲਦਾ ਹੋਇਆ ਦਮ ਤੋੜ ਗਿਆ। ਪੁਲਸ ਮੌਕੇ ਉੱਤੇ ਪੁੱਜ ਗਈ, ਕੈਂਟਰ ਕਬਜ਼ੇ ਵਿੱਚ ਲੈ ਕੇ ਹਾਦਸੇ ਸਬੰਧੀ ਬਣਦੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

## ਸ਼ੋਕ ਸਮਾਚਾਰ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪਿੰਡ ਸੈਂਸੋਵਾਲ ਕਲਾਂ ਦੇ ਸਰਪੰਚ ਤੇ ਕਾਲੋਨਾਈਜ਼ਰ ਭੁਪਿੰਦਰ ਸਿੰਘ ਰਾਠੌਰ ਦੇ ਮਾਤਾ ਬਚਨ ਕੌਰ ਨਮਿੱਤ ਪਾਠ ਦਾ ਭੋਗ ਤੇ ਅੰਤਿਮ ਅਰਦਾਸ 14 ਜੂਨ ਨੂੰ 12 ਤੋਂ 1 ਵਜੇ ਤੱਕ ਉਨ੍ਹਾਂ ਦੇ ਗ੍ਰਹਿ ਪਿੰਡ ਸੈਂਸੋਵਾਲ ਕਲਾਂ ਵਿਖੇ ਹੋਵੇਗੀ

## ਨਾਬਾਲਗ ਨੂੰ ਵਿਆਹ ਦਾ ਝਾਂਸਾ ਦੇ ਕੇ ਲਿਜਾਣ ਦੇ ਦੋਸ਼ 'ਚ ਮਾਮਲਾ ਦਰਜ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਪੁਲਸ ਵੱਲੋਂ ਨਾਬਾਲਗ ਲੜਕੀ ਨੂੰ ਵਿਆਹ ਦਾ ਝਾਂਸਾ ਦੇ ਕੇ ਵਰਗਲਾ ਕੇ ਲਿਜਾਣ ਦੇ ਕਥਿਤ ਦੋਸ਼ ਹੇਠ ਇੱਕ ਨੌਜਵਾਨ ਰਾਜਵੀਰ ਸਿੰਘ ਪਿੰਡ ਭੂਰੜੇ, ਥਾਣਾ ਚਮਕੌਰ ਸਾਹਿਬ ਖਿਲਾਫ਼ ਮਾਮਲਾ ਦਰਜ ਕੀਤਾ ਹੈ। ਬਲਾਕ ਦੇ ਪਿੰਡ ਨਾਲ ਸੰਬੰਧਿਤ ਲੜਕੀ ਦੇ ਪਿਤਾ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਕਿ ਉਸ ਦੀ ਨਾਬਾਲਗ ਲੜਕੀ ਕਾਪਲਨਿਕ ਨਾਂ ਰਾਣੀ (17) ਕਰੀਬ ਸਵੇਰੇ 10 ਵਜੇ ਘਰ ਤੋਂ ਚਲੀ ਗਈ। ਪਰਵਾਰ ਵੱਲੋਂ ਉਸ ਦੀ ਰਿਸ਼ਤੇਦਾਰਾਂ ਤੇ ਹੋਰ ਕਾਫ਼ੀ ਥਾਂ 'ਤੇ ਤਲਾਸ਼ ਕੀਤੀ ਗਈ ਪਰ ਕੋਈ ਜਾਣਕਾਰੀ ਨਾ ਮਿਲੀ। ਬਿਆਨਕਰਤਾ ਅਨੁਸਾਰ ਉਸ ਨੂੰ ਪਤਾ ਲੱਗਾ ਕਿ ਉਸ ਦੀ ਨਾਬਾਲਗ ਲੜਕੀ ਨੂੰ ਰਾਜਵੀਰ ਸਿੰਘ ਵਿਆਹ ਕਰਵਾਉਣ ਦਾ ਝਾਂਸਾ ਦੇ ਕੇ ਵਰਗਲਾ ਕੇ ਲੈ ਗਿਆ ਹੈ। ਪੁਲਸ ਵੱਲੋਂ ਰਾਜਵੀਰ ਸਿੰਘ ਖਿਲਾਫ਼ ਪਰਚਾ ਦਰਜ ਕਰ ਨਾਬਾਲਗ ਲੜਕੀ ਦੀ ਤਲਾਸ਼ ਸ਼ੁਰੂ ਕਰ ਦਿੱਤੀ ਹੈ।।

# ਫਿਰੋਜ਼ਪੁਰ ਤੋਂ ਨਾਂਦੇੜ ਜਾਣ ਵਾਲੀ ਟਰੇਨ ਨੂੰ ਰਾਣਾ ਸੋਢੀ ਨੇ ਦਿੱਤੀ ਹਰੀ ਝੰਡੀ

**■ ਟਰੇਨ ਚੱਲਣ ਤੋਂ ਪਹਿਲਾਂ ਕੀਤੀ ਗਈ ਅਰਦਾਸ**



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਸਰਹੱਦੀ ਜ਼ਿਲ੍ਹੇ ਦੇ ਲੋਕਾਂ ਦੀ ਲੰਮੇ ਸਮੇਂ ਤੋਂ ਚੱਲ ਰਹੀ ਮੰਗ ਪੂਰੀ ਹੋਈ, ਜਦੋਂ ਫਿਰੋਜ਼ਪੁਰ ਤੋਂ ਨਾਂਦੇੜ ਹਜ਼ੂਰ ਸਾਹਿਬ ਲਈ ਟਰੇਨ ਰਵਾਨਾ ਹੋਈ, ਜਿਸ ਨੂੰ ਹਰੀ ਝੰਡੀਆਂ ਦੇਣ ਦੀ ਰਸਮ ਭਾਜਪਾ ਦੇ ਰਾਸ਼ਟਰੀ ਕਾਰਜਕਾਰੀ ਮੈਂਬਰ ਡਾ. ਰਾਣਾ ਗੁਰਮੀਤ ਸਿੰਘ ਸੋਢੀ ਨੇ ਅਦਾ ਕੀਤੀ। ਛਾਉਣੀ ਰੇਲਵੇ ਸਟੇਸ਼ਨ 'ਤੇ ਟਰੇਨ ਚਲਣ ਤੋਂ ਪਹਿਲਾਂ ਅਰਦਾਸ ਕੀਤੀ ਗਈ, ਜਿਸ ਵਿੱਚ ਬਾਬਾ ਕੁਲਦੀਪ ਸਿੰਘ ਚਰਨ ਸਾਹਿਬ ਵਾਲੇ, ਦਲ ਪੰਥ ਦੇ ਮੁੱਖ ਜਥੇਦਾਰ ਬਾਬਾ ਦੀਪ ਸਿੰਘ, ਸੰਤ ਬਾਬਾ ਕਰਮ ਸਿੰਘ ਭਾਵਾਲ ਵਾਲੇ, ਜਥੇਦਾਰ ਬਾਬਾ ਸਤਨਾਮ ਸਿੰਘ ਹਜ਼ੂਰ ਸਾਹਿਬ, ਐੱਸਜੀਪੀਸੀ ਮੈਂਬਰ ਸਤਪਾਲ ਸਿੰਘ ਤਲਵੰਡੀ, ਐੱਸਜੀਪੀਸੀ ਮੈਂਬਰ ਦਰਸ਼ਨ ਸਿੰਘ ਸ਼ੇਰਖਾਂ, ਬਾਬਾ ਗੁਰਮੇਲ ਸਿੰਘ ਜਾਮਨੀ ਸਾਹਿਬ ਕਾਰ ਸੇਵਾ, ਸੰਤ ਬਾਬਾ ਸੁੱਚਾ ਸਿੰਘ ਨਾਨਕਸਰ ਖ਼ਾਸ ਤੌਰ 'ਤੇ ਹਾਜ਼ਰ ਸਨ। ਭਾਜਪਾ ਨੇਤਾ ਰਾਣਾ ਸੋਢੀ ਨੇ ਸਾਰੇ ਸਿੰਘ ਸਾਹਿਬਾਨ ਨੂੰ ਸੀਰੋਪਾ ਪਹਿਨਾ ਕੇ ਸਨਮਾਨਤ ਕੀਤਾ ਅਤੇ ਪੂਰੇ ਸਟੇਸ਼ਨ 'ਤੇ "ਜੋ ਬੋਲੇ ਸੋ ਨਹੀਲ ਸੱਤ ਸ਼੍ਰੀ ਅਕਾਲ" ਦੇ ਜੈਕਾਰੇਗੂੰਜੇ। ਐੱਸਜੀਪੀਸੀ ਵੱਲੋਂ ਸੰਗਤਾਂ ਲਈ ਲੰਗਰ ਦੀ ਵੀ ਵਿਵਸਥਾ ਕੀਤੀ ਗਈ। ਰਾਣਾ ਸੋਢੀ ਨੇ ਟਰੇਨ ਚਾਲਕ ਦੇ ਨਾਲ-ਨਾਲ ਹੋਰ ਸਟਾਫ ਮੈਂਬਰਾਂ ਦਾ ਵੀ ਸਨਮਾਨ ਕੀਤਾ। ਰਾਣਾ ਸੋਢੀ ਨੇ ਦੱਸਿਆ ਕਿ ਫਿਰੋਜ਼ਪੁਰ ਨਾਂਦੇੜ ਐਕਸਪ੍ਰੈੱਸ ਗੱਡੀ ਨੰਬਰ 14622 ਹਰ ਹਫ਼ਤੇ ਸ਼ੁੱਕਰਵਾਰ ਨੂੰ ਫਿਰੋਜ਼ਪੁਰ ਤੋਂ ਦੁਪਹਿਰ 1.25 ਵਜੇ ਰਵਾਨਾ ਹੋਏਗੀ, ਜੋ ਕਿ ਨਾਂਦੇੜ ਵਿਚ ਐਤਵਾਰ ਨੂੰ ਸਵੇਰੇ 3.30 ਵਜੇ ਪਹੁੰਚੇਗੀ। ਉਨ੍ਹਾਂ ਦੱਸਿਆ ਕਿ ਹਜ਼ੂਰ ਸਾਹਿਬ-ਨਾਂਦੇੜ ਐਕਸਪ੍ਰੈੱਸ ਵਿੱਚ ਕੁੱਲ 19 ਕੋਚ ਹੋਣਗੇ, ਜਿਨ੍ਹਾਂ ਵਿੱਚ 1 ਜੈਨਰੇਟਰ ਕਾਰ, 1 ਲੈਗੇਜ਼ ਵਾਲ, 7 ਸਲੀਪਰ ਕੋਚ, 4 ਜਨਰਲ ਕੋਚ, 4 ਥਰਡ ਏਸੀ ਕੋਚ, ਥਰਡ ਏਸੀ ਇਕਨਾਮਿਕ ਕੋਚ ਅਤੇ 2 ਸੈਕੰਡ ਏਸੀ ਕੋਚ ਦੀ ਸੁਵਿਧਾ ਰਹੇਗੀ। ਉਨ੍ਹਾਂ ਕਿਹਾ ਕਿ ਇਸ ਟਰੇਨ ਦੇ ਚੱਲਣ ਨਾਲ ਸਿੱਖ ਸੰਗਤਾਂ ਦੇ ਨਾਲ-ਨਾਲ ਸਿਰੜੀ ਸਾਈਂ ਬਾਬਾ ਤੇ ਸ਼ਨੀ ਸ਼ਹਿੰਨਾਪੁਰ ਜਾਣ ਵਾਲੀ ਸੰਗਤਾਂ ਵਿੱਚ ਵੀ ਖੁਸ਼ੀ ਦੀ ਲਹਿਰ ਹੈ। ਰਾਣਾ ਸੋਢੀ ਨੇ ਦੱਸਿਆ ਕਿ 18 ਜੂਨ ਨੂੰ ਹਰਿਦਵਾਰ ਲਈ ਵੀ ਸਿੱਧੀ ਟਰੇਨ ਚਲੇਗੀ। ਉਨ੍ਹਾਂ ਕਿਹਾ ਕਿ ਮੋਗਾ ਤੋਂ ਦਿੱਲੀ ਲਈ ਚਲਣ ਵਾਲੀ ਮੋਗਾ ਇੰਟਰਸਿਟੀ ਸੁਪਰਫਾਸਟ ਐਕਸਪ੍ਰੈੱਸ ਗੱਡੀ ਨੂੰ ਰੇਲਵੇ ਵੱਲੋਂ ਵਧਾ ਕੇ ਹੁਣ ਫਿਰੋਜ਼ਪੁਰ ਤੋਂ ਚਲਾਉਣ ਦਾ ਫੈਸਲਾ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਹ ਗੱਡੀ ਸੋਮਵਾਰ ਤੇ ਸ਼ੁੱਕਰਵਾਰ ਨੂੰ ਹੁਣ ਫਿਰੋਜ਼ਪੁਰ ਤੋਂ ਚੱਲੇਗੀ, ਜਿਸ ਨਾਲ ਜ਼ਿਲ੍ਹੇ ਦੇ ਲੋਕਾਂ ਨੂੰ ਭਰਪੂਰ ਲਾਭ ਮਿਲੇਗਾ। ਉਨ੍ਹਾਂ ਦੱਸਿਆ ਕਿ ਉਸੇ ਤਰ੍ਹਾਂ ਲੰਮੇ ਸਮੇਂ ਤੋਂ ਬੰਦ ਪਈ ਫਿਰੋਜ਼ਪੁਰ-ਚੰਡੀਗੜ੍ਹ ਗੱਡੀ ਵੀ ਏਸੀ ਕੋਚਾਂ ਨਾਲ ਜੂਨ ਦੇ ਆਖਰੀ ਹਫ਼ਤੇ ਜਾਂ ਫਿਰ ਜੁਲਾਈ ਦੇ ਪਹਿਲੇ ਹਫ਼ਤੇ ਵਿੱਚ ਸ਼ੁਰੂ ਹੋ ਜਾਵੇਗੀ। ਰਾਣਾ ਗੁਰਮੀਤ ਸਿੰਘ ਸੋਢੀ ਨੇ ਕਿਹਾ ਕਿ ਇੱਥੇ ਦੇ ਲੋਕਾਂ ਨੂੰ ਸਾਹਮਣੇ ਆ ਰਹੀਆਂ ਸਮੱਸਿਆਵਾਂ ਨੂੰ ਉਨ੍ਹਾਂ ਕੇਂਦਰੀ ਰੇਲ ਮੰਤਰੀ ਅਸ਼ਵਨੀ ਵੈਸ਼ਣਵ ਦੇ ਸਾਹਮਣੇ ਉਠਾਇਆ ਸੀ ਤੇ ਰੇਲ ਮੰਤਰਾਲੇ ਨੇ ਉਨ੍ਹਾਂ ਦੀਆਂ ਮੰਗਾਂ ਨੂੰ ਮਨਜ਼ੂਰ ਕਰਦਿਆਂ ਫਿਰੋਜ਼ਪੁਰ ਨੂੰ ਵੱਡਾ ਤੋਹਫ਼ਾ ਦਿੱਤਾ ਹੈ।

## ਸ੍ਰੀ ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ 'ਚ ਕੈਂਪ ਖ਼ੂਨਦਾਨ ਕੈਂਪ ਅੱਜ

**ਗੁਰਦਾਸਪੁਰ (ਜਨਕ ਮਹਾਜਨ)**- ਪੰਜਾਬ ਰਾਜ ਏਡਜ਼ ਕੰਟਰੋਲ ਸੁਸਾਇਟੀ ਦੇ ਨਿਰਦੇਸ਼ਾਂ ਤਹਿ ਤ ਵਿਸ਼ਵ ਖ਼ੂਨ ਦਾਨ ਦਿਵਸ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਸਿਹਤ ਵਿਭਾਗ ਅਤੇ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਤੇ ਬਲੱਡ ਡੋਨੇਸ਼ਨ ਸੋਸਾਇਟੀਆਂ ਦੇ ਸਹਿਯੋਗ ਨਾਲ ਅੱਜ 14 ਜੂਨ ਨੂੰ 10:00 ਵਜੇ ਸ੍ਰੀ ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ, ਬਥਵਾਲਾ ਬਾਈਪਾਸ, ਗੁਰਦਾਸਪੁਰ ਵਿਖੇ ਖ਼ੂਨਦਾਨ ਕੈਂਪ ਲਗਾਇਆ ਜਾਵੇਗਾ। ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲਗਾਏ ਜਾ ਰਹੇ ਇਸ ਖ਼ੂਨ ਦਾਨ ਕੈਂਪ ਵਿੱਚ ਹਿੱਸਾ ਲੈਣ ਲਈ ਲੋਕਾਂ ਨੂੰ ਪ੍ਰੇਰਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਖ਼ੂਨ ਦਾਨ ਕਰਨ ਨਾਲ ਕਈ ਬੇਸ਼ਕੀਮਤੀ ਜਾਨਾਂ ਬਚਾਈਆਂ ਜਾ ਸਕਦੀਆਂ ਹਨ। ਉਨ੍ਹਾਂ ਕਿਹਾ ਕਿ 14 ਜੂਨ ਨੂੰ ਵਿਸ਼ਵ ਖ਼ੂਨ ਦਾਨ ਦਿਵਸ ਮੌਕੇ ਤੋਂ ਇਲਾਵਾ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜ਼ਿਲ੍ਹੇ ਵਿੱਚ ਹੋਰ ਵੀ ਖ਼ੂਨਦਾਨ ਕੈਂਪ ਲਗਾਏ ਜਾਣਗੇ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਖ਼ੂਨ ਦਾਨ ਵਰਗੇ ਮਹਾਨ ਕਾਰਜ ਲਈ ਵੱਧ-ਚੜ੍ਹ ਕੇ ਅੱਗੇ ਆਉਣ।

## PUBLIC NOTICE

It is inform that We, Ravi Kumar Sachdeva son of Sh. Gian Chand Age 61 Years Resident of 433, Gali Dai Wali, Near Mahajan Hospital, KatraKhanzana, Amritsar 2. Sh. Rakesh Kumar Son of Sh. Gian Chand Age 64 Years Resident of 433, Gali Dai Wali, Near Mahajan Hospital, KatraKhanzana, Amritsar hereby declare that we are the beneficiary of Will Dated 09.11.2018 registered vide Document No.2018-19/3/418 executed by Sh.Ashok Kumar son of Sh.Gian Chand resident of House No.252, GalidaiWali, Inside KatraKhazana, Amritsar and on the basis of said will inherited the property KhanaShumari No.4470/9 and 252, GalidaiWali, KatraKhazana, Amritsar and also entitled to receive the original sale deed 14.09.2006 bearing Document No.5388 lying deposited in loan account with Punjab & Sind Bank, Branch Islamabad, Amritsar. Any person having objection to the same, can approach the said bank within 5 days from publication, otherwise said sale deed dated 14.09.2006 will be release to us, considering us as only legal heirs and thereafter, no claim shall be entertain.

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਗਗਨਦੀਪ ਸਿੰਘ, ਪੀ.ਸੀ.ਐੱਸ., ਕੁਲੈਕਟਰ, ਸਬ ਡਵੀਜ਼ਨ, ਬੁਢਲਾਡਾ।

ਕਿਸਮ ਕੇਸ ਅਪੀਲ ਤਕਸੀਮ ਕੇਸ ਅਨੁਵਾਨ ਕਸ਼ਮੀਰ ਸਿੰਘ ਬਨਾਮ ਗੋਬਿੰਦ ਸਿੰਘ ਵਾਕਾ ਰਕਬਾ ਬਹਾਦਰਪੁਰ।

ਨੋਟਿਸ ਬਨਾਮ ਆਮ ਜਨਤਾ

**ਜਗਰਾਓਂ (ਅਮਿਤ ਖੰਨਾ)**-ਗ਼ਰਮੀਆਂ ਦਾ ਮੌਸਮ ਨਾ ਸਿਰਫ਼ ਬਾਹਰੀ ਤਾਪਮਾਨ ਨੂੰ ਵਧਾਉਂਦਾ ਹੈ, ਸਗੋਂ ਸਰੀਰ ਤੇ ਮਨ ਨੂੰ ਵੀ ਪ੍ਰਭਾਵਤ ਕਰਦਾ ਹੈ, ਖਾਸ ਕਰਕੇ ਵਿਦਿਆਰਥੀਆਂ ਲਈ। ਇਸ ਸਮੇਂ ਦੌਰਾਨ ਬੱਚਿਆਂ ਨੂੰ ਸਰੀਰਕ ਤੇ ਮਾਨਸਿਕ ਤੌਰ 'ਤੇ ਸੰਤੁਲਤ ਰੱਖਣ ਲਈ ਸਹੀ ਖੁਰਾਕ, ਲੋੜੀਂਦੀ ਪਾਣੀ ਦੀ ਮਾਤਰਾ ਤੇ ਅਨੁਸ਼ਾਸਤ ਰੁਟੀਨ ਬਹੁਤ ਮਹੱਤਵਪੂਰਨ ਹੈ, ਜਦੋਂ ਖੁਰਾਕ ਸੰਤੁਲਤ ਹੁੰਦੀ ਹੈ ਤੇ ਸਰੀਰ ਵਿੱਚ ਪਾਣੀ ਦੀ ਕਮੀ ਨਹੀਂ ਹੁੰਦੀ, ਤਾਂ ਬੱਚਿਆਂ ਦੀ ਇਕਾਗਰਤਾ, ਸਿੱਖਣ ਦੀ ਸਮਰੱਥਾ ਤੇ ਯਾਦਾਸ਼ਤ ਸ਼ਕਤੀ ਵਿੱਚ ਕੁਦਰਤੀ ਸੁਧਾਰ ਹੁੰਦਾ ਹੈ। ਫਾਸਟ ਫੂਡ, ਠੰਡੇ ਤਲੇ ਹੋਏ ਪਦਾਰਥ ਤੇ ਬਾਹਰੋਂ ਗੈਰ-ਸਿਹਤਮੰਦ ਭੋਜਨ ਨਾ ਸਿਰਫ਼ ਗ਼ਰਮੀਆਂ ਵਿੱਚ ਪਾਚਨ ਕਿਰਿਆ ਨੂੰ ਪ੍ਰਭਾਵਤ ਕਰਦੇ ਹਨ, ਸਗੋਂ ਬੱਚਿਆਂ ਨੂੰ ਸੁਸਤ ਤੇ ਥੱਕੇ ਹੋਏ ਵੀ ਬਣਾਉਂਦੇ ਹਨ। ਇਸ ਦੇ ਉਲਟ ਤਾਜ਼ਾ ਘਰੇਲੂ ਭੋਜਨ, ਤਰਬੂਜ, ਖਰਬੂਜਾ, ਖੀਰਾ, ਸੰਤਰਾ, ਨਿੰਬੂ ਪਾਣੀ ਤੇ ਨਾਰੀਅਲ ਪਾਣੀ ਵਰਗੇ ਮੌਸਮੀ ਫ਼ਲ ਬੱਚਿਆਂ ਨੂੰ ਅੰਦਰੋਂ ਠੰਡਾ ਤੇ ਹਾਈਡ੍ਰੇਟ ਰੱਖਦੇ ਹਨ। ਹਰੀਆਂ ਸਬਜ਼ੀਆਂ, ਦਾਲਾਂ, ਫ਼ਲ, ਦਹੀਂ, ਦੁੱਧ ਤੇ ਸਾਬਤ ਅਨਾਜ ਵਾਲੀ ਸੰਤੁਲਤ ਖੁਰਾਕ ਵਿਦਿਆਰਥੀਆਂ ਨੂੰ ਦਿਨ ਭਰ ਊਰਜਾਵਾਨ ਰੱਖਦੀ ਹੈ ਤੇ ਮਾਨਸਿਕ ਥਕਾਵਟ ਨੂੰ ਰੋਕਦੀ ਹੈ। ਇਸ ਦੇ ਨਾਲ ਹੀ ਜੇਕਰ ਵਿਦਿਆਰਥੀ ਸਵੇਰੇ ਜਲਦੀ ਉੱਠ ਕੇ ਹਲਕੀ ਕਸਰਤ ਕਰਦੇ ਹਨ, ਯੋਗਾ ਤੇ ਪ੍ਰਾਣਾਯਾਮ ਨੂੰ ਆਪਣੀ ਰੋਜ਼ਾਨਾ ਦੀ ਰੁਟੀਨ ਵਿੱਚ ਸਾਮਲ ਕਰਦੇ ਹਨ ਤਾਂ ਉਨ੍ਹਾਂ ਦੀ ਸਰੀਰਕ ਸਿਹਤ ਹੀ ਨਹੀਂ ਸਗੋਂ ਮਾਨਸਿਕ ਜੋਸ ਅਤੇ ਆਤਮਵਿਸਵਾਸ ਵੀ ਵਧਦਾ ਹੈ। ਯੋਗਾ, ਧਿਆਨ ਅਤੇ ਪ੍ਰਾਣਾਯਾਮ ਨਾ ਸਿਰਫ ਸਰੀਰ ਨੂੰ ਲਚਕਤਾ ਦਿੰਦੇ ਹਨ, ਸਗੋਂ ਮਨ ਨੂੰ ਸਥਿਰਤਾ ਅਤੇ ਸਕਾਰਾਤਮਕਤਾ ਵੀ ਪ੍ਰਦਾਨ ਕਰਦੇ ਹਨ। ਗ਼ਰਮੀਆਂ ਦੀਆਂ ਛੁੱਟੀਆਂ ਵਿਦਿਆਰਥੀਆਂ ਲਈ ਆਪਣੇ ਆਪ ਨੂੰ ਅੰਦਰੋਂ ਮਜਬੂਤ ਕਰਨ ਦਾ ਸੁਨਹਿਰੀ ਮੌਕਾ ਹਨ। ਸਾਡਾ ਸਕੂਲ ਸ੍ਰੀਮਤੀ ਤਾਰਾ ਦੇਵੀ ਜਿੰਦਲ ਆਰੀਆ ਵਿਦਿਆ ਮੰਦਰ ਦੀ ਪ੍ਰਿੰਸੀਪਲ ਮਨੂ ਪ੍ਰਿਆ ਨੇ ਕਿਹਾ ਕਿ ਇਹ ਹਮੇਸ਼ਾ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਵਚਨਬੱਧ ਰਿਹਾ ਹੈ ਭਾਵੇਂ ਇਹ ਅਕਾਦਮਿਕ ਹੋਵੇ ਜਾਂ ਸਿਹਤ ਨਾਲ ਸਬੰਧਤ। ਮੈਂ ਸਾਰੇ ਮਾਪਿਆਂ ਨੂੰ ਇਸ ਗਰਮੀ ਵਿੱਚ ਬੱਚਿਆਂ ਦੀ ਰੋਜ਼ਾਨਾ ਰੁਟੀਨ, ਖੁਰਾਕ ਤੇ ਨੀਂਦ ਵੱਲ ਵਿਸ਼ੇਸ਼ ਧਿਆਨ ਦੇਣ ਦੀ ਤਾਕੀਦ ਕਰਦਾ ਹਾਂ।

## ਪੰਜਾਬ ਸਰਕਾਰ ਨਸ਼ਿਆਂ ਖ਼ਿਲਾਫ਼ ਜੰਗ ਹਾਰੀ : ਦੌਲਤਪੁਰ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਪੰਜਾਬ ਕਾਂਗਰਸ ਕਿਸਾਨ ਵਿੰਗ ਦੇ ਜਨਰਲ ਸਕੱਤਰ ਤੇ ਹਲਕਾ ਧੂਰੀ ਤੋਂ ਆਗੂ ਹਰਦੀਪ ਸਿੰਘ ਦੌਲਤਪੁਰ ਨੇ ਪੰਜਾਬ ਸਰਕਾਰ 'ਤੇ ਹਮਲਾ ਕਰਦਿਆਂ ਕਿਹਾ ਕਿ ਸੂਬੇ 'ਚ ਨਸ਼ਿਆਂ ਦੀ ਸਮੱਸਿਆ ਰੋਕਣ ਲਈ ਢਿੱਲੀ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਪਹਿਲਾਂ ਹੀ ਨਸ਼ਿਆਂ ਵਿਰੁੱਧ ਅਖੌਤੀ ਜੰਗ ਹਾਰ ਚੁੱਕੀ ਹੈ। ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਤਹਿਤ ਪੰਜਾਬ ਪੁਲਸ ਨੇ ਇਸ ਸਾਲ ਮਾਰਚ ਤੋਂ ਲੈ ਕੇ ਹੁਣ ਤੱਕ 16,492 ਨਸ਼ਾ ਤਸਕਰਾਂ ਨੂੰ ਕਾਬੂ ਕਰਨ ਦਾ ਦਾਅਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਅਸਲ ਵਿੱਚ ਪੁਲਸ ਨੇ ਹਜ਼ਾਰਾਂ ਨਸ਼ਾ ਪੀੜਤਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਪੁਲਸ ਅਸਲ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਨ ਦੀ ਬਜਾਏ ਨਸ਼ੇ ਕਰਨ ਵਾਲਿਆਂ ਨੂੰ ਗ੍ਰਿਫ਼ਤਾਰ ਕਰ ਰਹੀ ਹੈ, ਜਦੋਂ ਕਿ ਸਰਕਾਰ ਨੂੰ ਪੀੜਤਾਂ ਨੂੰ ਨਸ਼ਿਆਂ ਦੇ ਦਲਦਲ ਵਿੱਚੋਂ ਬਾਹਰ ਲਿਆਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਵਧੇਰੇ ਮਾਮਲਿਆਂ ਵਿੱਚ ਮੁਲਜ਼ਮਾਂ ਤੋਂ ਨਸ਼ੀਲੇ ਪਦਾਰਥਾਂ ਦੀ ਕੋਈ ਬਰਾਮਦਗੀ ਨਹੀਂ ਕੀਤੀ ਗਈ, ਬਲਕਿ ਪੁਲਸ ਨੇ ਲਾਈਟਰ, ਐਲੂਮੀਨੀਅਮ ਪੇਪਰ ਤੇ 10 ਰੁਪਏ ਦੇ ਅੱਧੇ ਸੜੇ ਹੋਏ ਨੋਟ ਬਰਾਮਦ ਕੀਤੇ ਹਨ।

ਉਨ੍ਹਾਂ ਕਿਹਾ ਕਿ 'ਆਪ' ਵੱਲੋਂ ਸਰਕਾਰ ਬਣਨ ਤੋਂ ਪਹਿਲਾਂ ਤਿੰਨ ਤੋਂ ਚਾਰ ਮਹੀਨਿਆਂ ਦੇ ਅੰਦਰ ਨਸ਼ੇ ਖਤਮ ਕਰਨ ਦੇ ਦਾਅਵੇ ਕੀਤੇ ਗਏ ਸਨ, ਜਦੋਂ ਕਿ ਅੱਜ ਸੱਤਾ ਵਿੱਚ ਆਏ ਨੂੰ ਤਿੰਨ ਸਾਲਾਂ ਤੋਂ ਵੱਧ ਸਮਾਂ ਬੀਤ ਚੁੱਕਾ ਹੈ। ਹਾਲੇ ਤੱਕ ਨਸ਼ਿਆਂ ਦਾ ਖਾਤਮਾ ਨਹੀਂ ਹੋ ਸਕਿਆ ਹੈ ਤੇ ਨਾ ਹੀ ਨਸ਼ਿਆਂ ਦੀ ਓਵਰਡੋਜ਼ ਨਾਲ ਮੌਤਾਂ ਦੀ ਗਿਣਤੀ ਘਟ ਰਹੀ ਹੈ।

# ਸਰਕਾਰ ਦੇ ਲਾਰਿਆਂ ਤੋਂ ਤੰਗ ਐੱਨ ਐੱਚ ਐੱਮ ਕਰਮਚਾਰੀਆਂ 'ਚ ਭਾਰੀ ਰੋਸ

**ਭਲਕੇ ਲੁਧਿਆਣਾ ਦੇ ਬਜ਼ਾਰਾਂ 'ਚ ਕਰਨਗੇ ਪੋਲ ਖੋਲ੍ਹ ਪ੍ਰਚਾਰ**



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਪੰਜਾਬ ਭਰ ਵਿੱਚ ਸਿਹਤ ਵਿਭਾਗ ਅਧੀਨ ਨੈਸ਼ਨਲ ਹੈਲਥ ਮਿਸ਼ਨ ਤਹਿਤ ਪਿਛਲੇ 18 ਸਾਲਾਂ ਤੋਂ ਬਹੁਤ ਹੀ ਨਿਗੂਣੀਆਂ ਤਨਖਾਹਾਂ ਉੱਤੇ ਕੰਮ ਕਰਦੇ 9200 ਦੇ ਕਰੀਬ ਮੈਡੀਕਲ, ਪੈਰਾ-ਮੈਡੀਕਲ ਤੇ ਦਫਤਰੀ ਸਿਹਤ ਕਾਮੇ ਠੇਕਾ ਪ੍ਰਥਾ ਦਾ ਸ਼ਿਕਾਰ ਹੋ ਰਹੇ ਹਨ, ਪ੍ਰੰਤੂ ਪਿਛਲੇ ਢਾਈ-ਤਿੰਨ ਸਾਲਾਂ ਤੋਂ ਐੱਨ.ਐੱਚ.ਐੱਮ. ਇੰਪਲਾਈਜ਼ ਯੂਨੀਅਨ ਪੰਜਾਬ ਦੀ ਸੂਬਾ ਕਮੇਟੀ ਦੀਆਂ ਪੰਜਾਬ ਸਰਕਾਰ ਨਾਲ ਮੀਟਿੰਗਾਂ ਹੋਈਆਂ, ਜੋ ਸਿਰਫ ਜ਼ੁਬਾਨੀ ਲਾਰੇਬਾਜ਼ੀ ਸਾਬਿਤ ਹੋਈਆਂ। ਸੂਬਾਈ ਆਗੂਆਂ ਨੇ ਪੰਜਾਬ ਸਰਕਾਰ 'ਤੇ ਰੋਸ ਜ਼ਾਹਰ ਕਰਦਿਆਂ ਕਿਹਾ ਕਿ ਲਗਪਗ ਤਿੰਨ ਸਾਲ ਦਾ ਸਮਾਂ ਬੀਤ ਜਾਣ 'ਤੇ ਵੀ ਪੰਜਾਬ ਸਰਕਾਰ ਵੱਲੋਂ ਨੈਸ਼ਨਲ ਹੈਲਥ ਮਿਸ਼ਨ ਦੇ ਕਰਮਚਾਰੀਆਂ ਦੀ ਕੋਈ ਵੀ ਜਾਇਜ਼ ਮੰਗ ਪੂਰੀ ਨਹੀਂ ਕੀਤੀ ਗਈ, ਜਿਸ ਕਰਕੇ ਕਰਮਚਾਰੀਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਯੂਨੀਅਨ ਆਗੂਆਂ ਆਨਲਾਈਨ ਮੀਟਿੰਗ ਤੋਂ ਬਾਅਦ ਪੰਜਾਬ ਦੇ ਸਮੂਹ ਕਰਮਚਾਰੀਆਂ ਨੇ ਸਰਬਸੰਮਤੀ ਨਾਲ ਫੈਸਲਾ ਕੀਤਾ ਕਿ 15 ਜੂਨ ਨੂੰ ਲੁਧਿਆਣਾ ਵੈਸਟ ਵਿਧਾਨ ਸਭਾ ਜ਼ਿਮਨੀ ਚੋਣ ਵਿੱਚ ਪੰਜਾਬ ਸਰਕਾਰ ਦਾ ਵਿਰੋਧ ਕਰਦੇ ਹੋਏ ਪੋਲ ਖੋਲ੍ਹ ਰੈਲੀ ਕਰਕੇ ਪਰਚੇ ਵੰਡੇ ਜਾਣਗੇ। ਵਿਰੋਧ ਪ੍ਰਦਰਸ਼ਨ 'ਤੇ ਰੋਸ ਮਾਰਚ ਕਰਦੇ ਹੋਏ ਲੁਧਿਆਣਾ ਵੈਸਟ ਦੇ ਮੁਹੱਲਿਆਂ ਤੇ ਬਜ਼ਾਰਾਂ ਵਿੱਚ ਪਰਚੇ ਵੰਡ ਕੇ ਪੰਜਾਬ ਸਰਕਾਰ ਦੇ ਝੂਠ ਦੀ ਪੋਲ ਖੋਲ੍ਹੀ ਜਾਵੇਗੀ ਅਤੇ ਨਾਲ ਹੀ ਰੋਸ ਵਜੋਂ ਆਨਲਾਈਨ ਤੇ ਆਫਲਾਈਨ ਕੰਮ-ਕਾਜ ਠੱਪ ਕਰਕੇ ਆਪਣੇ ਆਪਣੇ ਬਲਾਕ ਤੇ ਸਿਵਲ ਸਰਜਨ ਦਫ਼ਤਰ ਦੇ ਬਾਹਰ ਇਕੱਠੇ ਹੋ ਕਿ ਪੰਜਾਬ ਸਰਕਾਰ ਦਾ ਪਿੱਟ ਸਿਆਪਾ ਕਰਨਗੇ। ਇਹ ਜਾਣਕਾਰੀ ਐੱਨ ਐੱਚ ਐੱਮ ਇੰਪਲਾਇਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਡਾ. ਵਾਹਿਦ ਮਾਲੇਰਕੋਟਲਾ ਤੇ ਸੂਬਾ ਜਨਰਲ ਸਕੱਤਰ ਗੁਲਸ਼ਨ ਸ਼ਰਮਾ ਫਰੀਦਕੋਟ ਨੇ ਦਿੱਤੀ। ਇਸ ਮੌਕੇ ਸੀਨੀਅਰ ਆਗੂ ਸੁਖਜੀਤ ਸਿੰਘ ਰੋਪੜ, ਕਿਰਨਜੀਤ ਕੌਰ ਮੁਹਾਲੀ, ਸੰਦੀਪ ਕੌਰ ਬਰਨਾਲਾ ਤੇ ਅਮਰਜੀਤ ਸਿੰਘ ਫ਼ਤਹਿਗੜ੍ਹ ਸਾਹਿਬ ਨੇ ਕਿਹਾ ਕਿ ਸਾਡੇ ਗੁਆਂਢੀ ਸੂਬੇ ਹਰਿਆਣਾ ਵੱਲੋਂ 2017 ਤੋਂ ਨੈਸ਼ਨਲ ਹੈਲਥ ਮਿਸ਼ਨ ਦੇ ਕਰਮਚਾਰੀਆਂ ਨੂੰ ਸਰਵਿਸ ਬਾਏ ਕਾਨੂੰਨ ਬਣਾ ਕੇ ਰੈਗੂਲਰ ਪੇਅ ਸਕੇਲ, ਪੇਅ ਕਮਿਸ਼ਨ, ਡੀ ਏ ਤੇ ਮੈਡੀਕਲ ਰੀਬਰਸਮੈਂਟ ਵਰਗੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਐੱਨ.ਐੱਚ.ਐੱਮ. ਕਰਮਚਾਰੀਆਂ ਦੀਆਂ ਮੁੱਖ ਮੰਗਾਂ ਵਿੱਚ ਰੈਗੂਲਰਾਈਜ਼ੇਸ਼ਨ, ਹਰਿਆਣਾ ਦੀ ਤਰਜ਼ 'ਤੇ ਬਾਏ ਲਾਅਜ਼ ਬਣਾ ਕੇ ਮੌਜੂਦਾ ਤਨਖਾਹਾਂ ਵਿੱਚ ਵਾਧਾ ਕਰਨਾ, ਲਾਇਲਟੀ ਬੋਨਸ, ਲੀਵ ਪਾਲਿਸੀ ਤਹਿਤ ਕਮਾਈ ਛੁੱਟੀ, ਗ੍ਰੈਚੂਟੀ ਆਦਿ ਹਨ। ਇਸ ਮੌਕੇ ਡਾਕਟਰ ਸ਼ਿਵਰਾਜ ਲੁਧਿਆਣਾ, ਰਣਜੀਤ ਕੌਰ ਬਠਿੰਡਾ, ਦਿਨੇਸ਼ ਗਰਗ ਪਟਿਆਲਾ, ਜਸਬੀਰ ਸਿੰਘ ਤਰਨਤਾਰਨ, ਦੀਪਿਕਾ ਸ਼ਰਮਾ ਪਠਾਨਕੋਟ, ਡਾਕਟਰ ਪ੍ਰਭਜੋਤ ਕਪੂਰਥਲਾ, ਅਮਨਦੀਪ ਸਿੰਘ ਨਾਭਾ, ਅਨਿਤਾ ਹੁਸ਼ਿਆਰਪੁਰ ਤੇ ਡਾਕਟਰ ਸੁਮਿਤ ਕਪਾਹੀ ਜਲੰਧਰ, ਅਵਤਾਰ ਸਿੰਘ ਮਾਨਸਾ ਸੂਬਾ ਸਲਾਹਕਾਰ, ਸੁਖਜੀਤ ਸਿੰਘ ਰੋਪੜ, ਗੁਰਪ੍ਰੀਤ ਸਿੰਘ ਭੁੱਲਰ ਮੁਕਤਸਰ ਸਾਹਿਬ, ਡਾਕਟਰ ਸੁਨੀਲ ਤਰਗੋਤਰਾ, ਹਰਪਾਲ ਸਿੰਘ ਸੋਢੀ ਆਦਿ ਆਗੂਆਂ ਨੇ ਸਾਂਝੀ ਅਵਾਜ਼ 'ਚ ਕਿਹਾ ਕਿ ਨੈਸ਼ਨਲ ਹੈਲਥ ਮਿਸ਼ਨ ਅਧੀਨ ਕੰਮ ਕਰਦੇ ਕਰਮਚਾਰੀਆਂ ਦੀਆਂ ਜਾਇਜ਼ ਮੰਗਾਂ ਜਲਦ ਤੋਂ ਜਲਦ ਪੂਰੀਆਂ ਕਰਕੇ ਬਣਦਾ ਮਾਣ ਸਨਮਾਨ ਬਹਾਲ ਕੀਤਾ ਜਾਵੇ। ਇਸ ਮੌਕੇ ਡਾਕਟਰ ਰਾਜ ਨਵਾਂਸ਼ਹਿਰ, ਜਸ਼ਨ ਫ਼ਤਹਿਗੜ੍ਹ ਸਾਹਿਬ, ਹਰਜਿੰਦਰ ਸਿੰਘ ਸੰਗਰੂਰ, ਡਾ. ਕੁਲਵਿੰਦਰ ਸਿੰਘ, ਡਾ. ਜਤਿੰਦਰ ਸਿੰਘ ਤੇ ਹੋਰ ਜ਼ਿਲ੍ਹਿਆਂ ਦੇ ਯੂਨੀਅਨ ਆਗੂ ਮੌਜੂਦ ਸਨ।

## ਸਰਕਾਰ ਜ਼ਮੀਨਾਂ ਐਕਵਾਇਰ ਕਰਨ ਦਾ ਫੈਸਲਾ ਵਾਪਸ ਲਵੇ : ਏਕਤਾ ਡਕੌਂਦਾ

**ਮਾਨਸਾ (ਆਤਮਾ ਸਿੰਘ ਪਮਾਰ)**-ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ (ਧਨੇਰ) ਜ਼ਿਲ੍ਹਾ ਇਕਾਈ ਮਾਨਸਾ ਦੇ ਆਗੂਆਂ ਲਖਵੀਰ ਸਿੰਘ ਅਕਲੀਆ, ਤਾਰਾ ਚੰਦ ਬਰੇਟਾ, ਬਲਕਾਰ ਸਿੰਘ ਚਹਿਲ, ਸੱਤਪਾਲ ਵਰ੍ਹੇ ਤੇ ਹਰਬੰਸ ਪਾਂਧੀ ਟਾਂਡੀਆ ਨੇ ਪ੍ਰੈੱਸ ਦੇ ਨਾਂਅ ਬਿਆਨ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਦੀ ਸਰਕਾਰ ਮੋਦੀ ਸਰਕਾਰ ਦੀਆਂ ਨੀਤੀਆਂ 'ਤੇ ਚੱਲ ਕੇ ਪਹਿਲਾਂ 60 ਸਾਲਾਂ ਦੇ ਕਰੀਬ ਅਬਾਦਕਾਰ ਕਿਸਾਨਾਂ ਤੋਂ ਉਨ੍ਹਾਂ ਦੇ ਨਾਮ 'ਤੇ ਗਿਰਦਾਵਰੀ ਤੋੜ ਕੇ ਜ਼ਮੀਨਾਂ ਤੋਂ ਬਾਹਰ ਕਰਨ ਦੀ ਕੋਝੀ ਚਾਲ ਚੱਲ ਰਹੀ ਹੈ, ਪਰ ਹੁਣ ਉਸ ਤੋਂ ਵੀ ਅਗਾਂਹ ਲੰਘਦਿਆਂ ਸ਼ਹਿਰਾਂ/ਕਸਬਿਆਂ ਦੇ ਨੇੜੇ ਦੇ ਪਿੰਡਾਂ ਦੀ ਮਾਲਕਾਂ ਦੀ ਬਗੈਰ ਕਿਸੇ ਸਹਿਮਤੀ ਦੇ ਅਰਬਨ ਅਸਟੇਟ ਦੇ ਨਾਮ 'ਤੇ ਜ਼ਮੀਨਾਂ ਖੋਹ ਕੇ ਕਲੌਨੀਆਂ ਕੱਟਣ ਦੀਆਂ ਤਿਆਰੀਆਂ ਕਰ ਰਹੀ ਹੈ, ਜਿਸ ਨਾਲ ਲੋਕਾਂ ਦੀ ਹਜ਼ਾਰਾਂ ਏਕੜ ਜ਼ਮੀਨ ਸਰਮਾਏਦਾਰੀ ਕੋਲ ਚਲੀ ਜਾਵੇਗੀ, ਜਿਸ ਨੂੰ ਕਦਾਚਿਤ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਤਕੜੇ ਸੰਘਰਸ਼ਾਂ ਦੀ ਤਿਆਰੀ ਕੀਤੀ ਜਾ ਰਹੀ ਹੈ, ਕਿਉਂਕਿ ਜ਼ਮੀਨ ਸਾਡੀ ਮਾਂ ਹੈ, ਜਿਸ ਉੱਤੇ ਪੀੜ੍ਹੀ ਦਰ ਪੀੜ੍ਹੀ ਕਿਸਾਨੀ ਗੁਜ਼ਾਰਾ ਕਰ ਰਹੀ ਹੈ। ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਇਸ ਨੀਤੀ ਨੂੰ ਤੁਰੰਤ ਵਾਪਸ ਲਿਆ ਜਵੇ। ਅਜਿਹਾ ਨਾ ਹੋਣ ਦੀ ਸੂਰਤ ਵਿੱਚ ਕਿਸਾਨ ਜਥੇਬੰਦੀਆਂ ਤਿੱਖੇ ਸੰਘਰਸ਼ ਕਰਨ ਲਈ ਮਜਬੂਰ ਹੋਣਗੀਆਂ।

## ਲੂ ਤੋਂ ਬਚਾਅ ਲਈ ਜਨਤਾ ਨੂੰ ਸਾਵਧਾਨ ਰਹਿਣ ਦੀ ਅਪੀਲ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਜ਼ਿਲ੍ਹੇ ਵਿੱਚ ਲਗਾਤਾਰ ਵਧ ਰਹੇ ਤਾਪਮਾਨ ਤੇ ਲੂ ਦੀ ਤੀਬਰਤਾ ਨੂੰ ਦੇਖਦਿਆਂ ਪਟਿਆਲਾ ਦੇ ਵਧੀਕ ਡਿਪਟੀ ਕਮਿਸ਼ਨਰ (ਜ) ਇਸ਼ਾ ਸਿੰਗਲ ਨੇ ਲੋਕਾਂ ਨੂੰ ਅਗਾਹ ਕਰਦੇ ਹੋਏ ਕਿਹਾ ਕਿ ਹੀਟ ਵੇਵ ਦੇ ਬਚਾਅ ਲਈ ਜਾਗਰੂਕਤਾ ਤੇ ਸਾਵਧਾਨੀ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਗ਼ਰਮੀ ਦੇ ਮੌਸਮ ਦੌਰਾਨ ਲਗਾਤਾਰ ਦਿਨ ਦਾ ਤਾਪਮਾਨ ਵਧਣ ਦੇ ਅਸਾਰ ਹਨ। ਇਸ ਲਈ ਲੋਕਾਂ ਨੂੰ ਆਪਣੀ ਸਿਹਤ ਦੀ ਰੱਖਿਆ ਲਈ ਖਾਸ ਤੌਰ 'ਤੇ ਸੁਚੇਤ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਗ਼ਰਮੀ ਤੋਂ ਬਚਣ ਲਈ ਤਰਲ ਪਦਾਰਥਾਂ ਜਿਵੇਂ ਲੱਸੀ, ਨਿੰਬੂ ਪਾਣੀ, ਗੁਲੂਕੋਜ਼ ਵਾਲੇ ਪਦਾਰਥ ਆਦਿ ਦਾ ਸੇਵਨ ਕਰਨਾ ਚਾਹੀਦਾ ਹੈ। ਉਨ੍ਹਾਂ ਇਹ ਵੀ ਅਪੀਲ ਕੀਤੀ ਕਿ ਜੇਕਰ ਘਰੋਂ ਬਾਹਰ ਰਹਿਣਾ ਜਰੂਰੀ ਹੋਵੇ ਤਾਂ ਉਹ ਸ਼ੈਲਟਰ ਸੇਵਾਵਾਂ ਦੀ ਵਰਤੋਂ ਜਰੂਰ ਕਰਨ। ਜ਼ਿਲ੍ਹਾ ਐਪੀਡੋਮੋਲੋਜਿਸਟ ਡਾ. ਸੁਮੀਤ ਸਿੰਘ ਨੇ ਦੱਸਿਆ ਕਿ ਲੂ ਲੱਗਣ ਕਾਰਨ ਸਰੀਰ ਵਿਚੋਂ ਪਾਣੀ ਦੀ ਕਮੀ ਹੋ ਜਾਂਦੀ ਹੈ ਅਤੇ ਅੰਦਰੂਨੀ ਤਾਪਮਾਨ ਵਧ ਜਾਂਦਾ ਹੈ, ਜਿਸ ਕਰਕੇ ਵਿਅਕਤੀ ਥੋੜ੍ਹਾ ਜਿਹਾ ਕੰਮ ਕਰਨ 'ਤੇ ਜ਼ਿਆਦਾ ਥਕਾਨ ਮਹਿਸੂਸ ਕਰਦਾ ਹੈ।

## ਵਿਸ਼ਵ ਖ਼ੂਨਦਾਨ ਦਿਵਸ ਨੂੰ ਸਮਰਪਤ ਲਾਇਆ ਖ਼ੂਨਦਾਨ ਕੈਂਪ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਜਾਗਦੇ ਰਹੋ ਯੂਥ ਕਲੱਬ ਪਿੰਡ ਬਿਸ਼ਨਗੜ੍ਹ ਸੰਬੰਧਤ ਨਹਿਰੂ ਯੁਵਾ ਕੇਂਦਰ ਪਟਿਆਲਾ (ਭਾਰਤ ਸਰਕਾਰ) ਨੇ ਵਿਸ਼ਵ ਖ਼ੂਨਦਾਨ ਦਿਵਸ ਨੂੰ ਸਮਰਪਤ ਕਪਿੱਸਥਲ ਚੈਰੀਟੇਬਲ ਬਲੱਡ ਸੈਂਟਰ ਲੀਲਾ ਭਵਨ ਵਿਖੇ ਖ਼ੂਨਦਾਨ ਕੈਂਪ ਲਾਇਆ ਗਿਆ, ਜਿਸ ਦਾ ਰਸਮੀ ਉਦਘਾਟਨ ਦੀਦਾਰ ਸਿੰਘ ਬੋਸਰ ਨੇ ਖ਼ੂਨਦਾਨ ਕਰਕੇ ਕੀਤਾ। ਖ਼ੂਨਦਾਨ ਕੈਂਪ ਵਿੱਚ ਦੀਦਾਰ ਸਿੰਘ ਬੋਸਰ, ਕੁਲਵਿੰਦਰ ਸਿੰਘ, ਲਖਵੀਰ ਸਿੰਘ, ਹਰਕ੍ਰਿਸ਼ਨ ਸਿੰਘ ਸੁਰਜੀਤ ਤੇ ਅੰਗਰੇਜ਼ ਸਿੰਘ ਸਮੇਤ 15 ਖ਼ੂਨਦਾਨੀਆਂ ਨੇ ਖ਼ੂਨਦਾਨ ਕੀਤਾ। ਦੀਦਾਰ ਸਿੰਘ ਭੰਗੂ ਬੋਸਰ ਨੇ ਕਿਹਾ ਕਿ ਲੋੜਵੰਦ ਮਰੀਜ਼ਾਂ ਦੀ ਖ਼ੂਨਦਾਨ ਕੈਂਪ ਲਾ ਕੇ ਮੱਦਦ ਕਰਨਾ ਬਹੁਤ ਵੱਡੀ ਸੇਵਾ ਹੈ, ਜਿੱਥੇ ਵੀ ਐਮਰਜੈਂਸੀ ਮਰੀਜ਼ਾਂ ਤੇ ਲੋੜਵੰਦ ਮਰੀਜ਼ਾਂ ਨੂੰ ਖ਼ੂਨ ਦੀ ਲੋੜ ਪੈਂਦੀ ਹੈ।

## ਬਾਬਾ ਫਰੀਦ 'ਵਰਸਿਟੀ ਵੱਲੋਂ 1000 ਮੈਡੀਕਲ ਅਫਸਰਾਂ ਦੀ ਭਰਤੀ ਲਈ ਨਤੀਜੇ ਜਾਰੀ, 3700 ਤੋਂ ਵੱਧ ਉਮੀਦਵਾਰ ਪਾਸ

**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਬਾਬਾ ਫਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼ (ਬੀ ਐੱਫ ਯੂ ਐੱਚ ਐੱਸ) ਫਰੀਦਕੋਟ ਵੱਲੋਂ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਹੇਠ 1000 ਮੈਡੀਕਲ ਅਫਸਰ (ਜਨਰਲ) ਦੀ ਭਰਤੀ ਲਈ ਲਿਖਤੀ ਪ੍ਰੀਖਿਆ ਦੇ ਨਤੀਜੇ ਜਾਰੀ ਕਰ ਦਿੱਤੇ ਗਏ ਹਨ।

ਇਹ ਭਰਤੀ ਮੁਹਿੰਮ 22 ਅਪ੍ਰੈਲ 2025 ਨੂੰ ਜਾਰੀ ਸਰਕਾਰੀ ਮੈਮੋ ਦੇ ਅਧਾਰ 'ਤੇ ਸ਼ੁਰੂ ਕੀਤੀ ਗਈ ਸੀ। ਯੂਨੀਵਰਸਿਟੀ ਨੇ ਆਨਲਾਈਨ ਅਰਜ਼ੀਆਂ 25 ਅਪ੍ਰੈਲ ਤੋਂ 15 ਮਈ 2025 ਤੱਕ ਮੰਗੀਆਂ ਸਨ। ਡਾਇਰੈਕਟਰ ਹੈਲਥ ਸਰਵਿਸਿਜ਼ ਪੰਜਾਬ ਦੇ ਨਿਰਦੇਸ਼ਾਂ ਅਨੁਸਾਰ ਆਖਰੀ ਮਿਤੀ ਨੂੰ ਵਧਾ ਕੇ 22 ਮਈ 2025 ਕਰ ਦਿੱਤਾ ਗਿਆ ਸੀ ਤੇ ਇਸ ਸੰਬੰਧੀ ਜਾਣਕਾਰੀ ਅਖ਼ਬਾਰਾਂ ਤੇ ਵੈੱਬਸਾਈਟ ਰਾਹੀਂ ਜਨਤਕ ਕੀਤੀ ਗਈ ਸੀ। ਲਿਖਤੀ ਪ੍ਰੀਖਿਆ 3 ਜੂਨ 2025 ਨੂੰ ਸਵੇਰੇ 11 ਵਜੇ ਤੋਂ ਦੁਪਹਿਰ 1 ਵਜੇ ਤੱਕ ਪੰਜਾਬ ਦੇ 16 ਕੇਂਦਰਾਂ 'ਤੇ ਹੋਈ, ਜਿਵੇਂ ਕਿ ਅੰਮ੍ਰਿਤਸਰ, ਲੁਧਿਆਣਾ, ਜਲੰਧਰ, ਮੋਹਾਲੀ, ਸੰਗਰੂਰ ਤੇ ਫਰੀਦਕੋਟ। ਪ੍ਰੀਖਿਆ ਨੂੰ ਪੂਰੀ ਤਰ੍ਹਾਂ ਪਾਰਦਰਸ਼ੀ ਤੇ ਸੁਚੱਜੇ ਢੰਗ ਨਾਲ ਕਰਵਾਇਆ ਗਿਆ। ਕੁੱਲ 4349 ਉਮੀਦਵਾਰਾਂ ਨੇ ਫੀਸ ਜਮ੍ਹਾਂ ਕਰਵਾਈ, ਜਿਨ੍ਹਾਂ ਵਿੱਚੋਂ ਲਗਭਗ 3802 ਉਮੀਦਵਾਰ ਪ੍ਰੀਖਿਆ ਵਿੱਚ ਹਾਜ਼ਰ ਹੋਏ, ਜਦਕਿ 547 ਗੈਰ-ਹਾਜ਼ਰ ਰਹੇ। ਪੰਜਾਬ ਸਿਹਤ ਵਿਭਾਗ ਵੱਲੋਂ ਨਿਰਧਾਰਤ ਮਾਪਦੰਡਾਂ ਅਨੁਸਾਰ, 33% ਜਾਂ ਇਸ ਤੋਂ ਵੱਧ ਅੰਕ ਹਾਸਲ ਕਰਨ ਵਾਲੇ ਉਮੀਦਵਾਰ ਪਾਸ ਐਲਾਨੇ ਗਏ। ਕੁੱਲ 3754 ਉਮੀਦਵਾਰ ਪ੍ਰੀਖਿਆ ਵਿੱਚ ਕਾਮਯਾਬ ਰਹੇ।

ਪਾਰਦਰਸ਼ਿਤਾ ਨੂੰ ਬਣਾਏ ਰੱਖਣ ਲਈ ਯੂਨੀਵਰਸਿਟੀ ਨੇ ਪ੍ਰੀਖਿਆ ਤੋਂ ਬਾਅਦ ਉੱਤਰ ਕੁੰਜੀ ਵੈੱਬਸਾਈਟ 'ਤੇ ਅਪਲੋਡ ਕਰਕੇ ਉਮੀਦਵਾਰਾਂ ਤੋਂ ਇਤਰਾਜ਼ (ਜੇ ਕੋਈ ਹੋਣ) ਮੰਗੇ। ਸਾਰੇ ਸੰਭਾਵੀ ਇਤਰਾਜ਼ਾਂ ਦੀ ਜਾਂਚ ਕਰਨ ਉਪਰੰਤ 12 ਜੂਨ 2025 ਨੂੰ ਅੰਤਿਮ ਨਤੀਜਾ ਜਾਰੀ ਕੀਤਾ ਗਿਆ, ਜੋ ਹੁਣ ਯੂਨੀਵਰਸਿਟੀ ਦੀ ਵੈੱਬਸਾਈਟ 'ਤੇ ਉਪਲਬਧ ਹੈ। ਇਹ ਭਰਤੀ ਮੁਹਿੰਮ ਪੰਜਾਬ ਵਿੱਚ ਸਰਵਜਨਕ ਸਿਹਤ ਸੰਰਚਨਾ ਨੂੰ ਮਜ਼ਬੂਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ।

## ਪੀ ਜੀ ਆਈ ਦੇ ਕਾਰਡੀਓਲੋਜਿਸਟ ਵੱਲੋਂ ਸੀ ਟੀ ਓ ਇੰਟਰਵੈਨਸ਼ਨ 'ਤੇ ਪੁਸਤਕ ਰਿਲੀਜ਼



**ਸਮਰਾਲਾ (ਸੁਰਜੀਤ ਸਿੰਘ)**

ਹਾਲ ਹੀ ਵਿੱਚ ਲਖਨਊ ਵਿਖੇ ਹੋਏ ਇੰਡੋ-ਜਪਾਨੀ ਸੀ.ਟੀ.ਓ. ਕਲੱਬ ਮੀਟਿੰਗ ਦੌਰਾਨ ਪੀ.ਜੀ.ਆਈ. ਦੇ ਕਾਰਡੀਓਲੋਜੀ ਵਿਭਾਗ ਤੋਂ ਪ੍ਰੋ. ਹਿਮਾਂਸ਼ੂ ਗੁਪਤਾ ਦਵਾਰਾ ਸੀ.ਟੀ.ਓ. ਇੰਟਰਵੈਨਸ਼ਨ 'ਤੇ ਲਿਖੀ ਕਿਤਾਬ ਰਿਲੀਜ਼ ਕੀਤੀ ਗਈ।

ਇਹ ਕਿਤਾਬ ਡਾ. ਸਰਥ ਰੈੱਡੀ (ਮੈਡੀਕੋਵਰ ਹਸਪਤਾਲ, ਹੈਦਰਾਬਾਦ) ਨਾਲ ਮਿਲ ਕੇ ਸਾਂਝੇ ਤੌਰ 'ਤੇ ਲਿਖੀ ਗਈ ਹੈ।

ਇਸ ਕਿਤਾਬ ਦਾ ਉਦਘਾਟਨ ਉੱਤਰ ਪ੍ਰਦੇਸ਼ ਦੇ ਉੱਪ-ਮੁੱਖ ਮੰਤਰੀ ਡਾ. ਬ੍ਰਜੇਸ਼ ਪਾਠਕ ਵੱਲੋਂ ਕੀਤਾ ਗਿਆ, ਜੋ ਕਿ ਭਾਰਤ ਤੇ ਜਪਾਨ ਤੋਂ ਆਏ ਪ੍ਰਮੁੱਖ ਕਾਰਡੀਓਲੋਜਿਸਟਾਂ ਦੀ ਹਾਜ਼ਰੀ ਵਿੱਚ ਹੋਇਆ। ਇਹ ਕਿਤਾਬ ਉਨ੍ਹਾਂ ਵੱਖ-ਵੱਖ ਤਰੀਕਿਆਂ ਦੀ ਵਿਸਥਾਰ ਨਾਲ ਚਰਚਾ ਕਰਦੀ ਹੈ, ਜੋ ਲੰਮੇ ਸਮੇਂ ਤੱਕ ਬੰਦ ਰਹੇ ਕੋਰੋਨਰੀ ਧਮਨੀਆਂ ਨੂੰ ਖੋਲ੍ਹਣ ਲਈ ਵਰਤੇ ਜਾਂਦੇ ਹਨ। ਇਨ੍ਹਾਂ ਵਿੱਚ ਐਂਟੀਗ੍ਰੇਡ ਐਪਰੋਚ, ਰੀਟਰੋਗ੍ਰੇਡ ਐਪਰੋਚ ਤੇ ਡਿਸੈਕਸ਼ਨ ਰੀ-ਐਂਟਰੀ ਤਕਨੀਕਾਂ ਸ਼ਾਮਲ ਹਨ। ਜਿਵੇਂ ਕਿ ਸੀ.ਟੀ.ਓ. ਨੂੰ ਖੋਲ੍ਹਣਾ ਦਿਲ ਦੀਆਂ ਸਭ ਤੋਂ ਚੁਣੌਤੀਪੂਰਨ ਕਾਰਵਾਈਆਂ ਵਿੱਚੋਂ ਇੱਕ ਮੰਨੀ ਜਾਂਦੀ ਹੈ, ਜਿਸ ਲਈ ਵਿਸ਼ੇਸ਼ ਹੁਨਰ ਤੇ ਉਪਕਰਨਾਂ ਦੀ ਲੋੜ ਹੁੰਦੀ ਹੈ। ਕੇਸ ਅਧਾਰਤ ਢੰਗ ਨਾਲ ਤਕਨੀਕਾਂ ਦੀ ਵਿਆਖਿਆ ਕਰਨ ਵਾਲੀ ਕਿਤਾਬ ਕਾਰਡੀਓਲੋਜੀ ਭਾਈਚਾਰੇ ਲਈ ਬੇਹੱਦ ਲਾਭਕਾਰੀ ਸਾਬਿਤ ਹੋਵੇਗੀ।

## ਅੰਗਰੇਜ਼ ਰਾਜ ਦੇ ਜ਼ੁਲਮਾਂ ਨੂੰ ਯਾਦ ਕਰਉਂਦੈ ਵਿਦਿਆਰਥੀਆਂ 'ਤੇ ਕੀਤਾ ਲਾਠੀਚਾਰਜ : ਕੇਹਰਵਾਲਾ

**ਆਮ ਪਰਵਾਰਾਂ ਤੋਂ ਆਉਣ ਵਾਲੇ ਵਿਦਿਆਰਥੀਆਂ ਲਈ ਸਕਾਲਰਸ਼ਿਪ ਬਹੁਤ ਮਹੱਤਵਪੂਰਨ**



**ਸਿਰਸਾ (ਸੁਰਿੰਦਰ ਪਾਲ ਸਿੰਘ)**-ਹਿਸਾਰ ਦੀ ਚੌਧਰੀ ਚਰਨ ਸਿੰਘ ਖੇਤੀ ਯੂਨੀਵਰਸਿਟੀ ਦੇ ਸੁਰੱਖਿਆ ਗਾਰਡਾਂ ਵੱਲੋਂ ਵਿਦਿਆਰਥੀਆਂ 'ਤੇ ਕੀਤੇ ਗਏ ਲਾਠੀਚਾਰਜ ਦੀ ਘਟਨਾ 'ਤੇ ਹਲਕਾ ਕਾਲਾਂਵਾਲੀ ਦੇ ਐੱਮ ਐੱਲ ਏ ਸ਼ੀਸ਼ਪਾਲ ਕੇਹਰਵਾਲਾ ਨੇ ਕਿਹਾ ਕਿ ਭਾਜਪਾ ਸਰਕਾਰ ਵੱਲੋਂ ਹੱਕ ਮੰਗਦੇ ਨਿਹੱਥੇ ਵਿਦਿਆਰਥੀਆਂ 'ਤੇ ਕੀਤਾ ਲਾਠੀਚਾਰਜ ਅੰਗਰੇਜ਼ ਰਾਜ ਦੇ ਜ਼ੁਲਮਾਂ ਨੂੰ ਯਾਦ ਕਰਉਂਦਾ ਹੈ। ਉਨ੍ਹਾਂ ਦੀ ਪਾਰਟੀ ਇਸ ਜ਼ੁਲਮ ਦੀ ਸਖਤ ਨਿੰਦਾ ਕਰਦੀ ਹੈ। ਕੇਹਰਵਾਲਾ ਦਾ ਕਹਿਣਾ ਸੀ ਕਿ ਐੱਮ ਐੱਸ ਸੀ ਤੇ ਪੀ ਐੱਚ ਡੀ ਸਕਾਲਰਸ਼ਿਪ ਵਿੱਚ ਕਟੌਤੀ ਖਿਲਾਫ ਸ਼ਾਂਤੀਪੂਰਵਕ ਵਿਰੋਧ ਕਰ ਰਹੇ ਵਿਦਿਆਰਥੀਆਂ 'ਤੇ ਕੀਤਾ ਲਾਠੀਚਾਰਜ ਇੱਕ ਨਿੰਦਣਯੋਗ ਕਦਮ ਹੈ। ਉਨ੍ਹਾਂ ਕਿਹਾ ਕਿ ਲਾਠੀਚਾਰਜ ਕਾਰਨ ਵਿਦਿਆਰਥਣਾਂ ਸਮੇਤ ਕਈ ਵਿਦਿਆਰਥੀਆਂ ਨੂੰ ਗੰਭੀਰ ਸੱਟਾਂ ਲੱਗੀਆਂ ਹਨ। ਕੁਝ ਵਿਦਿਆਰਥੀਆਂ ਦੀ ਹਾਲਤ ਨਾਜ਼ੁਕ ਹੈ। ਉਨ੍ਹਾਂ ਕਿਹਾ ਕਿ ਆਮ ਪਰਵਾਰਾਂ ਤੋਂ ਆਉਣ ਵਾਲੇ ਵਿਦਿਆਰਥੀਆਂ ਲਈ ਸਕਾਲਰਸ਼ਿਪ ਬਹੁਤ ਮਹੱਤਵਪੂਰਨ ਹੈ, ਕਿਉਂਕਿ ਵਿਦਿਆਰਥੀਆਂ ਨੂੰ ਰਿਹਾਇਸ਼, ਭੋਜਨ, ਖੋਜ ਸਮੱਗਰੀ ਤੇ ਆਵਾਜਾਈ ਦੀ ਸਖ਼ਤ ਜ਼ਰੂਰਤ ਹੈ। ਵਿਦਿਆਰਥੀ ਮੰਗਾਂ ਦਾ ਸਮਰਥਨ ਕਰਦੇ ਹੋਏ ਕਾਲਾਂਵਾਲੀ ਦੇ ਵਿਧਾਇਕ ਸ਼ੀਸ਼ਪਾਲ ਕੇਹਰਵਾਲਾ ਨੇ ਕਿਹਾ ਕਿ ਲਾਠੀਚਾਰਜ ਲਈ ਜ਼ਿੰਮੇਵਾਰ ਮੁੱਖ ਸੁਰੱਖਿਆ ਅਧਿਕਾਰੀ ਸਮੇਤ ਸਾਰੇ ਸੁਰੱਖਿਆ ਕਰਮਚਾਰੀਆਂ ਨੂੰ ਤੁਰੰਤ ਬਰਖਾਸਤ ਕਰਕੇ ਪੂਰੇ ਮਾਮਲੇ ਦੀ ਨਿਰਪੱਖ ਤੇ ਪਾਰਦਰਸ਼ੀ ਢੰਗ ਨਾਲ ਜਾਂਚ ਕੀਤੀ ਜਾਣੀ ਚਾਹੀਦੀ ਹੈ। ਸਕਾਲਰਸ਼ਿਪ ਵਿੱਚ ਕਟੌਤੀ ਕਰਨ ਲਈ ਸੋਧ ਨੂੰ ਤੁਰੰਤ ਵਾਪਸ ਲਿਆ ਜਾਣਾ ਚਾਹੀਦਾ ਹੈ ਤੇ ਪੋਸਟ ਗ੍ਰੈਜੂਏਟ ਵਿਦਿਆਰਥੀਆਂ ਲਈ ਅਸਲ ਸਕਾਲਰਸ਼ਿਪ ਢਾਂਚਾ ਬਹਾਲ ਕੀਤਾ ਜਾਣਾ ਚਾਹੀਦਾ ਹੈ। ਕੇਹਰਵਾਲਾ ਨੇ ਕਿਹਾ ਕਿ ਜੇਕਰ ਵਿਦਿਆਰਥੀਆਂ 'ਤੇ ਹੋਏ ਹਮਲੇ ਲਈ ਮੁਆਫ਼ੀ ਨਹੀਂ ਮੰਗੀ ਜਾਂਦੀ ਤੇ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਨਹੀਂ ਕੀਤੀ ਜਾਂਦੀ ਤਾਂ ਕਾਂਗਰਸ ਦਾ ਵਿਦਿਆਰਥੀ ਸੰਗਠਨ ਇਸ ਤਾਨਾਸ਼ਾਹੀ ਵਿਰੁੱਧ ਰਾਜ ਪੱਧਰੀ ਜਨ ਅੰਦੋਲਨ ਸ਼ੁਰੂ ਕਰੇਗਾ।

# ਡਾ. ਅੰਬੇਡਕਰ ਟਰੱਸਟ ਵੱਲੋਂ ਜਹਾਜ਼ ਹਾਦਸੇ ਦੇ ਮ੍ਰਿਤਕਾਂ ਨੂੰ ਸ਼ਰਧਾਂਜਲੀਆਂ ਭੇਟ

**ਜਹਾਜ਼ ਹਾਦਸੇ ਦੀ ਵੱਡੇ ਪੱਧਰ 'ਤੇ ਨਿਰਪੱਖ ਜਾਂਚ ਹੋਵੇ : ਬਰਜੋਤ**



**ਸਿਰਸਾ (ਸੁਰਿੰਦਰ ਪਾਲ ਸਿੰਘ)**-ਪਿਛਲੇ ਦਿਨੀਂ ਅਹਿਮਦਾਬਾਦ ਵਿੱਚ ਹੋਏ ਦਿਲ ਦਹਿਲਾ ਦੇਣ ਵਾਲੇ ਜਹਾਜ਼ ਹਾਦਸੇ ਨੇ ਪੂਰੇ ਦੇਸ਼ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਇਸ ਸਬੰਧ ਵਿੱਚ ਡਾ. ਭੀਮ ਰਾਓ ਅੰਬੇਡਕਰ ਟਰੱਸਟ ਡੱਬਵਾਲੀ ਤੇ ਯੂਥ ਟਰੱਸਟ ਵੱਲੋਂ ਵਾਲਮੀਕਿ ਧਰਮਸ਼ਾਲਾ ਵਿਖੇ ਇੱਕ ਸਾਂਝੀ ਮੀਟਿੰਗ ਵਿੱਚ ਅਹਿਮਦਾਬਾਦ ਜਹਾਜ਼ ਹਾਦਸੇ ਵਿੱਚ ਜਾਨਾਂ ਗੁਆਉਣ ਵਾਲੇ ਸਾਰੇ ਲੋਕਾਂ ਨੂੰ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਟਰੱਸਟ ਦੇ ਸਰਪ੍ਰਸਤ ਤੇ ਸਿੱਖਿਆ ਸ਼ਾਸਤਰੀ ਸੁਰਜੀਤ ਸਿੰਘ ਬਰਜੋਤ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਇਸ ਦਰਦਨਾਕ ਘਟਨਾ ਨੇ ਪੂਰੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਇਸ ਭਿਆਨਕ ਹਾਦਸੇ ਵਿੱਚ 229 ਯਾਤਰੀ, 12 ਚਾਲਕ ਦਲ ਦੇ ਮੈਂਬਰ ਤੇ ਹੋਰ ਬਹੁਤ ਸਾਰੇ ਲੋਕਾਂ ਦੀ ਅਚਾਨਕ ਅਤੇ ਦੁਖਦਾਈ ਮੌਤ ਹੋ ਗਈ। ਉਨ੍ਹਾਂ ਕਿਹਾ ਕਿ ਇਸ ਜਹਾਜ਼ ਹਾਦਸੇ ਦੀ ਵੱਡੇ ਪੱਧਰ 'ਤੇ ਨਿਰਪੱਖ ਜਾਂਚ ਹੋਵੇ। ਸੁਰਜੀਤ ਸਿੰਘ ਬਰਜੋਤ ਕਿਹਾ ਕਿ ਇਹ ਜਾਣਨਾ ਬਹੁਤ ਜ਼ਰੂਰੀ ਹੈ ਕਿ ਗਲਤੀ ਕਿੱਥੇ ਹੋਈ ਤਾਂ ਜੋ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਦੁਹਰਾਉਣ ਤੋਂ ਰੋਕਿਆ ਜਾ ਸਕੇ। ਇਸ ਮੌਕੇ ਡਾ. ਭੀਮ ਰਾਓ ਅੰਬੇਡਕਰ ਟਰੱਸਟ ਦੇ ਪ੍ਰਧਾਨ ਰਵਿੰਦਰ ਬਬਲੂ, ਯੂਥ ਟਰੱਸਟ ਦੇ ਪ੍ਰਧਾਨ ਭਰਤ ਨਾਹਰ, ਰਾਕੇਸ਼ ਬੱਬਰ, ਓਮ ਪ੍ਰਕਾਸ਼ ਧਾਰੀਵਾਲ, ਸੁਖਮੰਦਰ ਸਿੰਘ, ਵੇਦ ਪ੍ਰਕਾਸ਼, ਕੌਂਸਲਰ ਭਾਰਤੀ, ਦਰਵੇਸ਼ ਟੇਲਰ ਸ਼ੋਕ ਸਭਾ ਵਿੱਚ ਮੌਜੂਦ ਸਨ।

## ਚੋਰੀ ਦੇ ਮੋਟਰਸਾਈਕਲ ਸਮੇਤ 2 ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਚੋਰੀ ਦੇ 1 ਮੋਟਰਸਾਈਕਲ ਸਮੇਤ 2 ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਹੌਲਦਾਰ ਦਵਿੰਦਰ ਪਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਮੁਲਤਾਨੀ ਗੇਟ ਚੌਕ ਪੁੱਜੀ ਤਾਂ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਸੰਜੂ ਉਰਫ ਲਾਲੀ ਪੁੱਤਰ ਕ੍ਰਿਸ਼ਨ ਵਾਸੀ ਗਲੀ ਊਸ਼ਾ ਮਾਡਲ ਸਕੂਲ ਵਾਲੀ, ਬਸਤੀ ਆਵਾ ਫਿਰੋਜ਼ਪੁਰ ਸ਼ਹਿਰ ਤੇ ਸਤਨਾਮ ਸਿੰਘ ਉਰਫ ਸੱਤਾ ਸੋਨਾ ਪੁੱਤਰ ਅਮਰੀਕ ਸਿੰਘ ਉਰਫ ਕਾਕੂ ਵਾਸੀ ਇੱਛੇਵਾਲਾ ਵਹੀਕਲ ਚੋਰੀ ਕਰਕੇ ਅੱਗੇ ਵੇਚਣ ਦੇ ਆਦੀ ਹਨ। ਪੁਲਸ ਨੇ ਦੱਸਿਆ ਕਿ ਉਕਤ ਜਗ੍ਹਾ 'ਤੇ ਛਾਪੇਮਾਰੀ ਕਰਕੇ ਉਕਤ ਦੋਸ਼ੀਆਨ ਸੰਜੂ ਉਰਫ ਲਾਲੀ ਅਤੇ ਸਤਨਾਮ ਸਿੰਘ ਉਰਫ ਸੱਤਾ ਸੋਨਾ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਚੋਰੀ ਦਾ ਇੱਕ ਮੋਟਰਸਾਈਕਲ ਬਰਾਮਦ ਕੀਤਾ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਜ਼ਮੀਨ ਗ੍ਰਹਿਣ ਵਾਲੇ ਮਸਲੇ ਨੂੰ ਦ੍ਰਿੜ੍ਹਤਾ ਤੇ ਸ਼ਿੱਦਤ ਨਾਲ ਲੜਾਂਗੇ : ਸੰਯੁਕਤ ਕਿਸਾਨ ਮੋਰਚਾ



**ਮਾਨਸਾ (ਆਤਮਾ ਸਿੰਘ ਪਮਾਰ)**-ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਇਕਾਈ ਮਾਨਸਾ ਦੀ ਮੀਟਿੰਗ ਮਹਿੰਦਰ ਸਿੰਘ ਭੈਣੀਬਾਘਾ, ਪ੍ਰਸ਼ੋਤਮ ਸਿੰਘ ਗਿੱਲ, ਅਮਰੀਕ ਸਿੰਘ ਫਫੜੇ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਉਪਰੰਤ ਮੋਰਚੇ ਦੇ ਸੂਬਾਈ ਆਗੂ ਰੁਲਦੂ ਸਿੰਘ ਮਾਨਸਾ, ਕੁਲਦੀਪ ਸਿੰਘ ਚੱਕ ਭਾਈਕੇ, ਨਿਰਮਲ ਸਿੰਘ ਝੰਡੂਕੇ, ਭਜਨ ਸਿੰਘ ਘੁੰਮਣ ਤੇ ਨਰਿੰਦਰ ਕੌਰ ਬੁਰਜ ਹਮੀਰਾ ਨੇ ਕਿਹਾ ਕਿ 'ਡਬਲਿਊ.ਟੀ.ਓ ਦੀਆਂ ਨੀਤੀਆਂ ਦੇ ਚੱਲਦਿਆਂ ਕੇਂਦਰ ਸਰਕਾਰ ਪੂਰੇ ਭਾਰਤ ਅੰਦਰ ਅੱਧਿਓਂ ਜ਼ਿਆਦਾ ਫੈਸਲੇ ਦੇਸ ਦੇ ਹਿੱਤ 'ਚ ਕਰਨ ਦੀ ਬਜਾਏ ਵਿਦੇਸ਼ੀ ਕਾਰਪੋਰੇਟਾਂ ਦੇ ਇਸ਼ਾਰਿਆਂ ਤਹਿਤ ਹੋ ਰਹੇ ਹਨ, ਉਸੇ ਨੀਤੀ ਨੂੰ ਪੰਜਾਬ ਸਰਕਾਰ ਰਾਹੀਂ ਪੰਜਾਬ 'ਚ ਬਿਨਾਂ ਆਮ ਲੋਕਾਂ ਦੀ ਰਾਇ ਲਏ ਹੀ ਟੇਢੇ ਢੰਗ ਨਾਲ ਲਾਗੂ ਕੀਤਾ ਜਾ ਰਿਹਾ। ਦੇਸ ਭਰ ਵਿੱਚ ਅੰਤਰਰਾਸਟਰੀ ਸਾਂਝ ਵਧਾਉਂਦਿਆਂ 'ਭਾਰਤ ਮਾਲਾ ਪ੍ਰੋਜੈਕਟ' ਦਾ ਐਲਾਨ ਕੀਤਾ ਗਿਆ। ਆਗੂਆਂ ਨੇ ਕਿਹਾ ਕਿ ਜਿੱਥੇ 'ਅਰਬਨ ਅਸਟੇਟ' ਬਣਾਉਣ ਦੇ ਨਾਂਅ ਹੇਠ ਸਾਰੇ ਪੰਜਾਬ ਦੀ ਉਪਜਾਊ ਜ਼ਮੀਨ ਕੌਡੀਆਂ ਦੇ ਐਕੁਆਇਰ ਕਰਨ ਲਈ ਹਥਕੰਡੇ ਵਰਤੇ ਜਾ ਰਹੇ ਹਨ, ਉਥੇ ਪਿੰਡ ਠੂਠਿਆਂਵਾਲੀ ਨੂੰ ਵੀ ਇਸੇ ਸਕੀਮ ਦੇ ਦਾਇਰੇ 'ਚ ਲਿਆਂਦਾ ਗਿਆ ਹੈ, ਜਿਉਂ ਹੀ ਇਹ ਖਬਰ ਨਸਰ ਹੋਈ ਤਾਂ ਇਸ ਖਿਲਾਫ ਜਨਤਕ ਲਾਮਬੰਦੀ ਸੁਰੂ ਹੋਣੀ ਸੁਰੂ ਹੋ ਗਈ। ਸੰਯੁਕਤ ਕਿਸਾਨ ਮੋਰਚੇ ਦੇ ਆਗੂ ਗੁਰਜੰਟ ਸਿੰਘ ਮਾਨਸਾ, ਪਰਮਜੀਤ ਸਿੰਘ ਗਾਗੋਵਾਲ, ਮੇਜਰ ਸਿੰਘ ਦੂਲੋਵਾਲ, ਅਵੀ ਮੌੜ, ਰਘੁਬੀਰ ਸਿੰਘ ਸ਼ੇਰ ਖਾਂ, ਦਰਸਨ ਸਿੰਘ ਤਾਲ ਵਾਲਾ, ਕਾਕਾ ਸਿੰਘ ਠੂਠਿਆਂਵਾਲੀ ਨੇ ਕਿਹਾ ਕਿ 15 ਜੂਨ ਨੂੰ ਪਿੰਡ ਠੂਠਿਆਂਵਾਲੀ ਵਿਖੇ ਵੱਡਾ ਜਨਤਕ ਇਕੱਠ ਕੀਤਾ ਜਾ ਰਿਹਾ ਤਾਂ ਜੁ ਜਨਤਕ ਭਾਗੀਦਾਰੀ ਨਾਲ 'ਜ਼ਮੀਨ ਗ੍ਰਹਿਣ' ਮਸਲੇ ਨੂੰ ਜਿੱਤਣ ਤੱਕ ਲੰਬਾ ਲੜਾਈ ਲੜੀ ਜਾ ਸਕੇ।

## ਖੇਡ ਡਾਇਰੈਕਟਰ ਜਨਰਲ ਵੱਲੋਂ ਨੇਤਾਜੀ ਸੁਭਾਸ਼ ਨੈਸ਼ਨਲ ਇੰਸਟੀਚਿਊਟ ਆਫ ਸਪੋਰਟਸ ਦਾ ਦੌਰਾ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਭਾਰਤ ਸਰਕਾਰ ਦੇ ਸਕੱਤਰ (ਖੇਡਾਂ) ਤੇ ਸਪੋਰਟਸ ਅਥਾਰਟੀ ਆਫ ਇੰਡੀਆ ਦੇ ਡਾਇਰੈਕਟਰ ਜਨਰਲ ਸ੍ਰੀ ਹਰੀ ਰੰਜਨ ਰਾਓ ਨੇ ਨੇਤਾਜੀ ਸੁਭਾਸ਼ ਨੈਸ਼ਨਲ ਇੰਸਟੀਚਿਊਟ ਆਫ ਸਪੋਰਟਸ ਪਟਿਆਲਾ ਦਾ ਦੋ ਦਿਨਾਂ ਦੌਰਾ ਕੀਤਾ। ਉਨ੍ਹਾਂ ਨਾਲ ਸ੍ਰੀ ਵਿਸ਼ਨੂੰ ਕਾਂਤ ਤਿਵਾੜੀ, ਸਕੱਤਰ ਤੇ ਕਰਨਲ ਐੱਨ. ਐੱਸ. ਜੌਹਲ ਵਿਸ਼ੇਸ਼ ਮਹਿਮਾਨਾਂ ਵਜੋਂ ਮੌਜੂਦ ਸਨ। ਇਹ ਦੌਰਾ ਸੰਸਥਾ ਦੇ ਬੁਨਿਆਦੀ ਢਾਂਚੇ, ਚੱਲ ਰਹੀਆਂ ਗਤੀਵਿਧੀਆਂ ਤੇ ਭਵਿੱਖ ਦੇ ਵਿਕਾਸ ਲਈ ਰਣਨੀਤਕ ਯੋਜਨਾਵਾਂ ਦੀ ਸਮੀਖਿਆ ਕਰਨ ਲਈ ਇੱਕ ਮਹੱਤਵਪੂਰਨ ਕਦਮ ਸੀ। ਸ੍ਰੀ ਵਿਨੀਤ ਕੁਮਾਰ, ਸੀਨੀਅਰ ਕਾਰਜਕਾਰੀ ਨਿਰਦੇਸ਼ਕ ਤੇ ਡਿਪਟੀ ਡਾਇਰੈਕਟਰ ਜਨਰਲ ਪਟਿਆਲਾ ਨੇ ਸੰਸਥਾ ਵੱਲੋਂ ਸ੍ਰੀ ਰਾਓ ਦਾ ਨਿੱਘਾ ਸਵਾਗਤ ਕੀਤਾ। ਉਨ੍ਹਾਂ ਸੰਸਥਾ ਦੀਆਂ ਮੁੱਖ ਗਤੀਵਿਧੀਆਂ ਦਾ ਇੱਕ ਵਿਆਪਕ ਸੰਖੇਪ ਜਾਣਕਾਰੀ ਪੇਸ਼ ਕੀਤੀ, ਜਿਸ ਵਿੱਚ ਐਥਲੀਟ ਸਿਖਲਾਈ, ਕੋਚ ਸਿੱਖਿਆ, ਖੇਡ ਵਿਗਿਆਨ ਪਹਿਲਕਦਮੀਆਂ ਤੇ ਪ੍ਰਤਿਭਾ ਵਿਕਾਸ ਪ੍ਰੋਗਰਾਮ ਸ਼ਾਮਲ ਹਨ। ਉਨ੍ਹਾਂ ਭਾਰਤ ਦੇ ਖੇਡ ਵਾਤਾਵਰਣ ਵਿੱਚ ਸੰਸਥਾ ਦੀ ਭੂਮਿਕਾ ਨੂੰ ਹੋਰ ਉੱਚਾ ਚੁੱਕਣ ਦੇ ਉਦੇਸ਼ ਨਾਲ ਭਵਿੱਖ ਦੇ ਬੁਨਿਆਦੀ ਢਾਂਚੇ ਦੇ ਵਾਧੇ ਤੇ ਅਕਾਦਮਿਕ ਤਰੱਕੀ ਲਈ ਰੋਡਮੈਪ ਦੀ ਰੂਪ ਰੇਖਾ ਵੀ ਦਿੱਤੀ। ਦੌਰੇ ਦੌਰਾਨ ਸ੍ਰੀ ਰਾਓ ਨੇ ਕੈਂਪਸ ਦੀਆਂ ਸਹੂਲਤਾਂ ਦਾ ਵਿਸਤ੍ਰਿਤ ਨਿਰੀਖਣ ਕੀਤਾ, ਜਿਸ ਵਿੱਚ ਸਿਖਲਾਈ ਸਥਾਨ, ਹੋਸਟਲ, ਕਲਾਸਰੂਮ ਤੇ ਖੇਡ ਵਿਗਿਆਨ ਪ੍ਰਯੋਗਸ਼ਾਲਾਵਾਂ ਸ਼ਾਮਲ ਹਨ। ਉਨ੍ਹਾਂ ਬੁਨਿਆਦੀ ਢਾਂਚੇ ਦੀ ਗੁਣਵੱਤਾ ਤੇ ਪੈਮਾਨੇ ਦੀ ਸ਼ਲਾਘਾ ਕੀਤੀ ਅਤੇ ਵਿਸ਼ਵ ਪੱਧਰੀ ਮਿਆਰਾਂ ਨੂੰ ਪੂਰਾ ਕਰਨ ਲਈ ਤਿਆਰ ਕੀਤੇ ਗਏ ਚੱਲ ਰਹੇ ਅਤੇ ਪ੍ਰਸਤਾਵਿਤ ਅਪਗ੍ਰੇਡਾਂ ਦਾ ਧਿਆਨ ਰੱਖਿਆ। ਬੁਨਿਆਦੀ ਢਾਂਚੇ ਦੀ ਸਮੀਖਿਆ ਤੋਂ ਇਲਾਵਾ, ਸ੍ਰੀ ਰਾਓ ਨੇ ਫੈਕਲਟੀ ਮੈਂਬਰਾਂ, ਪ੍ਰਸਾਸਕੀ ਸਟਾਫ ਤੇ ਹੋਰ ਕਰਮਚਾਰੀਆਂ ਨਾਲ ਅਰਥਪੂਰਨ ਗੱਲਬਾਤ ਕੀਤੀ। ਉਨ੍ਹਾਂ ਨੇ ਭਾਰਤ ਵਿੱਚ ਉੱਚ-ਪ੍ਰਦਰਸ਼ਨ ਵਾਲੀਆਂ ਖੇਡਾਂ ਦਾ ਸਮਰਥਨ ਕਰਨ ਵਿੱਚ ਉਨ੍ਹਾਂ ਦੇ ਸਮਰਪਤ ਯਤਨਾਂ ਨੂੰ ਸਵੀਕਾਰ ਕੀਤਾ ਤੇ ਨਵੀਨਤਾ, ਪੇਸ਼ੇਵਰਤਾ ਤੇ ਖਿਡਾਰੀ-ਕੇਂਦ੍ਰਿਤ ਵਿਕਾਸ 'ਤੇ ਨਿਰੰਤਰ ਧਿਆਨ ਕੇਂਦਰਿਤ ਕਰਨ ਨੂੰ ਉਤਸ਼ਾਹਤ ਕੀਤਾ। ਆਪਣੇ ਭਾਸ਼ਣਾਂ ਵਿੱਚ ਸ੍ਰੀ ਰਾਓ ਨੇ ਇੱਕ ਮਜ਼ਬੂਤ ਖੇਡ ਵਾਤਾਵਰਣ ਪ੍ਰਣਾਲੀ ਬਣਾਉਣ ਲਈ ਭਾਰਤ ਸਰਕਾਰ ਦੀ ਵਚਨਬੱਧਤਾ ਦੀ ਪੁਸ਼ਟੀ ਕੀਤੀ ਤੇ ਭਾਰਤੀ ਖੇਡਾਂ ਦੇ ਭਵਿੱਖ ਨੂੰ ਆਕਾਰ ਦੇਣ ਵਿੱਚ ਐੱਨ ਆਈ ਐੱਸ ਪਟਿਆਲਾ ਦੀ ਮਹੱਤਵਪੂਰਨ ਭੂਮਿਕਾ ਦੀ ਪ੍ਰਸੰਸਾ ਕੀਤੀ।

## ਡਾ. ਜਗਤਾਰ ਵਿਸ਼ੇਸ਼ ਅੰਕ ਲਈ ਖੋਜ-ਪੱਤਰਾਂ ਦੀ ਮੰਗ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੰਜਾਬੀ ਸਾਹਿਤ, ਸੱਭਿਆਚਾਰ ਤੇ ਕਲਾ ਦੇ ਪ੍ਰਚਾਰ-ਪਾਸਾਰ ਦੇ ਉਦੇਸ਼ ਹਿੱਤ ਭਾਸ਼ਾ ਵਿਭਾਗ, ਪੰਜਾਬ ਵੱਲੋਂ ਸਮੇਂ-ਸਮੇਂ 'ਤੇ ਪੰਜਾਬੀ, ਹਿੰਦੀ ਤੇ ਉਰਦੂ ਭਾਸ਼ਾਵਾਂ ਵਿੱਚ ਰਸਾਲੇ ਪ੍ਰਕਾਸ਼ਤ ਕੀਤੇ ਜਾਂਦੇ ਹਨ। ਇਸ ਸੰਬੰਧੀ ਜ਼ਿਲ੍ਹਾ ਭਾਸ਼ਾ ਅਫ਼ਸਰ ਫ਼ਿਰੋਜ਼ਪੁਰ ਡਾ. ਜਗਦੀਪ ਸਿੰਘ ਸੰਧੂ ਨੇ ਦੱਸਿਆ ਕਿ ਵਿਭਾਗ ਵੱਲੋਂ ਪ੍ਰਕਾਸ਼ਤ ਕੀਤੇ ਜਾਂਦੇ ਰਸਾਲੇ 'ਪੰਜਾਬੀ ਦੁਨੀਆ' ਰਸਾਲੇ ਦੇ 'ਡਾ. ਜਗਤਾਰ' ਦਾ ਵਿਸ਼ੇਸ਼ ਅੰਕ ਪ੍ਰਕਾਸ਼ਤ ਕੀਤਾ ਜਾਣਾ ਹੈ। ਉਨ੍ਹਾਂ ਸਮੂਹ ਸਾਹਿਤਕਾਰਾਂ/ਲੇਖਕਾਂ ਨੂੰ ਅਪੀਲ ਕੀਤੀ ਕਿ ਇਸ ਰਸਾਲੇ ਨੂੰ ਪ੍ਰਕਾਸ਼ਤ ਕੀਤੇ ਜਾਣ ਵਿੱਚ ਆਪਣੀ ਭਾਗੀਦਾਰੀ ਬਣਾਉਣ ਲਈ 'ਪੰਜਾਬੀ ਦੁਨੀਆ' ਰਸਾਲੇ ਲਈ ਖੋਜ ਪੱਤਰ ਭੇਜੇ ਜਾਣ। ਖੋਜ ਪੱਤਰ ਭੇਜਣ ਸਮੇਂ ਲੇਖਕ ਵੱਲੋਂ ਮੌਲਿਕ ਤੇ ਅਣ-ਪ੍ਰਕਾਸ਼ਤ ਰਚਨਾ ਹੋਣ ਸੰਬੰਧੀ ਤਸਦੀਕ ਕਰਵਾਉਣ ਦੇ ਨਾਲ-ਨਾਲ ਆਪਣਾ ਪੂਰਾ ਪਤਾ ਸਮੇਤ ਫੋਨ ਨੰਬਰ ਵੀ ਦਰਜ ਕੀਤਾ ਗਿਆ ਹੋਵੇ। ਇਸ ਸੰਬੰਧੀ ਹੋਰ ਕਿਸੇ ਕਿਸਮ ਦੀ ਜਾਣਕਾਰੀ ਲਈ ਰਸਾਲੇ ਦੇ ਸੰਪਾਦਕ ਦੇ ਫੋਨ ਨੰ. 98159-15902 'ਤੇ ਦਫਤਰੀ ਸਮੇਂ ਦੌਰਾਨ ਸੰਪਰਕ ਕੀਤਾ ਜਾ ਸਕਦਾ ਹੈ।


**ਉੱਤਰ ਰੇਲਵੇ**

**ਈ-ਨਿਵਿਦਾ ਸੂਚਨਾ**

ਸੀਨੀਅਰ ਮੰਡਲ ਇੰਜੀਨੀਅਰ-ਫਸਟ ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਨਿਵਿਦਾਵਾਂ, ਅੰਤਮ ਮਿਤੀ 03.07.2025 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੋਲ ਦੇ ਵਿੱਚ ਮਿਤੀ ਅਤੇ ਸਮਾਂ ਤਕ ਪੇਸ਼ ਕਰ ਸਕਦੇ ਹਨ। ਮੈਨੂਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹੋਣਗੇ ਅਤੇ ਜੇਕਰ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕਦਾਰ ਟੈਂਡਰ ਫਾਰਮ ਦੀ ਬਿਆਨਾ ਰਾਸ਼ੀ ਦੀ ਜਗ੍ਹਾ ਦਾ ਭੁਗਤਾਨ www.ireps.gov.in ਪੋਰਟਲ 'ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ ਕਰੈਡਿਟ ਕਾਰਡ ਆਦਿ ਦੇ ਭੁਗਤਾਨ ਨਾਲ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਪੈਕੇਟ ਪ੍ਰਣਾਲੀ |
|---|---|---|
| ਖੁੱਲਾ | ਕੰਮ | ਏਕਲ ਬੋਲੀ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਨਿਵਿਦਾ ਸਮਾਪਨ ਦੀ ਮਿਤੀ ਅਤੇ ਸਮਾਂ |
| 10.06.2025 | 19.06.2025 | 03.07.2025 15:00 ਵਜੇ |

| ਲ. ਨੰ. | ਨਿਵਿਦਾ ਨੰ. ਮਿਤੀ | ਨਿਵਿਦਾ ਦਾ ਵੇਰਵਾ |
|---|---|---|
| 1 | 35-2025 -26- Sr DEN-1- FZR | ਸੀਨੀਅਰ ਸਹਾਇਕ ਮੰਡਲ ਇੰਜੀਨੀਅਰ-ਲੁਧਿਆਣਾ ਅਤੇ ਸਹਾਇਕ ਮੰਡਲ ਇੰਜੀਨੀਅਰ-ਜਲੰਧਰ ਕੈਂਟ ਦੇ ਤਹਿਤ ਫਗਵਾੜਾ ਜੰਕਸ਼ਨ, ਗੋਰਾਯਾ, ਜਲੰਧਰ ਕੈਂਟ ਅਤੇ ਲੁਧਿਆਣਾ ਯਾਰਡ ਵਿਚ 38 ਨਗ ਯਾਨਿ (16 ਟਰਨਆਉਟ ਵਿਚ 4 ਨਗ 60 ਕਿਗ੍ਰਾ 1), (12 ਟਰਨਆਉਟ ਵਿਚ ਨਗ 60 ਕਿਗ੍ਰਾ 1), (8.5 ਟਰਨਆਉਟ ਵਿਚ 25 ਨਗ 60 ਕਿਗ੍ਰਾ 1) ਅਤੇ 8 ਨਗ ਡਾਯਮੰਡ ਲੇਵਲ ਕ੍ਰਾਸਿੰਗ "ਟੀਟੀਆਰ (ਐਫਐਸ ਸੀਐਸ ਸੀਐਮਐਸਸੀ) - 56 ਸੇਟ, ਸੀਐਸ ਸੀਐਮਐਸਸੀ - 8 ਸੇਟ, ਐਫਐਸ ਟੀਡਬਲਯੂਐਸ ਡਬਲਯੂਸੀਐਮਐਸਸੀ - 44 ਸੇਟ, ਡਬਲਯੂਸੀਐਮਐਸਸੀ - 4 ਸੇਟ, ਡੀਐਸ - 2 ਸੇਟ ਅਤੇ ਟੀਡਬਲਯੂਐਸ ਡਬਲਯੂਸੀਐਮਐਸਸੀ - ਪੀਐਸਸੀ ਸਲੀਪਰਾਂ ਤੇ 4 ਸੇਟ" ਦੇ ਨਾਲ ਪ੍ਰਤੀਸਥਾਪਨ ਦਾ ਕੰਮ। |

| ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
|---|---|---|---|
| 4,39,18,233.39/- | 3,69,600.00/- | 60 ਦਿਨ | 12 ਮਹੀਨੇ |

ਸਮਾਨ ਨੇਚਰ ਦਾ ਕੰਮ: ਸੀਟੀਆਰ/ਟੀਆਰਆਰ/ਟੀਐਫਆਰ/ਟੀਟੀਆਰ ਜਿਸ ਵਿਚ ਟ੍ਰੈਕ ਨੂੰ ਉਪਰ ਚੁਕਣਾ, ਸਕ੍ਰੀਨਿੰਗ, ਟ੍ਰੈਕ ਨੂੰ ਡਿਸਟ੍ਰੇਸ ਕਰਨਾ, ਟ੍ਰੈਸ ਰਖਰਖਾਅ ਮਸ਼ੀਨ ਜਿਵੇਂ ਟੈਂਪਿੰਗ ਮਸ਼ੀਨ/ਬੈਲਾਸਟ ਸਕ੍ਰੀਨਿੰਗ/ਰੇਗੂਲੇਟਿੰਗ ਮਸ਼ੀਨ ਅਤੇ ਟੀਟੀਆਰ ਦੇ ਲਈ ਪੂਰਵ ਅਤੇ ਬਾਅਦ ਦੇ ਕੰਮ ਮਿਲ ਹਨ, ਟੀ-28 ਦੁਆਰਾ।

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜੀ ਵਰਜਨ ਹੀ ਮਾਨਯ ਹੋਣਗੇ।

ਨਿਵਿਦਾ ਸੂਚਨਾ ਪੱਤਰ ਨੰ.:- 35-2025-26- SrDEN-1-FZR ਤਾਰੀਕ: 12.06.2025

1756/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

14 Jun Page-8.qxd 6/13/2025 9:24 PM Page 1



# ਡਾ. ਅੰਬੇਡਕਰ ਦਾ ਸਟੈਚੂ ਜਰਮਨ ਦੇ ਸ਼ਹਿਰ ਫਰੈਂਕਫੋਰਟ ਵਿਖੇ ਲਗਾਇਆ



**ਫਗਵਾੜਾ (ਜਸਵਿੰਦਰ ਢੱਡਾ)**- ਬੀ ਆਰ ਅੰਬੇਡਕਰ ਮਿਸ਼ਨ ਸੁਸਾਇਟੀ ਜਰਮਨ ਵਲੋਂ ਭਾਰਤੀ ਸੰਵਿਧਾਨ ਦੇ ਨਿਰਮਾਤਾ, ਬੋਧੀ ਸੱਤਵ, ਦਲਿਤਾਂ, ਮਜ਼ਦੂਰਾਂ, ਕਿਸਾਨਾਂ ਅਤੇ ਔਰਤ ਜਾਤੀ ਲਈ ਸੰਘਰਸ਼ ਕਰਨ ਵਾਲੇ ਮਹਾਂਮਾਨਵ ਭੀਮ ਰਾਓ ਅੰਬੇਡਕਰ ਦਾ ਸਟੈਚੂ ਜਰਮਨ ਦੇ ਸ਼ਹਿਰ ਫਰੈਂਕਫੋਰਟ ਵਿਖੇ ਲਗਾਇਆ ਗਿਆ। ਇਸ ਦੀ ਜਾਣਕਾਰੀ ਡਾ. ਅਮਨਦੀਪ ਕੌਰ ਕਲਸੀ ਜਨਰਲ ਸਕੱਤਰ ਡਾ. ਬੀ ਆਰ ਅੰਬੇਡਕਰ ਮਿਸ਼ਨ ਸੁਸਾਇਟੀ ਵਲੋਂ ਦਿੱਤੀ ਗਈ। ਇਸ ਪ੍ਰੋਗਰਾਮ ਵਿੱਚ ਹੋਰਨਾਂ ਤੋਂ ਇਲਾਵਾ ਮਾਸਟਰ ਸਾਧੂ ਰਾਮ ਜੱਖੂ, ਮਨਮੋਹਨ ਫਰੈਂਕਫੋਰਟ ਪਾਰਲੀਮੈਂਟ, ਰਾਹੁਲ ਕੁਮਾਰ ਡਾ. ਬੀ ਆਰ ਅੰਬੇਡਕਰ ਸਭਾ ਯੂਰੋਪ ਬੀ ਐਸ ਪੀ ਯੂਥ ਐਨ ਆਰ ਆਈ, ਜਰਮਨੀ ਬਾਲਮੀਕਿ ਸਭਾ, ਜਰਮਨ ਇੰਡੀਆ ਕੌਂਸਲੇਟ ਮਾਸਟਰ ਸਾਧੂ ਰਾਮ ਇੰਡੀਆ ਤੋਂ, ਸੋਹਣ ਲਾਲ ਸਾਂਪਲਾ ਫੈਮਿਲੀ। ਸ੍ਰੀ ਗੁਰੂ ਰਵਿਦਾਸ ਸਭਾ ਫਰੈਂਕਫੋਰਟ ਸਰਤਾਜ ਜੱਖੂ ਫੈਮਿਲੀ, ਜੀਤਾ ਸ਼ੀਂਹਮਾਰ ਫੈਮਿਲੀ, ਬੱਬਾ ਸਿੰਘ ਗਿੱਲ ਫੈਮਿਲੀ, ਡਾ. ਅਮਨਦੀਪ, ਕੇਵਲ ਸਿੰਘ, ਬਾਬਾ ਜੀ ਗੁਰੂਘਰ ਸ਼ਿੰਦਾ ਮੱਲ, ਕਸ਼ਮੀਰ, ਗੁਰਮੀਤ ਚੁੰਬਰ , ਮੰਗਾ, ਕਿਸ਼ਨ, ਕਾਹਮਾ, ਬਿੱਲਾ, ਮਦਨ ਲਾਲ, ਏਕਤਾ ਅੰਬੇਡਕਰ, ਊਸ਼ਾ ਰਾਣੀ ਚੁੰਬਰ ਤੇ ਭਾਰਤੀ ਲੋਕਾਂ ਤੋਂ ਇਲਾਵਾ ਸਕੂਲ ਦੇ ਬੱਚੇ ਵੀ ਸ਼ਾਮਲ ਹੋਏ।

# ਔਰਤਾਂ ਦੀ ਸੁਰੱਖਿਆ ਨੂੰ ਮੁਕੰਮਲ ਤੌਰ 'ਤੇ ਯਕੀਨੀ ਬਣਾਏਗਾ ਪ੍ਰੋਜੈਕਟ ਹਿਫਾਜਤ

**ਨਵਾਂਸ਼ਹਿਰ (ਮਨੋਜ ਲਾਡੀ)**- ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਪ੍ਰੋਗਰਾਮ ਅਫਸਰ ਜਗਰੂਪ ਸਿੰਘ ਦੀ ਪ੍ਰਧਾਨਗੀ ਹੇਠ ਪ੍ਰੋਜੈਕਟ ਹਿਫਾਜਤ ਅਧੀਨ ਔਰਤਾਂ ਦੀ ਸੁਰੱਖਿਆ ਲਈ ਹੋਰ ਪੁਖਤਾ ਇੰਤਜਾਮ ਕਰਨ ਦੀ ਲੋੜ 'ਤੇ ਜੋਰ ਦਿੱਤਾ ਗਿਆ। ਜ਼ਿਲ੍ਹਾ ਪ੍ਰੋਗਰਾਮ ਅਫਸਰ ਨੇ ਵੱਖ-ਵੱਖ ਬਲਾਕਾਂ ਤੋਂ ਹਾਜਰ ਹੋਈਆਂ ਆਂਗਣਵਾੜੀ ਸੁਪਰਵਾਈਜਰਾਂ ਨੂੰ ਪ੍ਰੋਜੈਕਟ ਹਿਫਾਜਤ ਸਬੰਧੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹ ਪ੍ਰੋਜੈਕਟ ਔਰਤਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਰਕਾਰ ਵੱਲੋਂ ਉਠਾਇਆ ਗਿਆ ਇੱਕ ਠੋਸ ਕਦਮ ਹੈ ਜਿਸ ਵਿੱਚ ਵੱਖ-ਵੱਖ ਵਿਭਾਗ ਪੁਲਸ, ਇਸਤਰੀ ਤੇ ਬਾਲ ਵਿਕਾਸ, ਸਿਹਤ ਦੇ ਨਾਲ-ਨਾਲ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦਾ ਵੀ ਮਹੱਤਵਪੂਰਨ ਰੋਲ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਸਰਕਾਰ ਵੱਲੋਂ ਵਿਸਥਾਰਤ ਹਦਾਇਤਾਂ ਵੀ ਜਾਰੀ ਕੀਤੀਆਂ ਗਈਆਂ ਹਨ ਜਿਸ ਵਿੱਚ ਹਰ ਵਿਭਾਗ ਦੀ ਭੂਮਿਕਾ ਬਾਰੇ ਦਸਿਆ ਗਿਆ ਹੈ। ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਕੰਚਨ ਅਰੋੜਾ ਨੇ ਦੱਸਿਆ ਕਿ ਪ੍ਰੋਜੈਕਟ ਹਿਫਾਜਤ ਦਾ ਮੁੱਖ ਮੰਤਵ ਕਿਸੇ ਵੀ ਤਰ੍ਹਾਂ ਦੀ ਹਿੰਸਾ (ਜਿਵੇਂ ਕਿ ਮਾਨਸਿਕ ਹਿੰਸਾ, ਸਰੀਰਕ ਹਿੰਸਾ, ਜਿਨਸੀ ਹਿੰਸਾ ਜਾਂ ਵਿੱਤੀ ਹਿੰਸਾ) ਦੀ ਸ਼ਿਕਾਰ ਔਰਤ ਨੂੰ ਹਰ ਪੱਖੋਂ ਸੁਰੱਖਿਆ ਪ੍ਰਦਾਨ ਕਰਨਾ ਹੈ। ਉਨ੍ਹਾਂ ਕਿਹਾ ਕਿ ਪ੍ਰੋਜੈਕਟ ਹਿਫਾਜਤ ਤਹਿਤ ਔਰਤ ਨੂੰ ਸ਼ੈਲਟਰ ਪ੍ਰਦਾਨ ਕਰਨਾ, ਮੈਡੀਕਲ ਸਹੂਲਤ ਪ੍ਰਦਾਨ ਕਰਨਾ, ਕਾਉਂਸਲਿੰਗ ਸਹੂਲਤ ਪ੍ਰਦਾਨ ਕਰਨਾ ਜਾਂ ਫਿਰ ਲੋੜ ਅਨੁਸਾਰ ਪੁਲਸ ਵਿਭਾਗ ਦੇ ਸਹਿਯੋਗ ਨਾਲ ਐਫ ਆਈ ਆਰ ਦਰਜ ਕਰਵਾਉਣਾ ਆਦਿ ਸਹੂਲਤਾਂ ਸ਼ਾਮਿਲ ਹਨ। ਉਨ੍ਹਾ ਦੱਸਿਆ ਕਿ ਪ੍ਰੋਜੈਕਟ ਦੀਆਂ ਹਦਾਇਤਾਂ ਅਨੁਸਾਰ ਕਿਸੇ ਵੀ ਕੇਸ ਦੇ ਪ੍ਰਾਪਤ ਹੋਣ ਤੇ ਸੰਬੰਧਤ ਸੀਡੀਪੀਓ, ਜੋ ਕਿ ਪ੍ਰੋਜੈਕਟ ਹਿਫਾਜਤ ਅਧੀਨ ਬਤੌਰ ਪ੍ਰੋਟੈਕਸਨ ਅਫਸਰ ਨਾਮਜਦ ਕੀਤੇ ਗਏ ਹਨ, ਵੱਲੋਂ ਆਪਣੇ ਸਰਕਲ ਪ੍ਰੋਟੈਕਸ਼ਨ ਅਫਸਰ (ਸੁਪਰਵਾਈਜਰ) ਸਮੇਤ ਪੁਲਸ ਮਹਿਲਾ ਮਿੱਤਰ, ਪੀੜ੍ਹਤਾ ਦੇ ਘਰ ਵਿਜਿਟ ਕੀਤਾ ਜਾਵੇਗਾ ਅਤੇ ਲੋੜ ਅਨੁਸਾਰ ਉਸ ਔਰਤ ਨੂੰ ਸਹੂਲਤ ਮੁਹੱਈਆ ਕਰਵਾਉਣ ਲਈ ਕਾਰਵਾਈ ਕੀਤੀ ਜਾਵੇਗੀ। ਜਿਕਰਯੋਗ ਹੈ ਕਿ ਪ੍ਰੋਜੈਕਟ ਅਧੀਨ ਡੀਲ ਕੀਤੇ ਗਏ ਕੇਸਾਂ ਸਬੰਧੀ ਮਹੀਨਾ ਵਾਰ ਰਿਪੋਰਟ ਨੋਡਲ ਅਫਸਰ ਜ਼ਿਲ੍ਹਾ ਪ੍ਰੋਗਰਾਮ ਅਫਸਰ ਨੂੰ ਪੇਸ਼ ਕੀਤੀ ਜਾਵੇਗੀ। ਮੌਕੇ 'ਤੇ ਪੁਲਸ ਵਿਭਾਗ ਵੱਲੋਂ ਡੀ.ਐਸ.ਪੀ. (ਡੀ) ਨਿਰਮਲ ਸਿੰਘ ਵੱਲੋਂ ਪੂਰਾ ਵਿਸ਼ਵਾਸ ਦਿਵਾਇਆ ਗਿਆ ਕਿ ਇਸ ਪ੍ਰੋਜੈਕਟ ਦੀ ਕਾਰਗੁਜਾਰੀ ਵਿੱਚ ਅਤੇ ਕਿਸੇ ਵੀ ਤਰ੍ਹਾਂ ਦੀ ਹਿੰਸਾ ਨਾਲ ਪੀੜਿਤ ਔਰਤਾਂ ਅਤੇ ਬੱਚਿਆਂ ਦੇ ਕੇਸ ਨੂੰ ਡੀਲ ਕਰਦੇ ਸਮੇਂ ਉਸਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਪੁਲਸ ਵਿਭਾਗ ਵੱਲੋਂ ਪੂਰਨ ਸਹਿਯੋਗ ਜਰੂਰ ਦਿੱਤਾ ਜਾਵੇਗਾ। ਇਸ ਦੇ ਨਾਲ ਹੀ ਉਹਨਾਂ ਵੱਲੋਂ ਵੂਮੈਨ ਹੈਲਪਲਾਈਨ 181 ਅਤੇ ਪੁਲਸ ਵਿਭਾਗ ਅਧੀਨ ਐਮਰਜੰਸੀ ਨੰਬਰ 112 ਬਾਰੇ ਜਾਣੂ ਕਰਵਾਇਆ ਗਿਆ ਤਾਂ ਜੋ ਕਿਸੇ ਵੀ ਸਮੇਂ ਐਮਰਜੈਂਸੀ ਹੋਣ 'ਤੇ ਕੋਈ ਵੀ ਵਿਅਕਤੀ ਇਸ ਨੰਬਰ 'ਤੇ ਕਾਲ ਕਰਕੇ ਆਪਣੇ ਨਾਲ ਵਾਪਰੀ ਕਿਸੇ ਵੀ ਘਟਨਾ ਬਾਰੇ ਸੂਚਨਾ ਦੇ ਸਕਦਾ ਹੈ ਅਤੇ ਪੁਲਸ ਦੀ ਮਦਦ ਲੈ ਸਕਦਾ ਹੈ। ਮੀਟਿੰਗ ਦੌਰਾਨ ਜ਼ਿਲ੍ਹਾ ਨਵਾਂਸ਼ਹਿਰ ਅਧੀਨ ਆਉਣ ਵਾਲੇ ਆਂਗਨਵਾੜੀ ਸੈਂਟਰਾਂ ਤੋਂ ਆਂਗਣਵਾੜੀ ਸੁਪਰਵਾਈਜਰਾਂ, ਚੇਅਰਪਰਸਨ ਬਾਲ ਭਲਾਈ ਕਮੇਟੀ ਸੋਨੀਆ ਅੰਗਰਿਸ, ਜ਼ਿਲ੍ਹਾ ਵੋਮੈਨ ਹਬ ਕੋਰਡੀਨੇਟਰ ਸੁਪਰੀਆ ਠਾਕੁਰ, ਸਖੀ ਵਨ ਸਟੋਪ ਸੈਂਟਰ ਤੋਂ ਹਿਮਸ਼ਿਖਾ ਅਤੇ ਜ਼ਿਲ੍ਹਾ ਪ੍ਰੋਗਰਾਮ ਦਫਤਰ ਤੋਂ ਸੁਰਜੀਤ ਸਿੰਘ ਵੀ ਮੌਜੂਦ ਸਨ।

# ਗ੍ਰਾਮ ਪੰਚਾਇਤ ਸ਼ਾਮਪੁਰ ਵੱਲੋਂ ਮੁਫ਼ਤ ਸਿਲਾਈ ਟ੍ਰੇਨਿੰਗ ਸੈਂਟਰ ਸ਼ੁਰੂ




**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਲੜਕੀਆਂ ਅਤੇ ਔਰਤਾਂ ਨੂੰ ਆਤਮ ਨਿਰਭਰ ਬਣਾਉਣ ਅਤੇ ਹੱਥਾਂ ਦੇ ਹੁਨਰ ਵਿਚ ਪਰਪੱਕ ਕਰਨ ਦੇ ਉਦੇਸ਼ ਵਜੋਂ ਗ੍ਰਾਮ ਪੰਚਾਇਤ ਸ਼ਾਮਪੁਰ (ਜਲੰਧਰ) ਵੱਲੋਂ ਸ਼ਿਵਾ ਪਬਲਿਕ ਸਕੂਲ ਨੂਰਮਹਿਲ, ਪੰਜਾਬ ਕਲਾ ਦਰਪਣ ਸ਼ਾਮਪੁਰ (ਰਜਿ.) ਅਤੇ ਐਨ.ਆਰ.ਆਈਜ਼ ਦੇ ਸਹਿਯੋਗ ਨਾਲ ਮੁਫ਼ਤ ਸਿਲਾਈ ਟਰੇਨਿੰਗ ਸੈਂਟਰ ਸ਼ਾਮਪੁਰ ਵਿਖੇ ਖੋਲ੍ਹਿਆ ਗਿਆ। ਜਿਸ ਦਾ ਉਦਘਾਟਨ ਕਰਦਿਆਂ ਸ਼ਿਵਾ ਪਬਲਿਕ ਸਕੂਲ ਦੇ ਪ੍ਰਿੰਸੀਪਲ ਸੁਮਨ ਪਾਠਕ ਨੇ ਸਿਖਿਆਰਥੀਆਂ ਨੂੰ ਕੱਪੜਿਆਂ ਦੀ ਕਟਾਈ ਅਤੇ ਸਿਲਾਈ ਦੇ ਕੰਮ ਨੂੰ ਲਗਨ ਅਤੇ ਸਖ਼ਤ ਮਿਹਨਤ ਨਾਲ ਸਿੱਖਣ ਦੀ ਪ੍ਰੇਰਨਾ ਦਿੰਦਿਆਂ ਟ੍ਰੇਨਿੰਗ ਸੈਂਟਰ ਦਾ ਵੱਧ ਤੋਂ ਵੱਧ ਲਾਭ ਉਠਾਉਣ ਲਈ ਉਤਸ਼ਾਹਿਤ ਕੀਤਾ। ਸਿਲਾਈ ਅਧਿਆਪਕਾ ਪਰਮਜੀਤ ਕੌਰ ਜੰਡੂ ਨੇ ਹਾਜ਼ਰ ਲੜਕੀਆਂ ਅਤੇ ਔਰਤਾਂ ਨੂੰ ਸਮੇਂ ਦੀ ਪਾਬੰਦੀ ਅਤੇ ਲਗਾਤਾਰਤਾ ਅਪਣਾਉਣ ਦੀ ਲੋੜ 'ਤੇ ਜ਼ੋਰ ਦਿੱਤਾ ਤਾਂ ਜੋ ਇਸ ਕੰਮ ਨੂੰ ਬੇਹਤਰ ਤਰੀਕੇ ਨਾਲ ਸਿੱਖਿਆ ਜਾ ਸਕੇ। ਪਿੰਡ ਦੇ ਸਰਪੰਚ ਸੁਖਵਿੰਦਰ ਕੌਰ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਤੇ ਧੰਨਵਾਦ ਕਰਦਿਆਂ ਸਿਖਿਆਰਥੀਆਂ ਨੂੰ ਸ਼ੁੱਭਕਾਮਨਾਵਾਂ ਦਿੰਦਿਆਂ ਇਸ ਕੰਮ ਨੂੰ ਤਨਦੇਹੀ ਨਾਲ ਸਿੱਖਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪੰਚਾਇਤ ਮੈਂਬਰ ਕੁਲਜੀਤ ਕੌਰ, ਗੁਰਬਖਸ਼ ਕੌਰ, ਸਤਨਾਮ ਸਿੰਘ, ਗੁਰਪ੍ਰੀਤ ਸਿੰਘ, ਗੋਬਿੰਦਾ, ਸਹਿਕਾਰੀ ਸਭਾ ਗੁਮਟਾਲੀ ਦੇ ਮੈਂਬਰ ਬਹਾਦਰ ਸਿੰਘ, ਅਮਰ ਚੰਦ ਸੁਮਨ, ਸੁਖਜਿੰਦਰ ਸਿੰਘ, ਸੁਮਨ ਸ਼ਾਮਪੁਰੀ ਅਤੇ ਹੋਰ ਪਤਵੰਤੇ ਹਾਜ਼ਰ ਸਨ।

# ਰੁੱਖਾਂ ਦੀ ਕਟਾਈ ਤੇ ਏ ਸੀ ਦੀ ਲਵਾਈ ਪੈ ਰਹੀ ਮੌਸਮ 'ਤੇ ਭਾਰੂ : ਡਾ. ਖੁਸ਼ਨੀਲ ਬਾਠ

**ਬਠਿੰਡਾ (ਪਰਵਿੰਦਰ ਜੀਤ ਸਿੰਘ)**- ਬੇਤਹਾਸ਼ਾ ਪੈ ਰਹੀ ਗਰਮੀ ਕਰਕੇ ਬੱਚੇ ਅਤੇ ਬਜ਼ੁਰਗ ਬਿਮਾਰ ਹੋ ਰਹੇ ਹਨ ਜਿਸ ਕਰਕੇ ਆਮ ਲੋਕਾਂ ਨੂੰ ਗਰਮੀ ਤੋਂ ਬਚਣ ਲਈ ਬਿਨਾਂ ਮਤਲਬ ਤੋਂ ਘਰੋਂ ਬਾਹਰ ਨਿਕਲਣਾ ਬੰਦ ਕਰਨਾ ਪਵੇਗਾ, ਉਥੇ ਹੀ ਤਰਲ ਵਾਲੀਆਂ ਚੀਜ਼ਾਂ ਦਾ ਜ਼ਿਆਦਾ ਸੇਵਨ ਕਰਨਾ ਪਵੇਗਾ। ਇਹ ਜਾਣਕਾਰੀ ਡਾਕਟਰ ਖੁਸ਼ਨੀਲ ਬਾਠ ਨੇ ਸਾਂਝੀ ਕਰਦੇ ਹੋਏ ਕਿਹਾ ਕਿ ਰੁੱਖਾਂ ਦੀ ਲਗਾਤਾਰ ਕਟਾਈ ਅਤੇ ਰੋਜ਼ਾਨਾ ਲੱਗ ਰਹੇ ਨਵੇਂ ਏਸੀ ਮੌਸਮ 'ਤੇ ਭਾਰੂ ਪੈ ਰਹੇ ਹਨ, ਜਿਸ ਕਰਕੇ ਤਪਸ਼ ਵਧ ਰਹੀ ਹੈ। ਇਸੇ ਕਰਕੇ ਗਰਮੀ ਦਾ ਕਹਿਰ ਵੀ ਵਧ ਰਿਹਾ ਹੈ। ਗਰਮੀ ਤੋਂ ਬਚਣ ਅਤੇ ਹਾਲਾਤ ਨੂੰ ਕਾਬੂ ਕਰਨ ਲਈ ਵੱਡੀ ਗਿਣਤੀ ਵਿੱਚ ਰੁੱਖ ਲਾਉਣੇ ਪੈਣਗੇ ਤਾਂ ਹੀ ਆਉਂਦੇ ਸਾਲ ਤੱਕ ਗਰਮੀ ਦੇ ਬਚਾਉ ਲਈ ਯਤਨ ਸਾਰਥਕ ਸਿੱਧ ਹੋਣਗੇ ਨਹੀਂ।

# ਰੰਧਾਵਾ ਨੇ ਆਪਣੀ ਟੀਮ ਨਾਲ ਲੁਧਿਆਣਾ ਪੱਛਮੀ 'ਚ ਕੀਤਾ ਪ੍ਰਚਾਰ

**ਡੇਰਾਬੱਸੀ (ਵਿਨੈ ਕੁਮਾਰ ਜੈਨ)**—ਲੁਧਿਆਣਾ 'ਚ ਜਿਮਨੀ ਚੋਣਾਂ ਵਿੱਚ ਆਪ ਵੱਲੋਂ ਲੁਧਿਆਣਾ ਪੱਛਮੀ ਦੇ ਸੰਜੀਵ ਅਰੋੜਾ ਨੂੰ ਆਪਣਾ ਉਮੀਦਵਾਰ ਐਲਾਨਿਆ ਗਿਆ ਹੈ। ਉਹਨਾਂ ਦੇ ਚੋਣ ਪ੍ਰਚਾਰ ਵਿੱਚ



ਪਿਛਲੇ ਕੁਝ ਦਿਨਾਂ ਤੋਂ ਲਗਾਤਾਰ ਵਿਧਾਇਕ ਰੰਧਾਵਾ ਸਮੇਤ ਉਨਾਂ ਦੀ ਟੀਮ ਚੋਣ ਪ੍ਰਚਾਰ ਵਿਚ ਲਗੀ ਹੋਈ ਹੈ ਜਿਸਦੇ ਤਹਿਤ ਡੇਰਾਬੱਸੀ ਦੇ ਵਿਧਾਇਕ ਰੰਧਾਵਾ ਨੇ ਆਪਣੀ ਟੀਮ ਨਾਲ ਜਿਨਾਂ ਵਿਚ ਸਰਪੰਚ ਪੰਚ ਤੇ ਪਾਰਟੀ ਵਰਕਰਾਂ ਨਾਲ ਲੁਧਿਆਣਾ ਵੈਸਟ ਦੇ ਵਾਰਡ ਨੰਬਰ 63 ਦੇ ਐਮ.ਸੀ. ਘੁੰਮਣ ਦੀ ਮੌਜੂਦਗੀ ਵਿੱਚ ਨਹਿਰੂ ਗਾਰਡਨ, ਅਮਰਦਾਸ ਪਾਰਕ ਵਿੱਚ ਪ੍ਰਚਾਰ ਦੌਰਾਨ ਯੋਗਾ ਕੀਤਾ ਤੇ ਸਾਰਿਆਂ ਨਾਲ ਬੈਠ ਕੇ ਸਵੇਰ ਦਾ ਨਾਸ਼ਤਾ ਕੀਤਾ ਤੇ ਗੱਲਬਾਤ ਕਰਦਿਆਂ ਲੋਕਾਂ ਨੂੰ ਆਮ ਆਦਮੀ ਪਾਰਟੀ ਦੀ ਲੋਕ ਪੱਖੀ ਨੀਤੀਆਂ ਬਾਰੇ ਜਾਣੂ ਕਰਵਾ ਵੱਧ ਤੋ ਵੱਧ ਵੋਟਾਂ ਪਾਉਣ ਦੀ ਅਪੀਲ ਕੀਤੀ ਇਸਤੋਂ ਬਾਅਦ ਉਨ੍ਹਾਂ ਨੇ ਕਾਲਜ ਕਲੋਨੀ, ਰਿਚਲੂ ਨਗਰ ਤੇ ਵਾਰਡ ਦੇ ਵੱਖ ਵੱਖ ਥਾਵਾਂ 'ਤੇ ਡੋਰ ਟੂ ਡੋਰ ਚੋਣ ਪ੍ਰਚਾਰ ਕੀਤਾ। ਵਿਧਾਇਕ ਰੰਧਾਵਾ ਨੇ ਕਿਹਾ ਕਿ ਪੰਜਾਬ ਚ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਤੇ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਲਗਾਤਾਰ ਵਿਕਾਸ ਕਰਵਾਇਆ ਜਾ ਰਿਹਾ ਹੈ ਅਤੇ ਹਰੇਕ ਪਰਵਾਰ ਲਈ ਬਿਜਲੀ ਦਾ ਬਿੱਲ ਜੀਰੋ ਮਹੀਨਾ ਵਾਲੇ, ਮੁਫਤ ਬਸ ਸਫਰ ਸਮੇਤ ਯੁੱਧ ਨਸ਼ਾ ਵਿਰੋਧੀ ਮੁਹਿੰਮਾਂ ਤਹਿਤ ਪੰਜਾਬ ਨੂੰ ਨੰਬਰ ਵਨ ਬਣਾਇਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਸਾਨੂੰ ਪੂਰਨ ਉਮੀਦ ਹੈ ਕਿ ਲੁਧਿਆਣਾ ਪੱਛਮੀ ਦੇ ਲੋਕ ਆਪ ਉਮੀਦਵਾਰ ਸੰਜੀਵ ਅਰੋੜਾ ਨੂੰ ਬਹੁਮਤ ਹਾਸਿਲ ਕਰਵਾਉਣਗੇ ਤੇ ਪਾਰਟੀ ਪ੍ਰਤੀ ਪੂਰੇ ਪੰਜਾਬ ਨੂੰ ਸੰਦੇਸ਼ ਦਿੱਤਾ ਜਾਵੇਗਾ ਕਿ ਆਮ ਆਦਮੀ ਪਾਰਟੀ ਹੀ ਪੰਜਾਬ ਨੂੰ ਰੰਗਲਾ ਪੰਜਾਬ ਬਣਾ ਸਕਦੀ ਹੈ।



# ਵਿਦੇਸ਼ ਭੇਜਣ ਦੇ ਨਾਂਅ 'ਤੇ ਠੱਗੀ ਮਾਰਨ ਵਾਲੇ ਟਰੈਵਲ ਏਜੰਟ ਪਤੀ-ਪਤਨੀ ਗ੍ਰਿਫ਼ਤਾਰ

**ਬੰਗਾ (ਅਵਤਾਰ ਕਲੇਰ)**- ਬੰਗਾ ਸ਼ਹਿਰ ਤੋਂ ਵਿਦੇਸ਼ ਭੇਜਣ ਦੇ ਨਾਂਅ 'ਤੇ ਠੱਗੀ ਮਾਰਨ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਸਿਟੀ ਬੰਗਾ ਦੇ ਮੁਖੀ ਵਰਿੰਦਰ ਕੁਮਾਰ (ਐਸ.ਐਚ.ਓ) ਨੇ ਦੱਸਿਆ ਕਿ ਬੰਗਾ ਦੇ ਨੌਜਵਾਨ ਨੂੰ ਖੇਡਾਂ ਦੇ ਨਾਂਅ 'ਤੇ ਬਾਹਰ ਭੇਜਣ ਦੇ ਮਾਮਲੇ 'ਚ ਬੰਗਾ ਦੇ ਹੀ ਠੱਗੀ ਮਾਰਨ ਵਾਲੇ ਟਰੈਵਲ ਏਜੰਟ (ਪਤੀ-ਪਤਨੀ) ਨੂੰ ਗ੍ਰਿਫਤਾਰ ਕੀਤਾ ਹੈ, ਜਿਹਨਾਂ ਦੀ ਪਹਿਚਾਣ ਹਰਪ੍ਰੀਤ ਸਿੰਘ ਪੁੱਤਰ ਬਲਦੇਵ ਸਿੰਘ ਬੰਗਾ ਅਤੇ ਮਨਪ੍ਰੀਤ ਕੌਰ ਪਤਨੀ ਹਰਪ੍ਰੀਤ ਸਿੰਘ ਵਾਸੀ ਬੰਗਾ ਵਜੋਂ ਹੋਈ ਹੈ। ਮੁਢਲੀ ਤਫ਼ਤੀਸ਼ ਦੌਰਾਨ ਇਹ ਵੀ ਪਤਾ ਲੱਗਾ ਹੈ ਕਿ ਇਹਨਾਂ ਨੇ ਹੋਰ ਵੀ ਕਈ ਭੋਲੇ ਭਾਲੇ ਲੋਕਾਂ ਨਾਲ ਵਿਦੇਸ਼ ਭੇਜਣ ਦੇ ਨਾਂਅ 'ਤੇ ਠੱਗੀ ਕੀਤੀ ਹੈ। ਐਸ ਐਚ ਓ ਵਰਿੰਦਰ ਕੁਮਾਰ ਨੇ ਦੱਸਿਆ ਕਿ ਇਹਨਾਂ ਦੋਵਾਂ ਨੂੰ ਮਾਣਯੋਗ ਅਦਾਲਤ ਅੱਗੇ ਪੇਸ਼ ਕਰਕੇ ਹੋਰ ਤਫ਼ਤੀਸ਼ ਕਰਨ ਲਈ ਰਿਮਾਂਡ ਹਾਸਲ ਕੀਤਾ ਜਾਵੇਗਾ ਤਾਂ ਜੋ ਇਸ ਨਾਲ ਸਬੰਧਤ ਹੋਰ ਵੀ ਮੁਜਰਮਾਂ ਨੂੰ ਕਾਬੂ ਕੀਤਾ ਜਾ ਸਕੇ।

# ਜਹਾਜ਼ ਦੁਰਘਟਨਾ 'ਚ ਮਾਰੇ ਗਏ ਵਿਅਕਤੀਆਂ ਦੇ ਪਰਵਾਰਾਂ ਨਾਲ ਕੀਤਾ ਦੁੱਖ ਦਾ ਪ੍ਰਗਟਾਵਾ

**ਫ਼ਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**- ਅਹਿਮਦਾਬਾਦ (ਗੁਜਰਾਤ) ਦੇ ਸਰਦਾਰ ਵੱਲਭ ਭਾਈ ਪਟੇਲ ਹਵਾਈ ਅੱਡੇ ਨੇੜੇ ਮੇਘਾਨੀ ਨਗਰ ਇਲਾਕੇ ਵਿੱਚ ਏਅਰ ਇੰਡੀਆ ਦੇ ਜਹਾਜ਼ ਵੱਲੋਂ ਉਡਾਨ ਭਰਨ ਤੋਂ ਬਾਅਦ ਤੁਰੰਤ ਹੋਈ ਦੁਰਘਟਨਾ ਅਤਿਅੰਤ ਦੁਖਦਾਈ ਅਤੇ ਮੰਦਭਾਗੀ ਦੁਰਘਟਨਾ ਤੇ ਗਹਿਰਾ ਦੁੱਖ ਪ੍ਰਗਟ ਕਰਦੇ ਹੋਏ ਪੰਜਾਬ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਫਗਵਾੜਾ ਦੇ ਸਰਪ੍ਰਸਤ ਕਰਨੈਲ ਸਿੰਘ ਸੰਧੂ, ਪ੍ਰਧਾਨ ਮਹਿੰਦਰ ਸਿੰਘ ਭੱਟੀ, ਸੀਨੀਅਰ ਮੀਤ ਪ੍ਰਧਾਨ ਪ੍ਰਮੋਦ ਕੁਮਾਰ ਜੋਸ਼ੀ, ਪ੍ਰੈਸ ਸਕੱਤਰ ਸੀਤਲ ਰਾਮ ਬੰਗਾ, ਵਿੱਤ ਸਕੱਤਰ ਗੁਰਨਾਮ ਸਿੰਘ ਸੈਣੀ, ਐਡੀਟਰ ਕ੍ਰਿਸ਼ਨ ਗੋਪਾਲ ਚੋਪੜਾ, ਜੁਆਇੰਟ ਸਕੱਤਰ ਸਤਪਾਲ ਸਿੰਘ ਖੱਟਕੜ, ਹਰਭਜਨ ਲਾਲ ਕੌਲ, ਕੇ ਕੇ ਪਾਂਡੇ, ਜਸਵਿੰਦਰ ਸਿੰਘ ਅਤੇ ਕੁਲਦੀਪ ਸਿੰਘ ਕੌੜਾ ਨੇ ਕਿਹਾ ਕਿ ਅਤਿਅੰਤ ਦੁਖਦਾਈ ਅਤੇ ਮੰਦਭਾਗੀ ਦੁਰਘਟਨਾ ਵਿੱਚ ਮਾਰੇ ਗਏ ਵਿਅਕਤੀਆਂ ਦੇ ਪਰਵਾਰਾਂ ਨੂੰ ਜਿੱਥੇ ਕਦੇ ਵੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ, ਉੱਥੇ ਪੂਰੇ ਦੇਸ਼ ਨੂੰ ਵੀ ਵੱਡਾ ਘਾਟਾ ਪਿਆ ਹੈ। ਐਸੋਸੀਏਸ਼ਨ ਦੇ ਸਮੂਹ ਮੈਂਬਰ ਦੁੱਖ ਵਿੱਚ ਸ਼ਾਮਲ ਹੁੰਦੇ ਹੋਏ ਅਰਦਾਸ ਕਰਦੇ ਹਨ ਕਿ ਹਾਦਸੇ ਵਿੱਚ ਮਾਰੇ ਗਏ ਸਮੂਹ ਵਿਅਕਤੀਆਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ ਅਤੇ ਪਿੱਛੇ ਰਹਿ ਗਏ ਪਰਿਵਾਰਕ ਮੈਂਬਰਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਐਸੋਸੀਏਸ਼ਨ ਕੇਂਦਰ ਸਰਕਾਰ, ਗੁਜਰਾਤ ਸਰਕਾਰ ਅਤੇ ਏਅਰ ਇੰਡੀਆ ਅਥਾਰਟੀ ਤੋਂ ਜ਼ੋਰਦਾਰ ਮੰਗ ਵੀ ਕਰਦੀ ਹੈ ਕਿ ਇਸ ਅਤਿਅੰਤ ਦੁਖਦਾਈ ਹਾਦਸੇ ਦੀ ਬਾਰੀਕੀ ਨਾਲ ਖੋਜ ਪੜਤਾਲ ਕੀਤੀ ਜਾਵੇ ਅਤੇ ਰਹੀਆਂ ਘਾਟਾਂ ਨੂੰ ਦੂਰ ਕਰਨ ਦੇ ਗੰਭੀਰਤਾ ਨਾਲ ਉਪਰਾਲੇ ਕੀਤੇ ਜਾਣ ਤਾਂ ਜੋ ਭਵਿੱਖ ਵਿੱਚ ਇਹੋ ਜਿਹੇ ਗੰਭੀਰ ਹਾਦਸਿਆਂ ਨੂੰ ਰੋਕਣ ਵਿੱਚ ਮਦਦ ਮਿਲ ਸਕੇ। ਐਸੋਸੀਏਸ਼ਨ ਇਹ ਵੀ ਮੰਗ ਕਰਦੀ ਹੈ ਕਿ ਮਾਰੇ ਗਏ ਵਿਅਕਤੀਆਂ ਦੇ ਸਮੂਹ ਪਰਵਾਰਾਂ ਦੀ ਹਰ ਪ੍ਰਕਾਰ ਨਾਲ ਕੇਂਦਰ ਸਰਕਾਰ, ਗੁਜਰਾਤ ਸਰਕਾਰ ਅਤੇ ਏਅਰ ਇੰਡੀਆ ਦੀ ਅਥਾਰਟੀ ਤੁਰੰਤ ਮਦਦ ਕਰੇ।

# ਨਸ਼ਾ ਕਰਦਾ ਪੁਲਸ ਅੜਿੱਕੇ

**ਨਵਾਂਸ਼ਹਿਰ (ਮਨੋਜ ਲਾਡੀ)** ਪੁਲਸ ਨੇ ਨਸ਼ਾ ਕਰਦੇ ਇਕ ਵਿਅਕਤੀ ਨੂੰ ਕਾਬੂ ਕੀਤਾ ਹੈ । ਥਾਣਾ ਰਾਹੋਂ ਵਿਖੇ ਦਰਜ ਮਾਮਲੇ ਅਨੁਸਾਰ ਐੱਸਆਈ ਗੁਰਬਖਸ਼ ਸਿੰਘ ਨੇ ਦੱਸਿਆ ਕਿ ਨਸ਼ਾ ਕਰਦਿਆਂ ਨਿਰਮਲ ਕੁਮਾਰ ਪੁੱਤਰ ਮੋਹਣ ਲਾਲ ਵਾਸੀ ਪਿੰਡ ਕੋਟ ਰਾਂਝਾ ਨੂੰ ਕਾਬੂ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਪੁਲਸ ਪਾਰਟੀ ਸੈਲ ਟੈਕਸਟਾਇਲ ਮੈਨੂਫੈਕਚਰਿੰਗ ਕੰਪਨੀ ਵੱਲ ਨੂੰ ਤਾਂ ਸੜਕ ਦੇ ਸੱਜੇ ਪਾਸੇ ਪਾਪੂਲਰ ਦੇ ਖੇਤਾਂ ਵਿਚ ਬੰਨੇ ਪਰ ਬੈਠਾ ਇੱਕ ਵਿਅਕਤੀ ਲਾਈਟਰ ਬਾਲਦਾ ਦਿਖਾਈ ਦਿੱਤਾ ਤੇ ਉਸ ਨੂੰ ਕਾਬੂ ਕਰ ਲਿਆ। ਵਿਅਕਤੀ ਨੇ ਆਪਣਾ ਨਾਂਅ ਨਿਰਮਲ ਕੁਮਾਰ ਦੱਸਿਆ ਅਤੇ ਕਿਹਾ ਕਿ ਉਹ ਨਸ਼ੇ ਕਰਨ ਦਾ ਆਦਿ ਹੈ ਉਹ ਨਸ਼ਾ ਕਰ ਰਿਹਾ ਸੀ।

## ਚੈਰੀਟੇਬਲ ਟਰੱਸਟ ਨੇ ਲੋੜਵੰਦ ਦਿਹਾੜੀਦਾਰ ਪਰਵਾਰ ਦੀ ਕੀਤੀ ਮਦਦ



**ਲੋਹੀਆਂ ਖਾਸ (ਯੋਗੇਸ਼ਵਰ, ਰੀਨਾ ਸ਼ਰਮਾ)**- ਗੁਰੂ ਨਾਨਕ ਮੋਦੀਖਾਨਾ ਚੈਰੀਟੇਬਲ ਟਰੱਸਟ ਲੋਹੀਆਂ ਖ਼ਾਸ, ਗੁ: ਸਿੱਖ ਸੈਂਟਰ ਆਫ਼ ਸਿਆਟਲ ਅਤੇ ਸੋਚ ਸੈਂਟਰ ਸਿਆਟਲ ਅਮਰੀਕਾ ਵੱਲੋਂ ਮਿਸ਼ਨ ਆਤਮ ਨਿਰਭਰਤਾ ਨੂੰ ਹੋਰ ਅੱਗੇ ਵਧਾਉਂਦਿਆਂ ਇੱਕ ਲੋੜਵੰਦ ਦਿਹਾੜੀਦਾਰ ਪਰਵਾਰ ਦੀ ਸਿਲਾਈ ਦੇ ਕੰਮ ਵਿੱਚ ਨਿਪੁੰਨ ਬੀਬੀ ਮਨਪ੍ਰੀਤ ਕੌਰ ਨੂੰ ਸਿਲਾਈ ਮਸ਼ੀਨ, ਮੋਟਰ, ਬੁਕਰਮ ਪਾਈਪਿੰਗ, ਫੁੱਟੇ, ਕੈਂਚੀ, ਰੀਲਾਂ ਦੇ ਡੱਬੇ, ਜਨਾਨਾ ਸੂਟਾਂ ਦੇ ਗਲ਼ੇ ਦੇ ਡਿਜ਼ਾਇਨ ਅਤੇ ਹੋਰ ਲੋੜੀਂਦਾ ਸਮਾਨ ਦਿੱਤਾ ਗਿਆ। ਇਸ ਮੌਕੇ ਸਤਿੰਦਰ ਸਿੰਘ ਖ਼ਾਲਸਾ, ਰਜੇਸ਼ ਕੁਮਾਰ ਸ਼ਰਮਾ, ਅਮਰਜੀਤ ਸਿੰਘ ਅਹੂਜਾ, ਰਜਤ ਕੰਡਾ, ਦਵਿੰਦਰ ਸਿੰਘ ਬਿੱਲਾ ਅਤੇ ਟਰੱਸਟ ਦੀ ਦਫ਼ਤਰ ਇੰਚਾਰਜ ਦੀਕਸ਼ਾ ਹਾਜ਼ਰ ਸਨ।

# ਬਿਜਲੀ ਕਾਮਿਆਂ ਨੂੰ ਤਨਖਾਹਾਂ ਨਹੀਂ ਮਿਲ ਰਹੀਆਂ

**ਨਵਾਂਸ਼ਹਿਰ (ਮਨੋਜ ਲਾਡੀ)** ਪਾਵਰਕਾਮ ਐਂਡ ਟ੍ਰਾਂਸਕੋ ਵੇਜ ਮੁਲਾਜਮ ਯੂਨੀਅਨ (ਬਿਜਲੀ ਬੋਰਡ) ਪੰਜਾਬ ਵੱਲੋਂ ਸੀਐੱਚਬੀ ਅਤੇ ਸੀਐੱਚਡਬਲਊ ਜੋ ਕਿ ਲੰਮੇ ਸਮੇਂ ਤੋਂ ਬਿਜਲੀ ਬੋਰਡ ਅਤੇ ਆਮ ਲੋਕਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਦੇਣ ਵਿਚ ਸਹਾਇਤਾ ਕਰਦੇ ਹਨ, ਪਰ ਫੇਰ ਵੀ ਇੰਨ੍ਹਾਂ ਕਾਮਿਆਂ ਦੀਆਂ ਤਨਖਾਹਾਂ ਜਾਰੀ ਨਹੀਂ ਕੀਤੀਆਂ ਜਾਂਦੀਆਂ। ਵਾਰ ਵਾਰ ਬਿਜਲੀ ਬੋਰਡ ਦੀ ਮੈਨੇਜਮੈਂਟ ਨਾਲ ਵਾਰਤਾਲਾਪ ਵੀ ਕੀਤੀ ਗਈ ਪਰ ਫੇਰ ਵੀ ਇਹ ਸਮੱਸਿਆ ਦਾ ਕੋਈ, ਹੱਲ ਨਹੀਂ ਕੀਤਾ ਜਾਂਦਾ। ਅਸੀਂ ਨਵਾਂਸ਼ਹਿਰ ਬਿਜਲੀ ਬੋਰਡ ਦੀ ਮੈਨੇਜਮੈਂਟ ਨਾਲ ਪਿਛਲੇ 5 ਦਿਨਾਂ ਤੋਂ ਵਾਰਤਾਲਾਪ ਕੀਤੀ। ਉਨ੍ਹਾਂ ਵੱਲੋਂ ਹਰ ਵਾਰ ਇਹ ਕਿਹਾ ਜਾਂਦਾ ਹੈ ਕਿ ਤਨਖਾਹਾਂ ਜਾਰੀ ਹੋਣ ਜਾਣਗੀਆਂ। ਤੁਸੀ ਕੰਮ ਕਰੋ, ਕਾਮਿਆਂ ਨੇ ਐੱਸਸੀ ਅਤੇ ਐਕਸੀਅਨ ਸਾਹਿਬ ਨਾਲ ਗੱਲਬਾਤ ਕੀਤੀ ਪਰ ਸਮਸਿਆ ਦਾ ਹੱਲ ਨਹੀਂ ਹੋ ਸਕਿਆ। ਕਾਮਿਆਂ ਦਾ ਗੁਜਾਰਾ ਬਹੁਤ ਔਖਾ ਹੋ ਰਿਹਾ ਹੈ। ਸੁਪਰਵਾਇਜਰਾਂ ਵੱਲੋਂ ਵੀ ਲਾਰਾ ਲੱਪਾ ਲਾਇਆ ਜਾ ਰਿਹਾ ਹੈ। ਬਾਕੀ ਡਵੀਜਨਾਂ ਦੀਆਂ ਤਨਖਾਹਾਂ ਜਾਰੀ ਹੋ ਚੁੱਕੀਆਂ ਹਨ, ਕੇਵਲ ਨਵਾਂਸ਼ਹਿਰ ਦੀ ਹਰ ਵਾਰ ਤਨਖਾਹਾਂ ਪਾਉਣ ਵਿਚ ਤੰਗ ਪ੍ਰੇਸ਼ਾਨ ਕਰਦੀ ਆ ਰਹੀ ਹੈ। ਜੇਕਰ ਮੁਲਾਜਮ ਆਪਣੀ ਤਨਖਾਹ ਬਾਹੇ ਗੱਲ ਕਰਦਾ ਤਾਂ ਨੌਕਰੀ ਤੋਂ ਕੱਢਣ ਲਈ ਧਮਕੀਆਂ ਵੀ ਦਿੱਤੀਆਂ ਜਾਂਦੀਆਂ ਹਨ। ਜੇਕਰ ਸਾਡੀਆਂ ਜਲਦੀ ਹੀ ਤਨਖਾਹਾਂ ਜਾਰੀ ਨਹੀਂ ਕੀਤੀਆਂ ਗਈਆਂ ਤਾਂ ਇਹ ਸੰਘਰਸ਼ ਹੋਰ ਵੀ ਤਿੱਖਾ ਕੀਤਾ ਜਾਵੇਗਾ। ਇਸ ਮੌਕੇ ਸਾਥੀ ਗੌਰਵ, ਹਰਪ੍ਰੀਤ ਸਿੰਘ, ਰਵਿੰਦਰ ਕੁਮਾਰ, ਰਜਿੰਦਰ ਬਿੱਲਾ, ਗੁਰਪ੍ਰੀਤ ਸਿੰਘ, ਮਨਿੰਦਰ ਸਿੰਘ, ਲਖਵੀਰ ਚੰਦ, ਤਰਲੋਚਨ ਸਿੰਘ, ਗੁਰਪ੍ਰੀਤ ਸਿੰਘ, ਹਰਦੀਪ ਸਿੰਘ, ਨਰੇਸ਼ ਕੁਮਾਰ, ਬਲਜੀਤ ਰਾਮ, ਰਜਿੰਦਰ ਕੁਮਾਰ, ਜੈ ਦੀਪ ਤੇ ਹੋਰ ਸਾਥੀ ਹਾਜਰ ਸਨ।

# ਗਹੂੰਣ ਦਾ ਸਾਲਾਨਾ ਮੇਲਾ ਹੋਇਆ ਸ਼ਾਨੋ-ਸ਼ੌਕਤ ਨਾਲ ਸੰਪੰਨ

● ਕਾਸ਼ੀ, ਨਿਧੀ, ਰੂਪ ਤੇ ਜੈਸਮੀਨ ਦੀ ਜੋੜੀ ਨੇ ਬੰਨ੍ਹਿਆ ਰੰਗ

**ਬਲਾਚੌਰ (ਜਸਵਿੰਦਰ ਬੈਂਸ)**- ਦਰਗਾਹ ਬਾਬਾ ਬੂਟੇ ਸ਼ਾਹ ਪਿੰਡ ਗਹੂੰਣ ਦਾ ਸਲਾਨਾ ਜੋੜ ਮੇਲਾ ਸ਼ਾਨੋ-ਸ਼ੌਕਤ ਨਾਲ ਸੰਪੰਨ ਹੋ ਗਿਆ। ਪਿੰਡੋਂ ਬਾਹਰੋਂ-ਬਾਹਰ ਉੱਚੀ ਥਾਂ 'ਤੇ ਬੋਹੜ ਦੀ ਠੰਡੀ ਛਾਂ ਦੀ ਗੋਦ ਵਿਚ ਬਣੇ ਇਸ ਰਮਣੀਕ ਅਸਥਾਨ 'ਤੇ ਅੰਤਾਂ ਦੀ ਪੈਂਦੀ ਗਰਮੀ ਵਿੱਚ ਵੀ ਸੰਗਤਾਂ ਦਾ ਸ਼ਰਧਾ ਤੇ ਉਤਸ਼ਾਹ ਨਾਲ ਭਰਪੂਰ ਠਾਠਾ ਮਾਰਦਾ ਇਕੱਠ ਜੁੜਿਆ। ਦਰਗਾਹ 'ਤੇ ਬੈਂਡ-ਵਾਜਿਆਂ, ਨਗਾਰਿਆਂ ਤੇ ਢੋਲਾਂ ਦੀ ਥਾਪ 'ਤੇ ਧਾਰਮਿਕ ਰਸਮਾਂ ਨਿਭਾਉਣ ਉਪਰੰਤ ਖੁੱਲ੍ਹੇ ਪੰਡਾਲ 'ਚ ਸਟੇਜ ਸਜਾਈ ਗਈ। ਜਿਸ ਵਿਚ ਪੰਜਾਬ ਦੇ ਮਸ਼ਹੂਰ ਸੂਫੀ ਗਾਇਕ ਕਾਸ਼ੀ ਨਾਥ, ਨਿਧੀ ਗਹੂੰਣ, ਰੂਪ ਸਿੰਘਾਨੀਆ ਤੇ ਜੈਸਮੀਨ ਖ਼ਾਨ ਦੀ ਜੋੜੀ ਨੇ ਪੂਰਾ ਰੰਗ ਬੰਨ੍ਹਿਆ। ਇਸ ਤੋਂ ਪਹਿਲਾ ਰਾਤ ਨੂੰ ਸਜੀ ਮਹਿਫਲ ਵਿਚ ਪ੍ਰੇਮ ਕੱਵਾਲ ਪਾਰਟੀ ਤੇ ਵਿਕੀ ਬੰਗਾ ਵੱਲੋਂ ਨਕਲਾਂ ਪੇਸ਼ ਕੀਤੀਆਂ ਗਈਆਂ। ਇਸੇ ਤਰ੍ਹਾਂ ਆਖ਼ਰੀ ਰਾਤ ਨੂੰ ਵੀ ਸੋਨੀਆ ਦੁੱਗਲ ਪਾਰਟੀ ਵੱਲੋਂ ਨਕਲਾਂ ਪੇਸ਼ ਕੀਤੀਆਂ ਗਈਆਂ। ਦੋਵੇਂ ਦਿਨ ਸੰਗਤਾਂ ਲਈ ਖੁੱਲ੍ਹੇ ਲੰਗਰ ਚੱਲੇ, ਜਿਸ ਵਿਚ ਚਾਹ-ਪਕੌੜੇ, ਪੂਰੀਆਂ-ਛੋਲੇ, ਕੜ੍ਹੀ-ਪਕੌੜਾ, ਬਦਾਮਾਂ ਵਾਲੀ ਖੀਰ, ਲੱਡੂ-ਜਲੇਬੀਆਂ ਲਗਾਤਾਰ ਵਰਤਾਏ ਗਏ। ਨੱਥਾਂ ਨੰਗਲ ਦੀ ਸੰਗਤ ਵੱਲੋਂ ਖ਼ਾਸ ਤੌਰ 'ਤੇ ਕੋਲਡ ਡਰਿੰਕਸ, ਮਿਲਕ ਸੇਕ ਤੇ ਆਈਸ ਕਰੀਮ ਦੇ ਲੰਗਰ ਲਾਏ ਗਏ। ਦੁਆਬ ਸਪੋਰਟਸ ਐਂਡ ਵੈੱਲਫੇਅਰ ਕਲੱਬ ਦੇ ਨੌਜਵਾਨਾਂ ਵੱਲੋਂ ਐਨ.ਆਰ.ਆਈ ਵੀਰਾਂ ਦੇ ਸਹਿਯੋਗ ਨਾਲ ਫਰੂਟ-ਚਾਟ ਦਾ ਲੰਗਰ ਲਾਇਆ ਗਿਆ। ਠੇਕੇਦਾਰ ਬੇਲੀ ਰਾਮ ਤੇ ਲੱਖ ਦਾਤਾ ਪੀਰ ਦੇ ਸੇਵਾਦਾਰਾਂ ਵੱਲੋਂ ਠੰਢੇ-ਮਿੱਠੇ ਜਲ ਦੀ ਛਬੀਲ, ਜਲ-ਜੀਰਾ ਤੇ ਛੋਲਿਆਂ ਦੇ ਲੰਗਰ ਵਰਤਾਏ ਗਏ। ਇਸ ਸਮੇਂ ਸੁਨੀਤਾ ਚੈਰੀਟੇਬਲ ਹਸਪਤਾਲ ਵੱਲੋਂ ਵਿਸੇਸ ਤੌਰ 'ਤੇ ਫਰੀ ਮੈਡੀਕਲ ਤੇ ਖ਼ੂਨਦਾਨ ਕੈਂਪ ਵੀ ਲਗਾਇਆ ਗਿਆ।



# ਨਿੱਜੀ ਕੰਮਾਂ ਦੇ ਨਾਲ-ਨਾਲ ਪ੍ਰਭੂ ਦੀ ਭਗਤੀ ਵੀ ਕਰਨੀ ਚਾਹੀਦੀ : ਭਾਈ ਮਹਿਤਾਬ ਸਿੰਘ

**ਟਾਂਡਾ ਉੜਮੁੜ (ਜਸਵਿੰਦਰ ਸੰਧੂ ਓਂਕਾਰ ਸਿੰਘ)**- ਸਾਨੂੰ ਸਾਰਿਆਂ ਨੂੰ ਨਿੱਜੀ ਕੰਮਾਂ ਦੇ ਨਾਲ-ਨਾਲ ਪਰਮਾਤਮਾ ਦੇ ਨਾਮ ਨੂੰ ਯਾਦ ਰੱਖਣਾ ਚਾਹੀਦਾ ਹੈ। ਇਹ ਪ੍ਰਗਟਾਵਾ ਸਿੱਖ ਪੰਥ ਦੇ ਇੰਟਰਨੈਸ਼ਨਲ ਰਾਗੀ ਭਾਈ ਮਹਿਤਾਬ ਸਿੰਘ ਜਲੰਧਰ ਵਾਲਿਆਂ ਨੇ ਕੀਤਾ। ਉਨਾਂ ਨਾਲ ਐਸ ਸੀ ਸਮਾਜ ਪੰਜਾਬ ਦੇ ਸੀਨੀਅਰ ਆਗੂ ਅਤੇ ਉੱਘੇ ਸਮਾਜ ਸੇਵਕ ਸਰਬਜੀਤ ਸਿੰਘ ਮੋਮੀ, ਸੁਰਜੀਤ ਸਿੰਘ ਭਾਰਦਵਾਜ, ਜਥੇਦਾਰ ਹਰਬੰਸ ਸਿੰਘ ਮੂਨਕਾ, ਦਵਿੰਦਰ ਸਿੰਘ ਲਾਡੀ, ਸਾਮ ਸਿੰਘ ਸਾਬਕਾ ਸਰਪੰਚ ਆਦਿ ਵੀ ਹਾਜਰ ਸਨ। ਉਨ੍ਹਾਂ ਕਿਹਾ ਕਿ ਇਸ ਦੁਨੀਆ ਵਿਚ ਅਸੀਂ ਪ੍ਰਭੂ ਦਾ ਨਾਮ ਜਪਣ ਵਾਸਤੇ ਆਏ ਹਾਂ ਅਤੇ ਜਿੱਥੇ ਅਸੀਂ ਆਪਣੇ ਪਰਵਾਰਾਂ ਨੂੰ ਚਲਾਉਣ ਵਾਸਤੇ ਹੋਰ ਕਾਰਜ ਕਰਨੇ ਹਨ ਉਥੇ ਸਵਾਸ ਸਵਾਸ ਪ੍ਰਭੂ ਦੀ ਭਗਤੀ ਵੀ ਕਰਨੀ ਹੈ। ਉਹਨਾਂ ਕਿਹਾ ਕਿ ਸਮਾਜ ਵਿੱਚ ਵੱਧ ਰਹੀਆਂ ਸਮਾਜਿਕ ਬੁਰਾਈਆਂ ਨੂੰ ਖਤਮ ਕਰਨ ਲਈ ਸਮੁੱਚੇ ਨੌਜਵਾਨ ਵਰਗ ਨੂੰ ਇਕੱਠੇ ਹੋ ਕੇ ਆਵਾਜ ਬੁਲੰਦ ਕਰਨੀ ਚਾਹੀਦੀ ਹੈ ਅਤੇ ਪਿੰਡ ਪਿੰਡ ਜਾ ਕੇ ਨਸ਼ਿਆਂ ਅਤੇ ਸਮਾਜਿਕ ਬੁਰਾਈਆਂ ਵਿਰੁੱਧ ਕੈਂਪ ਲਗਾਉਣੇ ਚਾਹੀਦੇ ਹਨ।



## ਬਾਬਾ ਨਬੀਏ ਸ਼ਾਹ ਦੀ ਯਾਦ 'ਚ ਮੇਲਾ ਮਨਾਇਆ



**ਬੰਗਾ (ਅਵਤਾਰ ਕਲੇਰ)**- ਡੇਰਾ ਬਾਬਾ ਨਬੀਏ ਸ਼ਾਹ ਜੀ ਦਰਵੇਸ਼ ਪਿੰਡ ਵਿਖੇ ਸਲਾਨਾ ਮੇਲਾ ਗੱਦੀਨਸ਼ੀਨ ਬੀਬੀ ਭੂਕਾ ਸ਼ਾਹ ਦੀ ਰਹਿਨੁਮਾਈ ਹੇਠ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਬਾਬਾ ਸੋਮ ਨਾਥ ਜੀ ਕੁੱਲੇ ਵਾਲੀ ਸਰਕਾਰ ਵਿਸ਼ੇਸ਼ ਤੌਰ 'ਤੇ ਪਹੁੰਚੇ। ਦਰਬਾਰ ਦੀਆਂ ਧਾਰਮਿਕ ਰਸਮਾਂ ਤੋਂ ਬਾਅਦ ਸਟੇਜ ਸਜਾਈ ਗਈ ਜਿਸ ਵਿੱਚ ਕਵਾਲ ਅਤੇ ਨਕਾਲ ਪਾਰਟੀਆਂ ਨੇ ਹਾਜ਼ਰੀਆਂ ਭਰੀਆਂ। ਵੱਖ ਵੱਖ ਦਰਬਾਰਾਂ ਤੋਂ ਸੰਤ ਮਹਾਂਪੁਰਸ਼ਾਂ ਨੇ ਸ਼ਿਰਕਤ ਕੀਤੀ। ਬੀਬੀ ਭੂਕਾ ਸ਼ਾਹ ਅਤੇ ਬਾਬਾ ਸੋਮ ਨਾਥ ਵਲੋਂ ਪਹੁੰਚੇ ਹੋਏ ਮਹਾਂਪੁਰਸ਼ਾਂ ਅਤੇ ਸੇਵਾਦਾਰਾਂ ਨੂੰ ਸਨਮਾਨਤ ਕੀਤਾ ਗਿਆ। ਠੰਢਾ ਮਿੱਠਾ ਜਲ ਅਤੇ ਲੰਗਰ ਅਟੁੱਟ ਵਰਤਾਇਆ ਗਿਆ। ਇਸ ਮੌਕੇ ਸੇਵਾਦਾਰ ਲਾਡੀ ਮੱਟੂ, ਬੂਟਾ ਸਾਈਂ, ਬਾਬਾ ਮਹਿੰਦਰ ਸ਼ਾਹ, ਸਾਈਂ ਬਿੱਕਰ ਸ਼ਾਹ ਤੋਂ ਇਲਾਵਾ ਸੰਗਤਾਂ ਹਾਜ਼ਰ ਸਨ।

## ਹੀਰ ਗੋਤ ਜਠੇਰਿਆਂ ਦਾ ਮੇਲਾ 22 ਨੂੰ

**ਮਾਹਿਲਪੁਰ/(ਸਫਰੀ)**- ਪਿੰਡ ਬਾਹੋਵਾਲ ਵਿਖੇ ਹੀਰ ਗੋਤ ਜਠੇਰਿਆਂ ਦਾ ਮੇਲਾ ਹੀਰ ਗੋਤ ਪ੍ਰਬੰਧਕ ਕਮੇਟੀ ਵਲੋਂ ਸਮੂਹ ਹੀਰ ਗੋਤ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ। ਝੰਡੇ ਦੀ ਰਸਮ 8.30 ਵਜੇ ਹੋਵੇਗੀ। ਚਾਹ ਪਕੌੜਿਆਂ ਅਤੇ ਗੁਰੂ ਦਾ ਲੰਗਰ ਅਤੁੱਟ ਵਰਤੇਗਾ। ਪੰਜਾਬ ਦੇ ਮਸ਼ਹੂਰ ਟੀ ਵੀ ਕਲਾਕਾਰ ਸੰਗਤਾਂ ਦਾ ਮੰਨੋਰੰਜਨ ਕਰਨਗੇ। ਇਹ ਜਾਣਕਾਰੀ ਪ੍ਰਧਾਨ ਸ਼ਿੰਗਾਰਾ ਸਿੰਘ ਬੰਬੇਲੀ,ਸੁਖਦੇਵ ਸਿੰਘ,ਜਰਨੈਲ ਸਿੰਘ , ਕੁਲਵਿੰਦਰ ਸਿੰਘ,ਰਾਮ ਚੰਦ ਆਦਿ ਨੇ ਸਾਂਝੇ ਤੌਰ 'ਤੇ ਦਿੱਤੀ।

## ਗੁਰਦੁਆਰਾ ਸਾਹਿਬਜ਼ਾਦਾ ਅਜੀਤ ਸਿੰਘ ਵਿਖੇ ਸ਼ਹੀਦੀ ਦਿਹਾੜਾ 16 ਨੂੰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਸਾਹਿਬ ਦਾ ਸ਼ਹੀਦੀ ਦਿਹਾੜਾ ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਿਕ 16 ਜੂਨ ਨੂੰ ਅੰਮ੍ਰਿਤ ਵੇਲੇ ਤੋਂ ਬਾਅਦ ਦੁਪਹਿਰ ਤੱਕ ਗੁਰਦੁਆਰਾ ਸਾਹਿਬਜ਼ਾਦਾ ਅਜੀਤ ਸਿੰਘ ਹੁਸ਼ਿਆਰਪੁਰ ਵਿਖੇ ਮਨਾਇਆ ਜਾਵੇਗਾ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਤਿੰਦਰ ਸਿੰਘ ਨੇ ਦੱਸਿਆ ਕਿ ਸੁਖਮਨੀ ਸਾਹਿਬ ਇਸਤਰੀ ਸਤਿਸੰਗ ਸਭਾ ਵਲੋਂ ਆਰੰਭ ਰੋਜ਼ਾਨਾ ਪਾਠ ਲੜੀ ਦੀ ਸਮਾਪਤੀ ਉਪਰੰਤ ਕਥਾ ਕੀਰਤਨ ਸਮਾਗਮ ਹੋਣਗੇ। ਜਿਸ ਵਿਚ ਪਦਮ ਸ੍ਰੀ ਪ੍ਰੋਫ਼ੈਸਰ ਕਰਤਾਰ ਸਿੰਘ ਗੁਰਮਤਿ ਸੰਗੀਤ ਅਕੈਡਮੀ ਅਨੰਦਪੁਰ ਸਾਹਿਬ ਦੇ ਇੰਚਾਰਜ ਪ੍ਰੋ: ਸੁਖਵਿੰਦਰ ਸਿੰਘ ਸਾਗਰ ਅਤੇ ਵਿਦਿਆਰਥੀਆਂ ਤੋਂ ਇਲਾਵਾ ਪ੍ਰੋ: ਜਤਿੰਦਰ ਕੌਰ ਅਨੰਦਪੁਰੀ ਨਿਰਧਾਰਤ ਰਾਗਾਂ ਵਿੱਚ ਤੰਤੀ ਸਾਜ਼ਾਂ ਨਾਲ ਕੀਰਤਨ ਕਰਨਗੇ।

# ਜਥੇਬੰਦੀਆਂ ਵੱਲੋਂ ਪੰਜਾਬ ਦੁਕਾਨ ਤੇ ਵਪਾਰਕ ਅਦਾਰੇ ਕਾਨੂੰਨ 1958 'ਚ ਕੀਤੀਆਂ ਸੋਧਾਂ ਰੱਦ ਕਰਵਾਉਣ ਲਈ ਵਿਧਾਇਕਾਂ ਨੂੰ ਮੰਗ-ਪੱਤਰ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ )**- ਇੱਥੇ ਪੰਜਾਬ ਦੁਕਾਨ ਤੇ ਵਪਾਰਕ ਅਦਾਰੇ ਕਾਨੂੰਨ 1958 ਵਿਚ ਕੀਤੇ ਗਏ ਸਾਰੇ ਮਜ਼ਦੂਰ ਵਿਰੋਧੀ ਬਦਲਾਅ ਰੱਦ ਕਰਨ ਲਈ ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨਜ਼ (ਇਫਟੂ), ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਅਤੇ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਵਲੋਂ ਮੁੱਖ ਮੰਤਰੀ ਪੰਜਾਬ ਦੇ ਨਾਂਅ ਹਲਕਾ ਨਵਾਂਸ਼ਹਿਰ ਦੇ ਵਿਧਾਇਕ ਡਾਕਟਰ ਨਛੱਤਰਪਾਲ ਅਤੇ ਹਲਕਾ ਬੰਗਾ ਦੇ ਵਿਧਾਇਕ ਡਾਕਟਰ ਸੁਖਵਿੰਦਰ ਕੁਮਾਰ ਸੁੱਖੀ ਨੂੰ ਮੰਗ-ਪੱਤਰ ਸੌਂਪੇ ਗਏ। ਇਸ ਮੌਕੇ ਵਿਚਾਰ ਪ੍ਰਗਟ ਕਰਦਿਆਂ ਇਫਟੂ ਦੇ ਸੂਬਾ ਪ੍ਰੈਸ ਸਕੱਤਰ ਜਸਬੀਰ ਦੀਪ, ਇਫਟੂ ਦੇ ਜ਼ਿਲ੍ਹਾ ਸਕੱਤਰ ਪਰਵੀਨ ਕੁਮਾਰ ਨਿਰਾਲਾ ਪੇਂਡੂ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਆਗੂਆਂ ਕਮਲਜੀਤ ਸਨਾਵਾ, ਹਰੀ ਰਾਮ ਰਸੂਲਪੁਰੀ ਅਤੇ ਡੈਮੋਕ੍ਰੇਟਿਕ ਆਸ਼ਾ ਵਰਕਰ ਅਤੇ ਫੈਸਿਲੀਟੇਟਰ ਯੂਨੀਅਨ ਦੇ ਜ਼ਿਲਾ ਪ੍ਰਧਾਨ ਸ਼ਕੁੰਤਲਾ ਸਰੋਏ ਨੇ ਆਖਿਆ ਕਿ ਪੰਜਾਬ ਸਰਕਾਰ ਵੱਲੋਂ ਦੁਕਾਨਾਂ ਅਤੇ ਵਪਾਰਕ ਅਦਾਰੇ ਕਾਨੂੰਨ 1958 ਵਿੱਚ ਜੋ ਸੋਧਾਂ ਕੀਤੀਆਂ ਗਈਆਂ ਹਨ ਇਹ ਮਜ਼ਦੂਰ ਵਿਰੋਧੀ ਸੋਧਾਂ ਹਨ। ਇਸ ਨਾਲ ਇਹਨਾਂ ਵਪਾਰਕ ਅਦਾਰਿਆਂ ਵਿਚ ਕੰਮ ਕਰਨ ਵਾਲੇ ਕਿਰਤੀ, ਕਾਨੂੰਨ ਦੁਆਰਾ ਮਿਲੇ ਹੋਏ ਅਧਿਕਾਰਾਂ ਤੋਂ ਵਾਂਝੇ ਰਹਿ ਜਾਣਗੇ। ਦਿਹਾੜੀ ਦੇ ਸਮੇਂ ਅਤੇ ਓਵਰਟਾਈਮ ਵਿਚ ਕੀਤਾ ਗਿਆ ਵਾਧਾ ਕਿਸੇ ਤਰ੍ਹਾਂ ਵੀ ਤਰਕਸੰਗਤ ਨਹੀਂ ਹੈ। 12 ਘੰਟੇ ਕੰਮ ਦੀ ਦਿਹਾੜੀ ਅਤੇ 50 ਘੰਟਿਆਂ ਤੋਂ ਓਵਰਟਾਈਮ 144 ਘੰਟੇ ਕਰਨਾ ਅੰਤਰਰਾਸ਼ਟਰੀ ਲੇਬਰ



ਸੰਗਠਨ ਦੇ ਫੈਸਲੇ ਦੀ ਉਲੰਘਣਾ ਹੈ ਜਿਸ ਅਨੁਸਾਰ ਵੱਧ ਤੋਂ ਵੱਧ ਦਿਹਾੜੀ 8 ਘੰਟੇ ਦੀ ਹੋਵੇਗੀ। ਇਹ ਮਜ਼ਦੂਰਾਂ ਦੀ ਸਿਹਤ, ਅਰਾਮ ਅਤੇ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਲਈ ਰੱਖੀ ਗਈ ਸੀ। ਇਹਨਾਂ ਅਦਾਰਿਆਂ ਵਿਚ ਪਹਿਲਾਂ ਹੀ ਮਾਲਕਾਂ ਵਲੋਂ ਕਿਰਤ ਕਾਨੂੰਨ ਲਾਗੂ ਨਹੀਂ ਕੀਤੇ ਜਾਂਦੇ। ਹੁਣ ਇਹਨਾਂ ਬਦਲਾਵਾਂ ਨਾਲ ਮਜ਼ਦੂਰਾਂ ਦੀ ਲੁੱਟ ਵਿਚ ਹੋਰ ਵਾਧਾ ਹੋਵੇਗਾ। ਮਾਲਕਾਂ ਨੂੰ ਮਜ਼ਦੂਰਾਂ ਦੀ ਲੁੱਟ ਕਰਨ ਦੀ ਖੁੱਲ੍ਹੀ ਛੁੱਟੀ ਮਿਲ ਜਾਵੇਗੀ। ਉਹਨਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਇਹ ਇੱਕ ਬੇਹੱਦ ਮਜ਼ਦੂਰ ਵਿਰੋਧੀ ਫੈਸਲਾ ਕਰਦੇ ਹੋਏ 20 ਤੋਂ ਘੱਟ ਮਜ਼ਦੂਰਾਂ ਵਾਲੀਆਂ ਦੁਕਾਨਾਂ ਤੇ ਹੋਰ ਵਪਾਰਕ ਅਦਾਰਿਆਂ ਨੂੰ ਕਿਰਤ ਕਨੂੰਨਾਂ ਦੇ ਘੇਰੇ ਵਿੱਚੋਂ ਬਾਹਰ ਕਰ ਦਿੱਤਾ ਹੈ। ਇਸ ਨਾਲ਼ ਇਹਨਾਂ ਵਪਾਰਕ ਅਦਾਰਿਆਂ ਵਿੱਚ ਕੰਮ ਕਰਨ ਵਾਲ਼ੇ ਮਜਦੂਰਾਂ ਨੂੰ ਕਿਸੇ ਕਿਸਮ ਦੇ ਕਾਨੂੰਨੀ ਕਿਰਤ ਹੱਕ ਨਹੀਂ ਮਿਲਣਗੇ। ਕੰਮ ਦੇ ਘੰਟਿਆਂ, ਤਨਖਾਹ, ਹਾਜ਼ਰੀ, ਸੁਰੱਖਿਆ ਆਦਿ ਸਬੰਧੀ ਕਿਸੇ ਵੀ ਤਰ੍ਹਾਂ ਦੇ ਹੱਕ ਤੋਂ ਇਹਨਾਂ ਮਜ਼ਦੂਰਾਂ ਨੂੰ ਹੁਣ ਕਨੂੰਨੀ ਤੌਰ ਉੱਤੇ ਵਾਂਝਾ ਕਰ ਦਿੱਤਾ ਗਿਆ ਹੈ। ਇੰਨਾ ਹੀ ਨਹੀਂ ਜਿਹੜੇ ਵਪਾਰਕ ਅਦਾਰੇ ਇਸ ਕਨੂੰਨ ਦੇ ਘੇਰੇ ਵਿੱਚ ਆਉਣਗੇ ਉਹਨਾਂ ਨੂੰ ਵੀ ਓਵਰਟਾਈਮ ਦੇ ਘੰਟਿਆਂ ਸਬੰਧੀ ਵੱਡੀ ਖੁੱਲ੍ਹ ਦੇ ਦਿੱਤੀ ਗਈ ਹੈ। ਕਾਨੂੰਨ ਵਿੱਚ ਜੋ ਬਦਲਾਅ ਕੰਮ ਦੇ ਘੰਟਿਆਂ ਸਬੰਧੀ ਕੀਤੇ ਜਾ ਰਹੇ ਉਹਨਾਂ ਤੋਂ ਸਪੱਸ਼ਟ ਹੈ ਕਿ ਇਹਨਾਂ ਰਾਹੀਂ ਮਾਲਕਾਂ ਨੂੰ ਲਾਭ ਦਿੱਤਾ ਜਾ ਰਿਹਾ ਹੈ। ਅੱਜ ਲੱਕ ਤੋੜ ਮਹਿੰਗਾਈ ਦੇ ਦੌਰ ਵਿੱਚ ਮਜਦੂਰਾਂ ਤੋਂ ਸਨਅਤਾਂ ਤੇ ਵਪਾਰਕ ਅਦਾਰਿਆਂ ਵਿੱਚ ਬੇਹੱਦ ਘੱਟ ਤਨਖਾਹਾਂ/ਦਿਹਾੜੀਆਂ ਉੱਤੇ ਸਖਤ ਮਿਹਨਤ ਕਰਵਾਈ ਜਾਂਦੀ ਹੈ। ਜਿਆਦਾਤਰ ਥਾਵਾਂ ਉੱਤੇ ਮਾਲਕਾਂ ਵੱਲੋਂ ਮਜ਼ਦੂਰਾਂ ਤੋਂ ਪਹਿਲਾਂ ਹੀ ਰੋਜ਼ਾਨਾ ਤਿੰਨ-ਤਿੰਨ, ਚਾਰ-ਚਾਰ ਘੰਟੇ ਓਵਰਟਾਈਮ ਕਰਵਾਇਆ ਜਾਂਦਾ ਹੈ। ਇਸ ਤਰ੍ਹਾਂ ਮਾਲਕ ਓਵਰਟਾਈਮ ਕੰਮ ਦੇ ਘੰਟਿਆਂ ਸਬੰਧੀ ਕਿਰਤ ਕਨੂੰਨ ਦੀ ਖੁੱਲ੍ਹੇਆਮ ਵੱਡੇ ਪੱਧਰ ਉੱਤੇ ਉਲੰਘਣਾ ਕਰਦੇ ਆ ਰਹੇ ਹਨ। ਮਜਦੂਰ ਜਥੇਬੰਦੀਆਂ ਵੱਲੋਂ ਵਾਰ-ਵਾਰ ਮੰਗ ਉੱਠਦੀ ਰਹੀ ਹੈ ਕਿ ਅੱਠ ਘੰਟੇ ਕੰਮ ਦਿਹਾੜੀ ਦੀ ਇੰਨੀ ਕੁ ਤਨਖਾਹ ਤਾਂ ਹੋਣੀ ਚਾਹੀਦੀ ਹੈ ਕਿ ਕਿਸੇ ਮਜ਼ਦੂਰ ਨੂੰ ਓਵਰਟਾਈਮ ਕੰਮ ਹੀ ਨਾ ਕਰਨਾ ਪਵੇ। ਪਰ ਸਰਕਾਰ ਵਲੋਂ ਢੁੱਕਵੀਂ ਘੱਟੋ-ਘੱਟ ਤਨਖਾਹ ਤੈਅ ਨਹੀਂ ਕੀਤੀ ਗਈ ਸਗੋਂ ਓਵਰਟਾਈਮ ਕੰਮ ਦੇ ਘੰਟਿਆਂ ਸਬੰਧੀ ਕਾਨੂੰਨ ਵਿੱਚ ਹੀ ਮਾਲਕਾਂ ਦੇ ਪੱਖ ਵਿੱਚ ਬਦਲਾਅ ਕਰ ਕਰ ਦਿੱਤੇ ਗਏ। ਉਹਨਾਂ ਕਿਹਾ ਕਿ ਉਹਨਾਂ ਦੀਆਂ ਜਥੇਬੰਦੀਆਂ ਸਮਝਦੀਆਂ ਹਨ ਕਿ ਇਹ ਬਦਲਾਅ ਮੋਦੀ ਸਰਕਾਰ ਵੱਲੋਂ ਬਣਾਏ ਗਏ ਮਜ਼ਦੂਰ ਵਿਰੋਧੀ ਚਾਰ ਕਿਰਤ ਕੋਡਜ਼ ਨੂੰ ਲੁਕਵੇਂ ਢੰਗ ਨਾਲ਼ ਲਾਗੂ ਕਰਨ ਦੀ ਸ਼ੁਰੂਆਤ ਹੈ। ਇਸ ਮੌਕੇ ਕਿਰਨ ਧਰਮਕੋਟ, ਸੁਰਿੰਦਰ ਮੀਰਪੁਰੀ, ਸਤਨਾਮ ਲਾਡੀ ਕੋਟ ਰਾਂਝਾ, ਆਟੋ ਵਰਕਰ ਯੂਨੀਅਨ ਦੇ ਜਿਲਾ ਸਕੱਤਰ ਤਰਨਜੀਤ, ਰੇਹੜੀ ਵਰਕਰ ਯੂਨੀਅਨ ਦੇ ਪ੍ਰਧਾਨ ਹਰੇ ਰਾਮ, ਸਰਵੇਸ਼ ਗੁਪਤਾ, ਸੁਰਿੰਦਰ ਸਿੰਘ ਸਨਾਵਾ ਵੀ ਮੌਜੂਦ ਸਨ।

## ਸੰਤ ਗੁਰਬਚਨ ਦਾਸ ਦੀ ਤੀਸਰੀ ਬਰਸੀ 22 ਨੂੰ



**ਆਦਮਪੁਰ (ਪਰਮਜੀਤ ਸਿੰਘ)**- ਬ੍ਰਹਮਲੀਨ ਸ੍ਰੀ 108 ਸੰਤ ਗੁਰਬਚਨ ਦਾਸ ਦੀ ਬਰਸੀ 'ਤੇ ਤੀਸਰਾ ਮੇਲਾ ਸਾਈਆਂ ਦਾ 22 ਜੂਨ ਨੂੰ ਪਿੰਡ ਰਾਮ ਨਗਰ ਆਦਮਪੁਰ ਵਿਖੇ ਬਹੁਤ ਹੀ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ। ਮੁੱਖ ਸੇਵਾਦਾਰ ਬੀਬੀ ਰੁਪਿੰਦਰ ਕੌਰ ਨੇ ਦੱਸਿਆ ਕਿ 21 ਜੂਨ ਨੂੰ ਮਹਿੰਦੀ ਦੀ ਰਸਮ ਅਦਾ ਕੀਤੀ ਜਾਵੇਗੀ, 22 ਜੂਨ ਨੂੰ ਸਵੇਰੇ 10.00 ਵਜੇ ਤੋਂ ਸੂਫੀਆਨਾ ਮਹਿਫਿਲ ਸਜਾਈ ਜਾਵੇਗੀ, ਜਿਸ ਦੌਰਾਨ ਸੂਫੀ ਕਲਾਕਾਰ ਪ੍ਰਵੇਜ ਆਲਮ, ਅਮਾਨ ਅਲੀ ਅਤੇ ਰਾਜ ਗੁਲਜਾਰ ਹਾਜਰੀ ਭਰਨਗੇ ਅਤੇ ਬਾਬਾ ਜੀ ਦੀ ਮਹਿਮਾ ਦਾ ਗੁਣਗਾਨ ਕਰਨਗੇ।

## ਉਰਦੂ ਭਾਸ਼ਾ ਦੀ ਸਿਖਲਾਈ 1 ਜੁਲਾਈ ਤੋਂ

**ਨਵਾਸ਼ਹਿਰ (ਮਨੋਜ ਲਾਡੀ)**- ਜ਼ਿਲ੍ਹਾ ਭਾਸ਼ਾ ਦਫ਼ਤਰ ਵਲੋਂ ਉਰਦੂ ਭਾਸ਼ਾ ਦੀ ਸਿਖਲਾਈ ਲਈ ਕੋਰਸ 1 ਜੁਲਾਈ ਤੋਂ ਸ਼ੁਰੂ ਕੀਤਾ ਜਾ ਰਿਹਾ ਹੈ। ਜ਼ਿਲਾ ਭਾਸ਼ਾ ਦਫ਼ਤਰ ਵੱਲੋਂ ਸ਼ੁਰੂ ਕੀਤਾ ਜਾ ਰਿਹਾ ਇਹ ਕੋਰਸ ਛੇ ਮਹੀਨੇ ਦਾ ਹੋਵੇਗਾ, ਜਿਸ ਦੀ ਕਲਾਸ ਰੋਜ਼ਾਨਾ ਇੱਕ ਘੰਟੇ ਦੀ ਹੋਵੇਗੀ। ਦਫ਼ਤਰ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਕੋਰਸ ਦੀ ਫ਼ੀਸ 500 ਰੁਪਏ ਹੋਵੇਗੀ, ਜਿਸ ਵਿੱਚ ਕਿਸੇ ਵੀ ਉਮਰ ਦੇ ਚਾਹਵਾਨ ਉਮੀਦਵਾਰ ਦਾਖਲਾ ਲੈ ਸਕਦੇ ਹਨ। ਇਸ ਕੋਰਸ ਲਈ ਭਾਸ਼ਾ ਵਿਭਾਗ ਦੇ ਦਫ਼ਤਰ ਕਮਰਾ ਨੰ 24, ਪਹਿਲੀ ਮੰਜ਼ਲ, ਐੱਸ.ਡੀ.ਐੱਮ. ਦਫ਼ਤਰ, ਨਵਾਂਸ਼ਹਿਰ ਜਾਂ ਕਮਰਾ ਨੰ. 221 ਕੇ.ਸੀ. ਟਾਵਰ ਚੰਡੀਗੜ੍ਹ ਰੋਡ, ਨਵਾਂਸ਼ਹਿਰ ਵਿਖੇ ਫ਼ਾਰਮ ਭਰ ਕੇ ਦਾਖ਼ਲਾ ਲਿਆ ਜਾ ਸਕਦਾ ਹੈ।

# ਸੈਣੀ ਭਵਨ 'ਚ 6 ਜੁਲਾਈ ਨੂੰ 24ਵਾਂ ਵਿਸ਼ਾਲ ਖ਼ੂਨਦਾਨ ਕੈਂਪ

**ਰੂਪਨਗਰ (ਰਾਜਿੰਦਰ ਸੈਣੀ)**- ਸੈਣੀ ਭਵਨ ਵਿਖੇ ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.) ਵਲੋਂ 6 ਜੁਲਾਈ ਨੂੰ 24ਵਾਂ ਵਿਸ਼ਾਲ ਖ਼ੂਨਦਾਨ ਕੈਂਪ ਲਗਾਇਆ ਜਾ ਰਿਹਾ ਹੈ। ਇਹ ਫੈਸਲਾ ਸੰਸਥਾਨ ਦੀ ਪ੍ਰਬੰਧਕੀ ਦੀ ਮਾਸਿਕ ਮੀਟਿੰਗ ਦੌਰਾਨ ਕੀਤਾ ਗਿਆ। ਮੀਟਿੰਗ ਸੰਸਥਾਨ ਦੇ ਪ੍ਰਧਾਨ ਡਾ. ਅਜਮੇਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ ਸਮੂਹ ਮੈਂਬਰਾਂ ਨੇ ਸਫਲ ਬਣਾਉਣ ਲਈ ਆਪਣਾ ਭਰਪੂਰ ਯੋਗਦਾਨ ਪਾਉਣ ਲਈ ਸਹਿਯੋਗ ਕਰਨ ਦਾ ਭਰੋਸਾ ਦਿੱਤਾ। ਸੰਸਥਾਨ ਦੇ ਪ੍ਰਬੰਧਕਾਂ ਨੇ ਲੋਕ ਭਲਾਈ ਦੇ ਇਸ ਕਾਰਜ ਵਿੱਚ ਖ਼ੂਨਦਾਨੀਆ ਨੂੰ ਹੁੰਮਹੁਮਾ ਕੇ ਸ਼ਿਰਕਤ ਕਰਨ ਦੀ ਅਪੀਲ ਕੀਤੀ ਹੈ। ਇਸ ਮੌਕੇ ਪ੍ਰਧਾਨ ਡਾ. ਅਜਮੇਰ ਸਿੰਘ ਨੇ ਦੱਸਿਆ ਕਿ ਇਸੇ ਦਿਨ ਸੰਸਥਾਨ ਵਲੋਂ ਜਾਰੀ ਕੀਤਾ ਜਾਂਦਾ ਤਿਮਾਹੀ ਮੈਗਜ਼ੀਨ ਸੈਣੀ ਸੰਸਾਰ ਦਾ 56ਵਾਂ ਅੰਕ ਵੀ ਜਾਰੀ ਕੀਤਾ ਜਾਵੇਗਾ।

# ਨਗਰ ਕੌਂਸਲ ਨੇ ਵੀ ਆਈ ਪੀ ਇਨਕਲੇਵ ਵਿਖੇ ਅਣਅਧਿਕਾਰਤ ਉਸਾਰੀ ਰੋਕੀ

● ਨਿਯਮ ਪੂਰੇ ਨਾ ਹੋਣ ਤੱਕ ਇਮਾਰਤ ਰਹੇਗੀ ਸੀਲ

**ਜ਼ੀਰਕਪੁਰ (ਵਿਨੈ ਕੁਮਾਰ ਜੈਨ)**- ਨਗਰ ਕੌਂਸਲ, ਜ਼ੀਰਕਪੁਰ ਵੱਲੋਂ ਵੱਲੋਂ ਅਣਅਧਿਕਾਰਤ ਉਸਾਰੀਆਂ ਵਿਰੁੱਧ ਸਖ਼ਤ ਰੁਖ ਅਪਣਾਉਂਦੇ ਹੋਏ ਪਲਾਟ ਨੰਬਰ 45, ਵੀ.ਆਈ.ਪੀ. ਇਨਕਲੇਵ, ਜ਼ੀਰਕਪੁਰ ਵਿਖੇ ਕੀਤੀ ਜਾ ਰਹੀ ਅਣਅਧਿਕਾਰਤ ਉਸਾਰੀ ਨੂੰ ਰੋਕਣ ਦੇ ਨਾਲ ਨਾਲ ਇਮਾਰਤ ਨੂੰ ਸੀਲ ਕਰ ਦਿੱਤਾ ਗਿਆ। ਕਾਰਜ ਸਾਧਕ ਅਫ਼ਸਰ ਜਗਜੀਤ ਸਿੰਘ ਜੱਜ ਅਨੁਸਾਰ ਉਕਤ ਅਣਅਧਿਕਾਰਤ ਉਸਾਰੀ ਨੂੰ ਰੋਕਣ ਲਈ ਪੰਜਾਬ ਮਿਉਂਸਪਲ ਐਕਟ 1911 ਦੀ ਧਾਰਾ 195-ਡੀ ਤਹਿਤ ਨੋਟਿਸ ਜਾਰੀ ਕੀਤਾ ਗਿਆ ਸੀ। ਪਰੰਤੂ ਉਸਾਰੀਕਰਤਾ ਵੱਲੋਂ ਅਣਅਧਿਕਾਰਤ ਉਸਾਰੀ ਨੂੰ ਨਕਸ਼ੇ ਮੁਤਾਬਿਕ ਦਰੁਸਤ ਨਹੀ ਕੀਤਾ ਜਾ ਰਿਹਾ ਸੀ ਅਤੇ ਵਾਰ-ਵਾਰ ਰੋਕਣ 'ਤੇ ਵੀ ਕੰਮ ਬੰਦ ਨਹੀਂ ਕੀਤਾ ਜਾ ਰਿਹਾ ਸੀ। ਇਸ ਸੰਬੰਧੀ ਕਾਰਵਾਈ ਕਰਦੇ ਹੋਏ ਨਗਰ ਕੌਂਸਲ ਜ਼ੀਰਕਪੁਰ ਦੀ ਟੀਮ ਵੱਲੋਂ ਅੱਜ ਅਣਅਧਿਕਾਰਤ ਉਸਾਰੀ ਨੂੰ ਡਿਊਟੀ ਮੈਜਿਸਟਰੇਟ-ਕਮ-ਨਾਇਬ ਤਹਿਸੀਲਦਾਰ ਜ਼ੀਰਕਪੁਰ ਅਤੇ ਪੁਲਸ ਫੋਰਸ ਦੀ ਮੌਜੂਦਗੀ ਵਿਚ ਸੀਲ ਕਰਨ ਦੀ ਕਾਰਵਾਈ ਕੀਤੀ ਗਈ ਅਤੇ ਆਸ ਪਾਸ ਦੇ ਵਸਨੀਕਾਂ ਨੂੰ ਅਪੀਲ ਕੀਤੀ ਗਈ ਕਿ ਕੋਈ ਵੀ ਅਣਅਧਿਕਾਰਤ ਉਸਾਰੀ ਭਵਿੱਖ ਵਿਚ ਨਾ ਕੀਤੀ ਜਾਵੇ। ਨਗਰ ਕੌਂਸਲ, ਜ਼ੀਰਕਪੁਰ ਵੱਲੋਂ ਸਰਕਾਰ ਦੇ ਰੂਲਾਂ/ਨਿਯਮਾਂ ਅਨੁਸਾਰ ਨਕਸ਼ਾ ਪਾਸ ਕਰਵਾਉਣ ਉਪਰੰਤ ਹੀ ਉਸਾਰੀ ਕਰਨੀ ਯਕੀਨੀ ਬਣਾਈ ਜਾਵੇ। ਉਨ੍ਹਾਂ ਕਿਹਾ ਕਿ ਨਿਯਮਾਂ ਦੀ ਉਲੰਘਣਾ ਦੀ ਸੂਰਤ ਵਿਚ ਸੰਬੰਧਤ ਵਿਅਕਤੀ/ਅਣਅਧਿਕਾਰਤ ਉਸਾਰੀਕਰਤਾ ਵਿਰੁੱਧ ਬਣਦੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।



# ਸਬ-ਡਵੀਜ਼ਨਲ ਹਸਪਤਾਲ ਦੀ ਨਵੀਂ ਬਣੀ ਬਿਲਡਿੰਗ ਦਾ ਡਿਪਟੀ ਕਮਿਸ਼ਨਰ ਨੇ ਲਿਆ ਜਾਇਜ਼ਾ

**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰ ਸਿੰਘ ਬੋਬੀ)**— ਡਿਪਟੀ ਕਮਿਸ਼ਨਰ ਰੂਪਨਗਰ ਵਰਜੀਤ ਵਾਲੀਆ ਆਈ.ਏ.ਐਸ ਵੱਲੋਂ ਸਬ-ਡਵੀਜ਼ਨਲ ਹਸਪਤਾਲ ਸ਼੍ਰੀ ਚਮਕੌਰ ਸਾਹਿਬ ਦੀ ਨਵੀਂ ਬਣੀ



ਇਮਾਰਤ ਦਾ ਜਾਇਜ਼ਾ ਲਿਆ ਗਿਆ। ਉਨ੍ਹਾਂ ਹਸਪਤਾਲ ਦੀ ਬਿਲਡਿੰਗ ਵਿੱਚ ਕੀਤੇ ਗਏ ਕੰਮਾਂ ਅਤੇ ਚੱਲ ਰਹੇ ਅੰਤਿਮ ਕਾਰਜਾਂ ਦਾ ਨਰੀਖਣ ਕੀਤਾ। ਉਨ੍ਹਾਂ ਐਸ.ਡੀ.ਓ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਨੂੰ ਹਸਪਤਾਲ ਵਿੱਚ ਦੂਜੀ ਮੰਜਿਲ ਨਾਲ ਜੋੜਨ ਵਾਲੇ ਰੈਂਪ ਦੇ ਕੰਮ ਨੂੰ ਜਲਦੀ ਮੁਕੰਮਲ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਸ਼੍ਰੀ ਚਮਕੌਰ ਸਾਹਿਬ ਵਿਖੇ ਨਵੇਂ ਬਣੇ 50 ਬੈਡਾਂ ਦੇ ਹਸਪਤਾਲ ਨਾਲ ਲੋਕਾਂ ਨੂੰ ਬਿਹਤਰ ਸਿਹਤ ਸੁਵਿਧਾਂਵਾਂ ਮੁਹੱਈਆ ਕਰਵਾਈਆਂ ਜਾ ਸਕਣਗੀਆਂ। ਇਸ ਦੋ ਮੰਜਿਲਾਂ ਹਸਪਤਾਲ ਦੀ ਇਮਾਰਤ ਵਿੱਚ ਐਮਰਜੈਂਸੀ ਸੇਵਾਵਾਂ, ਲੇਬਰ ਰੂਮ, ਓਪਰੇਸ਼ਨ ਥਿਏਟਰ, ਡਾਕਟਰਾਂ ਦੇ ਓ.ਪੀ.ਡੀ ਕਮਰੇ, ਐਕਸ-ਰੇ ਰੂਮ, ਆਈ.ਸੀ.ਟੀ.ਸੀ ਲੈਬ, ਲੈਬੋਰੇਟਰੀ, ਪਰਿਵਾਰ ਨਿਯੋਜਨ, ਟੀਕਾਕਰਨ ਰੂਮ, ਕੋਲਡ ਚੇਨ ਪੋਆਇੰਟ, ਨਰਸਿੰਗ ਸਟੇਸ਼ਨ, ਮਰੀਜਾਂ ਲਈ ਵਾਰਡ, ਟ੍ਰੇਨਿੰਗ ਮੀਟਿੰਗ ਹਾਲ, ਐਸ.ਐਮ.ਓ ਦਫ਼ਤਰ, ਸੈਂਪਲ ਕਲੈਕਸ਼ਨ ਰੂਮ, ਮਾਈਨਰ ਓ.ਟੀ, ਐਕਲੈਂਪਸੀਆ ਰੂਮ, ਰਜਿਸਟ੍ਰੇਸ਼ਨ ਕਾਊਂਟਰ, ਦਵਾਈਆਂ, ਈ.ਸੀ.ਜੀ ਰੂਮ, ਮੋਰਚਰੀ, ਪਾਰਕਿੰਗ ਏਰੀਆ ਆਦਿ ਸਥਾਪਿਤ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਇਸ ਹਸਪਤਾਲ ਨੂੰ ਜਲਦ ਇਲਾਕੇ ਦੇ ਲੋਕਾਂ ਨੂੰ ਸਮਰਪਿਤ ਕੀਤਾ ਜਾਵੇਗਾ ਜਿਸ ਨਾਲ ਲੋੜਵੰਦ ਮਰੀਜਾਂ ਨੂੰ ਵਿਆਪਕ ਪੱਧਰ ਉੱਤੇ ਮਿਆਰੀ ਸਿਹਤ ਸੇਵਾਵਾਂ ਇਲਾਕੇ ਵਿੱਚ ਹੀ ਮਿਲਣਗੀਆਂ। ਇਸ ਮੌਕੇ 'ਤੇ ਉਪਮੰਡਲ ਮੈਜਿਸਟ੍ਰੇਟ ਸੁਖਪਾਲ ਸਿੰਘ, ਡਾ. ਗੋਬਿੰਦ ਟੰਡਨ ਸੀਨੀਅਰ ਮੈਡੀਕਲ ਅਫਸਰ, ਡਾ.ਸਵਪਨਜੀਤ ਕੌਰ ਜ਼ਿਲ੍ਹਾ ਪਰਵਾਰ ਭਲਾਈ ਅਫਸਰ, ਨਾਇਬ ਤਹਿਸੀਲਦਾਰ ਰਮਨ ਗੁਪਤਾ, ਡੀ.ਐਸ.ਪੀ ਮਨਜੀਤ ਸਿੰਘ ਔਲਖ, ਐਸ.ਐਚ.ਓ ਗੁਰਪ੍ਰੀਤ ਸਿੰਘ, ਜਸਵੀਰ ਕੁਮਾਰ ਸੁਪਰਡੈਂਟ, ਕਾਰਜਸਾਧਕ ਅਫਸਰ, ਗੁਰਦੀਪ ਸਿੰਘ, ਐਸ.ਡੀ.ਓ ਦਿਨੇਸ਼ ਕੁਮਾਰ, ਸੁਰਿੰਦਰਪਾਲ ਸਟੈਨੋ, ਅਵਤਾਰ ਸਿੰਘ ਘੁੰਮਣ, ਹਰਵਿੰਦਰ ਸਿੰਘ ਬੀ.ਈ.ਈ ਅਤੇ ਹੋਰ ਸਟਾਫ ਹਾਜਰ ਸੀ।



ਪੇਂਡੂ ਮਜ਼ਦੂਰ ਯੂਨੀਅਨ ਪੰਜਾਬ, ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨ, ਡੈਮੋਕਰੈਟਿਕ ਮੁਲਾਜ਼ਮ ਫਰੰਟ ਵੱਲੋਂ ਮੁੱਖ ਮੰਤਰੀ ਪੰਜਾਬ ਦੇ ਨਾਂਅ ਇੱਕ ਮੰਗ ਪੱਤਰ ਹਲਕਾ ਵਿਧਾਇਕ ਨਕੋਦਰ ਬੀਬੀ ਇੰਦਰਜੀਤ ਕੌਰ ਰਾਹੀਂ ਭੇਜਿਆ ਗਿਆ। ਜਿਸ ਵਿੱਚ ਮੰਗ ਕੀਤੀ ਗਈ ਕਿ ਕਿਰਤ ਕਨੂੰਨਾਂ ਵਿੱਚ ਕੀਤੀਆ ਸੋਧਾਂ ਰੱਦ ਕੀਤੀਆਂ ਜਾਣ। ਐਮ ਐਲ ਏ ਨੇ ਵਿਧਾਨ ਸਭਾ ਵਿੱਚ ਗੱਲ ਰੱਖਣ ਦਾ ਭਰੋਸਾ ਵੀ ਦਿਵਾਇਆ। ਮੰਗ ਪੱਤਰ ਦਿੰਦੇ ਹੋਏ ਆਗੂ। (ਫੋਟੋ ਤੇ ਵੇਰਵਾ : ਬਾਲੀ ਪੱਤਰਕਾਰ ਨੂਰਮਹਿਲ)

# ਲਾਇਲਪੁਰ ਖ਼ਾਲਸਾ ਕਾਲਜ ਦੇ ਐੱਮ ਏ ਹਿਸਟਰੀ ਸਮੈਸਟਰ ਪਹਿਲਾ ਦਾ ਨਤੀਜਾ ਸ਼ਾਨਦਾਰ



**ਜਲੰਧਰ (ਸ਼ੈਲੀ ਐਲਬਰਟ)**- ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਐਮ.ਏ. ਹਿਸਟਰੀ ਪਹਿਲਾ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ। ਲਾਇਲਪੁਰ ਖ਼ਾਲਸਾ ਕਾਲਜ ਦੀ ਵਿਦਿਆਰਥਣ ਹਰਸ਼ਪ੍ਰੀਤ ਕੌਰ ਨੇ 10 ਵਿਚੋਂ 7.60 ਐਸ.ਜੀ.ਪੀ.ਏ. ਪ੍ਰਾਪਤ ਕਰਦੇ ਹੋਏ ਯੂਨੀਵਰਸਿਟੀ ਮੈਰਿਟ ਵਿਚੋਂ ਚੌਥਾ, ਰਜ਼ੀਆ ਨੇ 7.40 ਐਸ.ਜੀ.ਪੀ.ਏ. ਪ੍ਰਾਪਤ ਕਰਕੇ ਪੰਜਵਾਂ ਸਥਾਨ, ਅਰਸ਼ਦੀਪ ਸਿੰਘ ਅਤੇ ਨੀਤੂ ਨੇ 7.20 ਐਸ.ਜੀ.ਪੀ.ਏ. ਪ੍ਰਾਪਤ ਕਰਕੇ ਸਾਂਝੇ ਰੂਪ ਵਿਚ ਛੇਵਾਂ ਸਥਾਨ ਹਾਸਲ ਕੀਤਾ। ਇਸ ਮੌਕੇ ਸਰਦਾਰਨੀ ਬਲਬੀਰ ਕੌਰ, ਪ੍ਰਧਾਨ ਗਵਰਨਿੰਗ ਕੌਂਸਲ ਅਤੇ ਪ੍ਰਿੰਸੀਪਲ ਡਾ. ਸੁਮਨ ਚੋਪੜਾ ਨੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ। ਇਸ ਮੌਕੇ ਡਾ. ਅਮਨਦੀਪ ਕੌਰ, ਡਾ. ਕਰਨਵੀਰ ਸਿੰਘ ਅਤੇ ਪ੍ਰੋ. ਸੰਦੀਪ ਕੌਰ ਵੀ ਹਾਜ਼ਰ ਸਨ।

# ਮੰਡੇਰ ਦੋਨਾ ਨੇੜਿਓਂ 5ਵੀਂ ਵਾਰ ਟੁੱਟੀ ਨਹਿਰ, ਵਿਭਾਗ 'ਤੇ ਉੱਠੇ ਸਵਾਲ

## ● ਕਿਸਾਨ ਆਗੂਆਂ ਵੱਲੋਂ ਵਿਭਾਗ ਦੇ ਉੱਚ ਅਧਿਕਾਰੀਆਂ 'ਤੇ ਲਾਪ੍ਰਵਾਹੀ ਵਰਤਣ ਦਾ ਦੋਸ਼



**ਕਾਲਾ ਸੰਘਿਆਂ (ਮਨਜੀਤ ਮਾਨ)**- ਝੋਨੇ ਦੀ ਲਵਾਈ ਦਾ ਸੀਜ਼ਨ ਸ਼ੁਰੂ ਹੋਇਆ ਹੀ ਹੈ ਕਿ ਜਲੰਧਰ-ਕੋਲਪੁਰ ਮਾਈਨਰ ਠੇਕਰ ਬੁਰਜੀ ਨੰਬਰ 44500 ਪਿੰਡ ਮੰਡੇਰ ਦੋਨਾ ਤੋਂ ਕੁੱਝ ਕੁ ਸਮੇਂ ਵਿੱਚ ਹੀ 5ਵੀਂ ਵਾਰ ਨਹਿਰ ਟੁੱਟ ਚੁੱਕੀ ਹੈ। ਇਸ ਸਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਕਿਰਤੀ ਕਿਸਾਨ ਯੂਨੀਅਨ ਪੰਜਾਬ ਤੇ ਦੋਨਾ ਫਾਰਮਰਜ਼ ਫਰੰਟ ਦੇ ਆਗੂਆਂ ਨੇ ਦੱਸਿਆ ਕਿ ਪਹਿਲਾਂ ਵੀ 25-26 ਅਪ੍ਰੈਲ ਦੇ ਕਰੀਬ ਇੱਥੋਂ ਹੀ ਇਹ ਨਹਿਰ ਟੁੱਟੀ ਸੀ ਤੇ ਹੁਣ ਫਿਰ ਪਾਣੀ ਆਉਂਦੇ ਸਾਰ ਇਹ ਨਹਿਰ ਟੁੱਟ ਗਈ ਹੈ, ਜਿਸ ਦੀ ਸੂਚਨਾ ਕਿਸਾਨ ਬਲਦੇਵ ਸਿੰਘ ਨੇ ਵਿਭਾਗ ਦੇ ਜੇ ਈ ਦੀਪਕ ਕੁਮਾਰ ਨੂੰ ਦੇਣ ਵਾਸਤੇ ਫੋਨ ਕੀਤਾ, ਪਰ ਉਸ ਨੇ ਕਥਿਤ ਤੌਰ 'ਤੇ ਫੋਨ ਚੁੱਕਿਆ ਨਹੀਂ। ਜਿਸ ਉਪਰੰਤ ਕਿਸਾਨ ਯੂਨੀਅਨਾਂ ਦੋਨਾ ਫਾਰਮਜ਼ ਫਰੰਟ ਕਪੂਰਥਲਾ ਤੇ ਕਿਰਤੀ ਕਿਸਾਨ ਯੂਨੀਅਨ ਪੰਜਾਬ ਨੂੰ ਸੂਚਨਾ ਦਿੱਤੀ ਗਈ, ਜਿਸ 'ਤੇ ਦੋਨੋਂ ਯੂਨੀਅਨਾਂ ਦੇ ਪ੍ਰਧਾਨ ਇੰਜੀਨੀਅਰ ਸੁਰਜੀਤ ਸਿੰਘ ਪਾਲ ਅਤੇ ਕਿਰਤੀ ਕਿਸਾਨ ਯੂਨੀਅਨ ਪੰਜਾਬ ਦੀ ਇਕਾਈ ਕਾਲਾ ਸੰਘਿਆਂ ਦੇ ਪ੍ਰਧਾਨ ਪਲਵਿੰਦਰ ਸਿੰਘ ਸੰਘਾ ਸਾਥੀਆਂ ਸਮੇਤ ਮੌਕੇ 'ਤੇ ਪਹੁੰਚੇ। ਉਹਨਾਂ ਕਿਹਾ ਕਿ ਵਾਰ ਵਾਰ ਨਹਿਰ ਟੁੱਟਣ ਦਾ ਕਾਰਨ ਨਹਿਰ ਦੀ ਉਚਾਈ ਜ਼ਮੀਨ ਪੱਧਰ ਨਾਲੋਂ ਬਹੁਤ ਹੀ ਜ਼ਿਆਦਾ ਤੇ ਨਹਿਰ ਦੇ ਕੰਢੇ ਮਿੱਟੀ ਵੀ ਬਹੁਤ ਘੱਟ ਲੱਗੀ ਹੋਈ ਹੈ। ਇਹ ਠੋਕਰ (ਝਾਲ) ਬਹੁਤ ਜ਼ਿਆਦਾ ਤੰਗ ਹੈ ਤੇ ਇਸ ਦਾ ਵੱਡਾ ਕਾਰਨ ਨਹਿਰ ਨੂੰ ਬਣਾਉਂਦੇ ਸਮੇਂ ਕਥਿਤ ਘਟੀਆ ਮਟੀਰੀਅਲ ਦੀ ਵਰਤੋਂ ਵੀ ਕੀਤੀ ਲਗਦੀ ਹੈ ਜੋ 2020 ਵਿੱਚ ਬਣੀ ਤੇ ਹੁਣ ਤੱਕ ਵਾਰ-ਵਾਰ ਟੁੱਟਦੀ ਆ ਰਹੀ ਹੈ। ਕਿਸਾਨ ਆਗੂਆਂ ਅਨੁਸਾਰ ਇਹ ਨਹਿਰ ਜਿਹੜੇ ਅਧਿਕਾਰੀਆਂ ਦੀ ਦੇਖ ਰੇਖ ਵਿੱਚ ਬਣੀ ਸੀ, ਉਨ੍ਹਾਂ ਦੀ ਵਿਜੀਲੈਂਸ ਜਾਂਚ ਹੋਣੀ ਚਾਹੀਦੀ ਹੈ ਕਿਉਂਕਿ ਜਦੋਂ ਪਾਣੀ ਜ਼ਿਆਦਾ ਆ ਜਾਂਦਾ ਹੈ ਤਾਂ ਨਹਿਰ ਉੱਛਲ ਕੇ ਟੁੱਟ ਜਾਂਦੀ ਹੈ ਤੇ ਕਿਸਾਨਾਂ ਦੀਆਂ ਫ਼ਸਲਾਂ ਦਾ ਵੱਡਾ ਨੁਕਸਾਨ ਕਰ ਦਿੰਦੀ ਹੈ। ਨਹਿਰ ਨਾਲ ਲੱਗਦੀ ਜ਼ਮੀਨ ਵਾਲੇ ਕਿਸਾਨ ਬਲਦੇਵ ਸਿੰਘ ਨੇ ਭਰੇ ਮਨ ਦੱਸਿਆ ਕਿ ਇਹ ਨਹਿਰ ਮੇਰਾ ਲੱਖਾਂ ਰੁਪਏ ਦਾ ਨੁਕਸਾਨ ਕਰ ਚੁੱਕੀ ਹੈ। ਜਦੋਂ ਜਦੋਂ ਮੈਂ ਉਚ ਅਧਿਕਾਰੀਆਂ ਨੂੰ ਨਹਿਰ ਠੀਕ ਤਰ੍ਹਾਂ ਨਾਲ ਬਣਾਉਣ ਵਾਸਤੇ ਅਪੀਲ ਕੀਤੀ ਤਾਂ ਉਨ੍ਹਾਂ ਨੇ ਨਹਿਰ ਤੋੜ ਕੇ ਫ਼ਸਲ ਨੂੰ ਪਾਣੀ ਲਾਉਣ ਦਾ ਝੂਠਾ ਪਰਚਾ ਕਰਾ ਦੇਣ ਦੀ ਕਥਿਤ ਧਮਕੀ ਦਿੱਤੀ ਸੀ। ਇਸ ਤੋਂ ਇਹ ਜਾਪਦਾ ਹੈ ਕਿ ਅਧਿਕਾਰੀ ਕੰਮ ਕਰਨ ਦੀ ਬਜਾਏ ਲੋਕਾਂ ਨੂੰ ਧਮਕਾਉਣ ਤੇ ਜ਼ਿਆਦਾ ਵਿਸ਼ਵਾਸ ਰੱਖਦੇ ਹਨ। ਇਲਾਕੇ ਦੇ ਕਿਸਾਨਾਂ ਵਿੱਚ ਇਸ ਨੂੰ ਲੈ ਕੇ ਰੋਸ ਤੇ ਡਰ ਦਾ ਮਾਹੌਲ ਹੈ। ਇਲਾਕੇ ਦੇ ਕਿਸਾਨਾਂ ਅਤੇ ਯੂਨੀਅਨਾਂ ਦੇ ਆਗੂਆਂ ਨੇ ਪ੍ਰਸ਼ਾਸਨ ਕੋਲੋਂ ਮੰਗ ਕੀਤੀ ਕਿ ਨਹਿਰ ਟੁੱਟਣ ਦੀ ਵਜ੍ਹਾ ਨਾਲ ਕਿਸਾਨਾਂ ਦੇ ਹੋਣ ਵਾਲੇ ਨੁਕਸਾਨ ਦੀ ਭਰਪਾਈ ਜ਼ਿੰਮੇਵਾਰ ਅਧਿਕਾਰੀ ਕੋਲੋਂ ਕੀਤੀ ਜਾਣੀ ਚਾਹੀਦੀ ਹੈ। ਕਿਸਾਨ ਆਗੂ ਇੰਜ. ਪਾਲ ਤੇ ਸੰਘਾ ਨੇ ਮਹਿਕਮੇ ਦੇ ਉੱਚ ਅਧਿਕਾਰੀਆਂ ਨੂੰ ਚੇਤਾਵਨੀ ਦਿੱਤੀ ਹੈ ਕਿ ਉਹ ਇਸ ਮਸਲੇ ਦਾ ਬਿਨਾਂ ਕਿਸੇ ਦੇਰੀ ਦੇ ਹੱਲ ਕਰਨ, ਨਹੀਂ ਤਾਂ ਉਹਨਾਂ ਵੱਲੋਂ ਸਖਤ ਐਕਸ਼ਨ ਲਿਆ ਜਾਵੇਗਾ!! ਇਸ ਮੌਕੇ ਸੁਰਜੀਤ ਸਿੰਘ ਪਾਲ ਪ੍ਰਧਾਨ ਦੋਨਾ ਫਾਰਮਜ਼ ਫਰੰਟ, ਪਲਵਿੰਦਰ ਸਿੰਘ ਸੰਘਾ ਇਲਾਕਾ ਪ੍ਰਧਾਨ ਕਿਰਤੀ ਕਿਸਾਨ ਯੂਨੀਅਨ ਪੰਜਾਬ, ਬਲਜਿੰਦਰ ਸਿੰਘ ਕਾਲਾ, ਕਾਮਰੇਡ ਪਰਗਣ ਸਿੰਘ, ਡਾਕਟਰ ਸਤਪਾਲ ਸਿੰਘ ਸਰਪੰਚ ਪਤੀ ਸੰਧੂ ਚੱਠਾ, ਰਣਜੀਤ ਸਿੰਘ ਸੰਧੂ ਚੱਠਾ, ਬਲਦੇਵ ਸਿੰਘ ਮੰਡੇਰ, ਕੁਲਵਿੰਦਰ ਸਿੰਘ ਸਰਪੰਚ ਮੰਡੇਰ ਦੋਨਾ ਮੌਜੂਦ ਸਨ।ਇਸ ਸਬੰਧੀ ਜਦੋਂ ਨਹਿਰੀ ਵਿਭਾਗ ਦੇ ਸਬੰਧਤ ਐਸ ਡੀ ਓ ਕਰਨ ਸਿੰਘ ਨਾਲ਼ ਟੈਲੀਫੋਨ 'ਤੇ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਨਹਿਰ ਜਿੱਥੋਂ ਟੁੱਟੀ ਸੀ ਠੀਕ ਕਰਵਾਈ ਜਾ ਰਹੀ ਹੈ ਅਤੇ ਬਲਦੇਵ ਸਿੰਘ ਵੱਲੋਂ ਧਮਕੀ ਦੇਣ ਦੇ ਲਗਾਏ ਇਲਜ਼ਾਮ ਬੇਬੁਨਿਆਦ ਹਨ।

# ਦਿਹਾੜੀ ਦੇ ਘੰਟੇ ਵਧਾਉਣ ਖਿਲਾਫ਼ ਮੁੱਖ ਮੰਤਰੀ ਨੂੰ ਭੇਜਿਆ ਮੰਗ ਪੱਤਰ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)** ਪੰਜਾਬ ਸਰਕਾਰ ਨੇ ਕੇਂਦਰ ਵੱਲੋਂ ਕਰੋਨਾ ਕਾਲ ਦੌਰਾਨ ਲੇਬਰ ਰੂਲਾਂ ਨੂੰ ਖਤਮ ਕਰਕੇ ਪਾਸ ਕੀਤੇ ਚਾਰ ਕਿਰਤ ਕੋਡਾਂ ਨੂੰ ਲਾਗੂ ਕਰਨ ਹਿੱਤ ਪਿਛਲੇ ਦਿਨੀ ਕੀਤੇ ਦਿਹਾੜੀ ਦੇ ਘੰਟੇ ਵਧਾਉਣ ਦੇ ਨੋਟੀਫਿਕੇਸ਼ਨ ਖਿਲਾਫ ਇਫਟੂ ਵਲੋਂ ਦਿੱਤੇ ਸੱਦੇ ਤਹਿਤ ਡੈਮੋਕਰੇਟਿਕ ਮੁਲਾਜਮ ਫੈਡਰੇਸ਼ਨ ਪੰਜਾਬ ਅਤੇ ਪੇਂਡੂ ਮਜਦੂਰ ਯੂਨੀਅਨ ਵੱਲੋਂ ਸਾਂਝੇ ਤੌਰ 'ਤੇ ਡੀਐਮਐਫ ਆਗੂ ਹੰਸ ਰਾਜ ਗੜ੍ਹਸ਼ੰਕਰ,ਸੱਤਪਾਲ ਕਲੇਰ ਅਤੇ ਮਜਦੂਰ ਆਗੂ ਬਗੀਚਾ ਸਿੰਘ ਸਹੂੰਗੜਾ ਤੇ ਪਰਮਜੀਤ ਸਿੰਘ ਚੌਹੜਾ ਦੀ ਅਗਵਾਈ ਹੇਠ ਮੁਲਾਜਮ ਮਜਦੂਰਾਂ ਵਲੋਂ ਇਕੱਤਰ ਹੋ ਕੇ ਡਿਪਟੀ ਸਪੀਕਰ ਜੈ ਕਿਸ਼ਨ ਰੌੜੀ ਰਾਹੀਂ ਮੁੱਖ ਮੰਤਰੀ ਪੰਜਾਬ ਨੂੰ ਮੰਗ ਪੱਤਰ ਭੇਜਿਆ। ਫੈਡਰੇਸ਼ਨ ਦੇ ਆਗੂ ਮੁਕੇਸ਼ ਕੁਮਾਰ, ਸੁਖਦੇਵ ਡਾਂਸੀਵਾਲ ਅਤੇ ਮਜਦੂਰ ਆਗੂ ਨੇ ਦੱਸਿਆ ਕਿ ਪਿਛਲੇ 34 ਸਾਲਾਂ ਤੋਂ ਦੁਨੀਆ ਭਰ ਦੇ ਵੱਡੇ ਕਾਰਪੋਰੇਟਸ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਕੇਂਦਰ ਤੇ ਰਾਜ ਸਰਕਾਰਾਂ ਵੱਲੋਂ ਲਾਗੂ ਕੀਤੀਆਂ ਜਾ ਰਹੀਆਂ ਆਰਥਿਕ ਨੀਤੀਆਂ ਦੇ ਅਗਲੇ ਪੜਾਅ ਵਜੋਂ ਕਿਰਤ ਕਾਨੂੰਨਾਂ ਨੂੰ ਦਰੜ ਕੇ ਦਿਹਾੜੀ ਦੇ ਕੰਮ ਦੇ ਘੰਟੇ ਵਧਾ ਕੇ ਇਤਿਹਾਸ ਨੂੰ ਪਿਛਲ ਮੋੜਾ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਹਨਾਂ ਦਿਸ਼ਾ ਨਿਰਦੇਸ਼ਾਂ ਤਹਿਤ ਪੰਜਾਬ ਦੀ ਸਰਕਾਰ ਵੱਲੋਂ ਵੀ ਪਿਛਲੇ ਦਿਨੀ ਦਿਹਾੜੀ ਦੇ ਘੰਟੇ 8 ਤੋਂ ਵਧਾ ਕੇ 12 ਕਰ ਦਿੱਤੇ ਗਏ ਹਨ ਜਿਸ ਦੇ ਖਿਲਾਫ 9 ਜੁਲਾਈ ਨੂੰ ਦੇਸ਼ ਪੱਧਰੀ ਹੜਤਾਲ ਕੀਤੀ ਜਾ ਰਹੀ ਹੈ। ਆਗੂਆਂ ਨੇ ਕਿਹਾ ਕਿ ਪੂੰਜੀਪਤੀ ਜਮਾਤ ਵੱਧ ਤੋਂ ਵੱਧ ਮੁਨਾਫਾ ਕਮਾਉਣ ਦੀ ਹਵਸ ਵਿੱਚ ਆਉਣ ਵਾਲੇ ਸਮੇਂ ਵਿੱਚ ਮਜਦੂਰ ਜਮਾਤ ਦਾ ਕਚੂੰਬਰ ਕੱਢਣਾ ਚਾਹੁੰਦੀ ਹੈ, ਮਜਦੂਰ ਜਮਾਤ ਪੂੰਜੀਪਤੀਆਂ ਦੇ ਇਹਨਾਂ ਮਨਸੂਬਿਆਂ ਨੂੰ ਕਦੇ ਵੀ ਪੂਰਾ ਨਹੀਂ ਹੋਣ ਦੇਵੇਗੀ। ਇਸ ਸਮੇਂ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਹਰਮੇਸ਼ ਸਿੰਘ ਢੇਸੀ, ਮੁਲਾਜਮ ਆਗੂ ਰਜਿੰਦਰ ਸਿੰਘ, ਮਨਜੀਤ ਸਿੰਘ ਬੰਗਾ, ਮਨਦੀਪ ਕੁਮਾਰ ਅਤੇ ਅਵਤਾਰ ਸਿੰਘ ਤਾਰੀ, ਰਾਜ ਕੁਮਾਰ ਸੜੋਆ, ਸੰਜੀਵ ਕੁਮਾਰ,ਅਤੇ ਮੱਖਣ ਸਿੰਘ ਆਦਿ ਮਜਦੂਰ ਆਗੂ ਹਾਜਰ ਸਨ।

# ਸਬ-ਇੰਸਪੈਕਟਰ ਸਪਰਵਿੰਦਰਜੀਤ ਪਾਲ ਸਿੰਘ ਨੇ ਥਾਣੇ ਦਾ ਕਾਰਜਭਾਰ ਸੰਭਾਲਿਆ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਐਸ ਐਚ ਓ ਸਬ-ਇੰਸਪੈਕਟਰ ਸਪਰਵਿੰਦਰਜੀਤ ਪਾਲ ਸਿੰਘ ਨੇ ਪੁਲਸ ਥਾਣਾ ਮੇਹਟੀਆਣੇ ਦਾ ਕਾਰਜਭਾਰ ਸੰਭਾਲਿਆ। ਦੋਆਬਾ ਜਨਰਲ ਕੈਟਾਗਰੀ ਫਰੰਟ ਪੰਜਾਬ ਦੇ ਪ੍ਰਧਾਨ ਬਲਵੀਰ ਸਿੰਘ ਫੁਗਲਾਣਾ.,ਸਰਪ੍ਰਸਤ ਸੁਰਜੀਤ ਸਿੰਘ ਮਸੂਤਾ , ਜਨਰਲ ਸਕੱਤਰ ਜਗਤਾਰ ਸਿੰਘ ਭੁੰਗਰਨੀ, ਕੈਸ਼ੀਅਰ ਜਸਵਿੰਦਰ ਸਿੰਘ ਸੰਘਾ ਅਤੇ ਮੀਤ ਪ੍ਰਧਾਨ ਵਰਿੰਦਰ ਸਿੰਘ ਭਿੰਡਰ ਵਲੋਂ ਬੁੱਕਾ ਭੇਂਟ ਕੀਤਾ ਗਿਆ ਅਤੇ ਵਿਸ਼ਵਾਸ ਦੁਵਾਇਆ ਕਿ ਜਨਰਲ ਫਰੰਟ ਨਸ਼ਿਆਂ ਵਿਰੋਧੀ ਯੁੱਧ ਵਿੱਚ ਪੁਲਸ ਨਾਲ ਸਹਿਯੋਗ ਕਰਦਾ ਰਹੇਗਾ। ਐਸ ਐਚ ਓ ਨੇ ਕਿਹਾ ਕਿ ਉਨ੍ਹਾਂ ਦਾ ਪਹਿਲਾ ਕੰਮ ਇਲਾਕੇ ਵਿਚੋਂ ਨਸ਼ੇ ਦੇ ਸੁਦਾਗਰਾਂ ਨੂੰ ਨੱਥ ਪਾਉਣਾ ਹੋਵੇਗਾ। ਉਨਾਂ ਇਲਾਕਾ ਨਿਵਾਸੀਆਂ ਨੂੰ ਕਿਹਾ ਕਿ ਪੁਲਸ ਤੁਹਾਡੀ ਸੇਵਾ ਲਈ ਹਰ ਵਕਤ ਹਾਜਰ ਹੈ ।

# ਆਦਿ ਧਰਮ ਇੱਕ ਕ੍ਰਾਂਤੀ ਹੈ, ਜਿਸ ਨੇ ਇਤਿਹਾਸ ਬਦਲ ਦਿੱਤਾ : ਸਤਵਿੰਦਰ ਹੀਰਾ



**ਹੁਸ਼ਿਆਰਪੁਰ (ਓ ਪੀ ਰਾਣਾ)** ਭਾਰਤ ਦੀ ਧਰਤੀ ਤੇ ਜਦੋਂ-ਜਦੋਂ ਅੱਤਿਆਚਾਰ ਅਤੇ ਅਨਿਆਇ ਨੇ ਸਿਰ ਚੁੱਕਿਆ ਹੈ, ਤਦੋਂ-ਤਦੋਂ ਕਿਸੇ ਨਾ ਕਿਸੇ ਮਹਾਨਾਇਕ ਨੇ ਜਨਮ ਲੈ ਕੇ ਇਤਿਹਾਸ ਦੀ ਧਾਰਾ ਨੂੰ ਮੋੜ ਦਿੱਤਾ ਹੈ। ਇਸੇ ਤਰ੍ਹਾਂ ਦੇ ਇੱਕ ਮਹਾਨਾਇਕ ਸਨ ਬਾਬੂ ਮੰਗੂ ਰਾਮ ਮੁਗੋਵਾਲੀਆ ਜਿਨ੍ਹਾਂ ਨੇ ਆਦਿ ਧਰਮ ਅੰਦੋਲਨ ਦੀ ਨੀਂਹ ਰੱਖ ਕੇ ਨਾ ਸਿਰਫ ਦਲਿਤਾਂ ਅਤੇ ਸੋਸ਼ਿਤਾਂ ਨੂੰ ਇੱਕ ਨਵੀਂ ਪਹਿਚਾਣ ਦਿੱਤੀ, ਸਗੋਂ ਉਨ੍ਹਾਂ ਦੇ ਦਿਲਾਂ ਵਿੱਚ ਆਤਮ-ਸਨਮਾਨ ਅਤੇ ਸਵਾਭਿਮਾਨ ਦੀ ਜਵਾਲਾ ਜਗਾ ਦਿੱਤੀ। ਆਦਿ ਧਰਮ ਸਥਾਪਨਾ ਦਿਵਸ ਤੇ ਵਿਚਾਰ ਪੇਸ਼ ਕਰਦਿਆਂ ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ ਨੇ ਕਿਹਾ ਕਿ 20ਵੀਂ ਸਦੀ ਦਾ ਭਾਰਤ ਜਿੱਥੇ ਇੱਕ ਪਾਸੇ ਅੰਗਰੇਜਾਂ ਦੇ ਖਿਲਾਫ਼ ਆਜਾਦੀ ਦੀ ਲੜਾਈ ਲੜ ਰਿਹਾ ਸੀ, ਉੱਥੇ ਦੂਜੇ ਪਾਸੇ ਸਮਾਜ ਦੇ ਅੰਦਰ ਜਾਤੀ ਅਤੇ ਛੂਤ-ਛਾਤ ਦੀਆਂ ਜੰਜੀਰਾਂ ਲੱਖਾਂ ਲੋਕਾਂ ਨੂੰ ਕੁਚਲ ਰਹੀਆਂ ਸਨ। ਇਸੇ ਦੌਰਾਨ, 11-12 ਜੂਨ 1926 ਨੂੰ ਪੰਜਾਬ ਦੇ ਛੋਟੇ ਜਿਹੇ ਪਿੰਡ ਮੁਗੋਵਾਲ ਵਿੱਚ ਇੱਕ ਇਤਿਹਾਸਕ ਕ੍ਰਾਂਤੀ "ਆਦਿ ਧਰਮ ਅੰਦੋਲਨ" ਦਾ ਜਨਮ ਹੋਇਆ। ਬਾਬੂ ਮੰਗੂ ਰਾਮ ਨੇ15,000 ਲੋਕਾਂ ਦੇ ਵਿਸਾਲ ਜਨਸਮੂਹ ਦੇ ਸਾਹਮਣੇ ਗਰਜ ਕੇ ਕਿਹਾ ਕਿ ਅਸੀਂ ਇਸ ਦੇਸ ਦੇ ਅਸਲੀ ਵਾਰਸ ਹਾਂ, ਫਿਰ ਵੀ ਸਾਨੂੰ ਗੁਲਾਮ ਬਣਾ ਦਿੱਤਾ ਗਿਆ ਹੈ, ਅੱਜ ਤੋਂ ਅਸੀਂ ਆਪਣੇ ਪੂਰਵਜਾਂ ਦੇ ਗੌਰਵਸਾਲੀ ਧਰਮ 'ਆਦਿ ਧਰਮ' ਨੂੰ ਅਪਨਾਉਂਦੇ ਹਾਂ। ਸੰਤ ਸਤਵਿੰਦਰ ਹੀਰਾ ਨੇ ਕਿਹਾ ਕਿ ਦੇਸ਼ ਦੇ ਦੱਬੇ ਕੁਚਲੇ ਤੇ ਪਛਾੜੇ ਗਏ ਆਦਿ ਧਰਮੀਆਂ ਨੂੰ ਆਦਿ ਧਰਮ ਨੇ ਨਾ ਸਿਰਫ ਇੱਕ ਧਾਰਮਿਕ ਪਹਿਚਾਣ ਦਿੱਤੀ, ਸਗੋਂ ਇੱਕ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਕ੍ਰਾਂਤੀ ਦੀ ਸੁਰੂਆਤ ਕੀਤੀ। ਇਸ ਦੇ ਮੁੱਖ ਸਿਧਾਂਤ ਸਨ "ਸੋਹੰ, ਜੈ ਗੁਰਦੇਵ" । ਸਤਿਗੁਰੂ ਰਵਿਦਾਸ, ਸਤਿਗੁਰੂ ਕਬੀਰ, ਸਤਿਗੁਰੂ ਵਾਲਮੀਕੀ ਅਤੇ ਸਤਿਗੁਰੂ ਨਾਮਦੇਵ, ਸਤਿਗੁਰੂ ਘੀਸਾ ਦਾਸ ਦੇ ਮਿਸ਼ਨ 'ਤੇ ਚੱਲਣਾ। ਬਾਬੂ ਮੰਗੂ ਰਾਮ ਮੁਗੋਵਾਲੀਆ ਵਲੋਂ ਆਦਿ ਧਰਮ ਅੰਦੋਲਨ ਤਹਿਤ ਸਮਾਜ ਨੂੰ ਸਿੱਖਿਆ ਦੀ ਕ੍ਰਾਂਤੀ ਕਰਕੇ 1929 ਵਿੱਚ ਗਵਰਨਰ ਨੂੰ ਮਿਲ ਕੇ ਆਦਿ ਧਰਮੀ ਬੱਚਿਆਂ ਦੀ ਫੀਸ ਮਾਫ ਕਰਵਾਈ ਅਤੇ ਸੈਂਕੜੇ ਨੌਜਵਾਨਾਂ ਨੂੰ ਅਧਿਆਪਕ ਬਣਾਇਆ। ਇਸੇ ਰਾਜਨੀਤਿਕ ਸ਼ਕਤੀ ਨਾਲ 1937 ਵਿੱਚ 7 ਆਦਿ ਧਰਮੀ ਵਿਧਾਇਕ ਚੁਣੇ ਗਏ, 1946 ਵਿੱਚ ਬਾਬੂ ਮੰਗੂ ਰਾਮ ਖੁਦ ਐਮ.ਐਲ.ਏ ਬਣੇ। ਆਰਥਿਕ ਸੁਤੰਤਰਤਾ 1900 ਦੇ ਕੁਖਿਆਤ ਇੰਤਕਾਲ ਇਰਾਜੀ ਐਕਟ ਨੂੰ ਖਤਮ ਕਰਵਾ ਕੇ ਦਲਿਤਾਂ ਨੂੰ ਜਮੀਨ ਖਰੀਦਣ ਦਾ ਅਧਿਕਾਰ ਦਿਵਾਇਆ। ਸਮਾਜਿਕ ਸਨਮਾਨ ਬੇਗਾਰ ਪ੍ਰਥਾ ਖਤਮ ਕਰਵਾਈ, ਧਾਰਮਿਕ ਸਥਾਨਾਂ ਵਿੱਚ ਦਾਖਲੇ ਦਾ ਅਧਿਕਾਰ ਦਿਵਾਇਆ। ਸੰਤ ਸਤਵਿੰਦਰ ਹੀਰਾ ਨੇ ਕਿਹਾ ਕਿ ਬਾਬੂ ਮੰਗੂ ਰਾਮ ਇੱਕ ਅਮਰ ਕ੍ਰਾਂਤੀਕਾਰੀ ਸਨ ,ਬਾਬੂ ਜੀ ਨੇ ਕਿਹਾ ਸੀ, ਸਾਡੇ ਕੋਲ ਤਿੰਨ ਅਜੇਤੂ ਸ਼ਕਤੀਆਂ ਹਨ ਮਜਹਬ (ਧਰਮ), ਮਜਲਿਸ (ਸੰਗਠਨ) ਅਤੇ ਕੌਮੀਅਤ (ਰਾਸ਼ਟਰੀਅਤਾ) ਇਹਨਾਂ ਨੂੰ ਕੋਈ ਸਾਡੇ ਤੋਂ ਖੋਹ ਨਹੀਂ ਸਕਦਾ। ਬਾਬੂ ਜੀ ਦਾ ਸੁਪਨਾ ਸੀ ਆਜਾਦੀ ਦਲਿਤ ਦੀ ਦਹਿਲੀਜ 'ਤੇ ਪਹੁੰਚਣੀ ਚਾਹੀਦੀ ਹੈ। ਉਨਾਂ ਕਿਹਾ ਅੱਜ ਦੀ ਲੋੜ ਹੈ ਕਿ ਆਦਿ ਧਰਮ ਦਾ ਵਿਸ਼ਵ ਪ੍ਰਚਾਰ, ਅੱਜ ਜਦੋਂ ਭਾਰਤ ਨਵੇਂ ਯੁੱਗ ਵਿੱਚ ਦਾਖਲ ਹੋ ਰਿਹਾ ਹੈ, ਤਾਂ ਸਤਿਗੁਰੂ ਰਵਿਦਾਸ ਜੀ ਦੇ ਬੇਗਮਪੁਰਾ (ਇੱਕ ਆਦਰਸ ਸਮਾਜ) ਦੇ ਸੁਪਨੇ ਨੂੰ ਸਾਕਾਰ ਕਰਨ ਲਈ ਆਦਿ ਧਰਮ ਦੇ ਸਿਧਾਂਤਾਂ ਨੂੰ ਵਿਸ਼ਵ ਪੱਧਰ 'ਤੇ ਫੈਲਾਉਣ ਦੀ ਲੋੜ ਹੈ। ਉਨ੍ਹਾਂ ਕਿਹਾ ਆਓ ਆਦਿ ਧਰਮ ਦੇ ਝੰਡੇ ਹੇਠ ਇੱਕਜੁੱਟ ਹੋ ਕੇ ਆਦਿ ਧਰਮ ਦੇ ਮਾਰਗ 'ਤੇ ਚੱਲ ਕੇ ਇੱਕ ਨਿਆਂਪੂਰਨ, ਸਮਾਨਤਾਮੂਲਕ ਸਮਾਜ ਦਾ ਨਿਰਮਾਣ ਕਰੀਏ।

# ਕਬੱਡੀ ਚੈਂਪੀਅਨਸ਼ਿਪ ਲਈ ਟਰਾਇਲ ਭਲਕੇ



**ਸੁਲਤਾਨਪੁਰ ਲੋਧੀ (ਬਲਵੀਰ ਸਾਲ੍ਹਪੁਰੀ)**- ਪੰਜਾਬ ਕਬੱਡੀ ਐਸੋਸੀਏਸ਼ਨ ਦੇ ਪ੍ਰਧਾਨ ਵਿਧਾਇਕ ਗੁਰਲਾਲ ਸਿੰਘ ਘਨੌਰ ਅਤੇ ਜਨਰਲ ਸਕੱਤਰ ਤੇਜਿੰਦਰ ਸਿੰਘ ਮਿੱਡੂਖੇੜਾ ਦੀ ਅਗਵਾਈ ਹੇਠ 16 ਜੂਨ ਨੂੰ ਮੋਗਾ ਦੇ ਇਨਡੋਰ ਸਟੇਡੀਅਮ ਵਿਖੇ ਕਰਵਾਈ ਜਾ ਰਹੀ ਅੰਡਰ 18 ਲੜਕੇ ਸੂਬਾ ਪੱਧਰੀ ਨੈਸ਼ਨਲ ਸਟਾਈਲ ਕਬੱਡੀ ਚੈਂਪੀਅਨਸ਼ਿਪ ਲਈ ਜ਼ਿਲ੍ਹਾ ਕਪੂਰਥਲਾ ਦੀ ਟੀਮ ਤਿਆਰ ਕਰਨ ਲਈ ਟਰਾਇਲ 15 ਜੂਨ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਛੰਨਾ ਸਿੰਘ ਵਿਖੇ ਸਵੇਰੇ 8 ਵਜੇ ਲਏ ਜਾਣਗੇ। ਕਬੱਡੀ ਐਸੋਸੀਏਸ਼ਨ ਕਪੂਰਥਲਾ ਦੇ ਜਨਰਲ ਸਕੱਤਰ ਅੰਤਰਰਾਸ਼ਟਰੀ ਕੋਚ ਚਰਨਜੀਤ ਸਿੰਘ ਬਿੱਧੀਪੁਰ ਨੇ ਦੱਸਿਆ ਕਿ ਟਰਾਇਲ ਦੇਣ ਵਾਲਿਆਂ ਖਿਡਾਰੀਆਂ ਦਾ ਜਨਮ 01-01-2008 ਤੋਂ 31-12-2010 ਦੇ ਵਿਚਕਾਰ ਹੋਇਆ ਹੋਵੇ ਅਤੇ ਉਸ ਦਾ ਭਾਰ 70 ਕਿਲੋ ਤੋਂ ਵੱਧ ਨਹੀਂ ਹੋਣਾ ਚਾਹੀਦਾ। ਖਿਡਾਰੀ ਆਪਣੀ ਕਿੱਟ, ਆਧਾਰ ਕਾਰਡ ਅਤੇ ਜਨਮ ਸਰਟੀਫਿਕੇਟ ਨਾਲ ਲੈ ਕੇ ਆਉਣ।

# ਸੈਣੀ ਭਵਨ 'ਚ ਲਗਾਇਆ ਦੂਜਾ 5 ਦਿਨਾ ਹੱਡੀ ਰੋਗ ਨਿਵਾਰਨ ਕੈਂਪ



**ਰੂਪਨਗਰ (ਰਜਿੰਦਰ ਸੈਣੀ)**- ਭਾਰਤੀਯ ਯੋਗ ਸੰਸਥਾਨ (ਰਜਿ.) ਦੀ ਜ਼ਿਲ੍ਹਾ ਇਕਾਈ ਰੂਪਨਗਰ ਵਲੋਂ ਹੱਡੀ ਰੋਗ ਬਾਰੇ ਦੂਜਾ 5 ਦਿਨਾਂ ਦਾ ਯੋਗ ਕੈਂਪ ਸੈਣੀ ਭਵਨ ਰੂਪਨਗਰ ਵਿਖੇ 9 ਜੂਨ ਤੋਂ 13 ਜੂਨ ਤੱਕ ਲਗਾਇਆ ਗਿਆ। ਜ਼ਿਲ੍ਹਾ ਇਕਾਈ ਰੂਪਨਗਰ ਦੀ ਪ੍ਰਧਾਨ ਕੁਸਮ ਸ਼ਰਮਾ ਦੀ ਅਗਵਾਈ ਲਗਾਏ ਗਏ ਇਸ ਕੈਂਪ ਵਿੱਚ ਸੈਣੀ ਭਵਨ ਵਿਖੇ ਵੱਖ ਵੱਖ ਕੋਰਸ ਕਰ ਰਹੀਆਂ ਸਿੱਖਿਆਰਥਣੇਂ ਨੂੰ ਹੱਡੀ ਰੋਗੰ ਦੇ ਨਿਵਾਰਨ ਵਾਲੇ ਆਸਣਾਂ ਤੋਂ ਇਲਾਵਾ ਪ੍ਰਾਣਾਯਾਮ ਅਤੇ ਧਿਆਨ ਦਾ ਅਭਿਆਸ ਕਰਵਾਇਆ ਗਿਆ। ਕੈਂਪ ਦੌਰਾਨ ਸੰਸਥਾਨ ਦੇ ਅਧਿਕਾਰੀਆ ਰਾਜਿੰਦਰ ਸੈਣੀ, ਹੰਸ ਰਾਜ, ਕੇ. ਐਲ. ਕਪੂਰ, ਜਗਦੇਵ ਸਿੰਘ, ਮੀਨਲ ਵਾਸੂਦੇਵਾ, ਆਸਿਮਾ ਅਗਰਵਾਲ, ਮਧੂ ਕਾਲਰਾ, ਊਸ਼ਾ ਸ਼ਰਮਾ ਨੇ ਕੈਂਪ ਨੂੰ ਸਫਲ ਬਣਾਉਣ ਲਈ ਅਹਿਮ ਯੋਗਦਾਨ ਪਾਇਆ। ਕੈਂਪ ਦੀ ਸਮਾਪਤੀ 'ਤੇ ਪ੍ਰਧਾਨ ਕੁਸਮ ਸ਼ਰਮਾ ਨੇ ਸਿੱਖਿਆਰਥਣਾਂ ਨੂੰ ਜੀਵਨਸ਼ਸੈਲੀ ਨੂੰ ਬੇਹਤਰ ਬਣਾਉਣ ਲਈ ਯੋਗ ਨੂੰ ਆਪਣੇ ਜੀਵਨ ਦਾ ਅੰਗ ਬਣਾਓਣ ਲਈ ਪ੍ਰੇਰਿਤ ਕੀਤਾ। ਉਨ੍ਹਾ ਕਿਹਾ 21 ਜੂਨ ਨੂੰ 11ਵਾਂ ਅੰਤਰਰਾਸ਼ਟਰ ਯੋਗ ਮਨਾਇਆ ਜਾ ਰਿਹਾ ਹੈ ਤੇ ਸਾਨੂੰ ਸਭ ਨੂੰ ਇਸ ਦਿਨ ਨੂੰ ਉਤਸ਼ਾਹ ਨਾਲ ਮਨਾਉਣਾ ਚਾਹੀਦਾ ਹੈ। ਰਾਜਿੰਦਰ ਸੈਣੀ ਨੇ ਜਾਣਕਾਰੀ ਦਿੱਤੀ ਕਿ ਸੰਸਥਾਨ ਦੀ ਜ਼ਿਲ੍ਹਾ ਇਕਾਈ ਵਲੋਂ 11ਵਾਂ ਅੰਤਰਾਸ਼ਟਰੀ ਦਿਵਸ 21 ਜੂਨ ਨੂੰ ਗਿਆਨੀ ਜੈਲ ਸਿੰਘ ਨਗਰ ਦੇ ਮੁੱਖ ਪਾਰਕ ਵਿਖੇ ਮਨਾਇਆ ਜਾਵੇਗਾ।

# ਧਾਲੀਵਾਲ ਨੇ ਹਵਾਈ ਹਾਦਸੇ 'ਤੇ ਦੁੱਖ ਦਾ ਕੀਤਾ ਪ੍ਰਗਟਾਵਾ

**ਫਗਵਾੜਾ (ਡਾ. ਰਮਨ)**- ਜ਼ਿਲ੍ਹਾ ਕਪੂਰਥਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਸਥਾਨਕ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੇ ਅਹਿਮਦਾਬਾਦ ਹਵਾਈ ਅੱਡੇ ਤੋਂ ਉਡਾਣ ਭਰਨ ਤੋਂ ਤੁਰੰਤ ਬਾਅਦ ਏਅਰ ਇੰਡੀਆ ਦੀ ਅਹਿਮਦਾਬਾਦ-ਲੰਡਨ ਉਡਾਣ ਦੇ ਹਾਦਸੇ ਦਾ ਸ਼ਿਕਾਰ ਹੋ ਜਾਣ ਨੂੰ ਬਹੁਤ ਹੀ ਦੁਖਦਾਈ ਘਟਨਾ ਦੱਸਦਿਆਂ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਉਡਾਣ ਵਿੱਚ ਸਵਾਰ ਚਾਲਕ ਦਲ ਦੇ ਮੈਂਬਰਾਂ ਸਮੇਤ 242 ਯਾਤਰੀਆਂ ਅਤੇ ਹਾਦਸਾਗ੍ਰਸਤ ਜਹਾਜ਼ ਦੀ ਲਪੇਟ 'ਚ ਆ ਕੇ ਆਪਣੀ ਜਾਨ ਗੁਆਉਣ ਵਾਲੇ ਆਮ ਨਾਗਰਿਕਾਂ ਦੇ ਪਰਵਾਰਾਂ ਪ੍ਰਤੀ ਡੂੰਘੀ ਸੰਵੇਦਨਾ ਪ੍ਰਗਟ ਕੀਤੀ। ਧਾਲੀਵਾਲ ਨੇ ਕਿਹਾ ਕਿ ਉਹ ਮੰਗ ਕਰਦੇ ਹਨ ਕਿ ਭਾਰਤ ਸਰਕਾਰ ਇਸ ਘਟਨਾ ਦੀ ਡੂੰਘਾਈ ਨਾਲ ਜਾਂਚ ਕਰਵਾਏ ਤਾਂ ਜੋ ਇਹ ਸਪੱਸ਼ਟ ਹੋ ਸਕੇ ਕਿ ਇਹ ਹਾਦਸਾ ਕਿਸੇ ਭਾਰਤ ਵਿਰੋਧੀ ਸਾਜ਼ਿਸ਼ ਦਾ ਨਤੀਜਾ ਤਾਂ ਨਹੀਂ।

# 'ਹਰੇਕ ਸ਼ੁੱਕਰਵਾਰ ਡੈਂਗੂ 'ਤੇ ਵਾਰ' ਮੁਹਿੰਮ ਤਹਿਤ ਐਕਟੀਵਿਟੀ ਕੀਤੀ



**ਬਲਾਚੌਰ (ਜਸਵਿੰਦਰ ਬੈਂਸ)**- ਸਿਵਲ ਸਰਜਨ ਸ਼ਹੀਦ ਭਗਤ ਸਿੰਘ ਨਗਰ ਡਾਕਟਰ ਗੁਰਿੰਦਰਜੀਤ ਸਿੰਘ ਅਤੇ ਐਪੀਡੀਮੋਲੋਜਿਸਟ ਡਾਕਟਰ ਰਕੇਸ਼ ਪਾਲ ਦੇ ਦਿਸ਼ਾ ਨਿਰਦੇਸ਼ ਅਨੁਸਾਰ ਅਤੇ ਸੀਨੀਅਰ ਮੈਡੀਕਲ ਅਫਸਰ ਸੜੋਆ ਡਾਕਟਰ ਨਵਰੀਤ ਕੌਰ ਦੀ ਅਗਵਾਈ ਹੇਠ ਹਰੇਕ ਸ਼ੁੱਕਰਵਾਰ ਡੇਂਗੂ 'ਤੇ ਵਾਰ ਮੁਹਿੰਮ ਤਹਿਤ ਪਿੰਡ ਮਾਲੇਵਾਲ ਬੂਥਗੜ ਚੰਦਿਆਣੀ ਖੁਰਦਾ ਬੱਗੂਵਾਲ ਟੀਹਰਾ ਵਿਖੇ ਐਕਟੀਵਿਟੀ ਕੀਤੀ ਗਈ। ਸਿਹਤ ਵਿਭਾਗ ਦੇ ਕਰਮਚਾਰੀ ਕਰਾਂਤੀ ਪਾਲ ਸਿੰਘ ਰੌੜੀ ਸੁਨੀਲ ਕੁਮਾਰ ਨੇ ਦੱਸਿਆ ਕਿ ਡੇਂਗੂ ਇੱਕ ਵਾਇਰਲ ਬੁਖਾਰ ਹੈ ਜੋ ਕਿ ਮਾਦਾ ਏਡੀਜ ਨਾਂਅ ਦੇ ਮੱਛਰ ਦੇ ਕੱਟਣ ਨਾਲ ਪੈਦਾ ਹੁੰਦਾ ਹੈ। ਇਹ ਸਾਫ ਖੜ੍ਹੇ ਪਾਣੀ ਵਿਚ ਪੈਦਾ ਹੁੰਦਾ ਹੈ। ਤੇਜ ਸਿਰ ਦਰਦ ਬੁਖਾਰ ਹੋਣਾ ਮਾਸਪੇਸ਼ੀਆਂ ਅਤੇ ਜੋੜਾਂ ਵਿੱਚ ਦਰਦ ਹੋਣਾ ਉਲਟੀਆਂ ਲੱਗਣਾ ਨੱਕ ਮੂੰਹ ਅਤੇ ਮਸੂੜਿਆਂ ਵਿੱਚੋਂ ਖੂਨ ਵਗਣਾ ਡੇਂਗੂ ਦੇ ਲੱਛਣ ਹੋ ਸਕਦੇ ਹਨ। ਇਸ ਤੋਂ ਬਚਾਓ ਲਈ ਆਪਣੇ ਆਲੇ ਦੁਆਲੇ ਸਾਫ ਸਫਾਈ ਦਾ ਖਾਸ ਖਿਆਲ ਰੱਖਿਆ ਜਾਵੇ। ਕੂਲਰਾਂ ਗਮਲਿਆਂ ਪੁਰਾਣੇ ਟਾਇਰਾਂ ਆਦਿ ਵਿੱਚ ਪਾਣੀ ਨਾ ਖੜਨ ਦਿਓ ਹਫਤੇ ਵਿੱਚ ਇੱਕ ਦਿਨ ਹਰੇਕ ਸ਼ੁੱਕਰਵਾਰ ਡਰਾਈ ਡੇ ਮਨਾਇਆ ਜਾਵੇ ਰਾਤ ਨੂੰ ਸੌਣ ਸਮੇਂ ਮੱਛਰਦਾਨੀ ਅਤੇ ਮੱਛਰ ਭਜਾਉਣ ਵਾਲੀਆਂ ਕ੍ਰੀਮਾਂ ਦੀ ਵਰਤੋਂ ਕੀਤੀ ਜਾਵੇ ਡੇਂਗੂ ਦਾ ਟੈਸਟ ਅਤੇ ਇਲਾਜ ਸਾਰੇ ਸਰਕਾਰੀ ਹਸਪਤਾਲਾਂ ਵਿਚ ਫਰੀ ਕੀਤਾ ਜਾਂਦਾ ਹੈ। ਅਗਰ ਕਿਸੇ ਨੂੰ ਸਿਹਤ ਸਬੰਧੀ ਕੋਈ ਮੁਸ਼ਕਲ ਆਵੇ ਤਾਂ ਨੇੜੇ ਦੇ ਸਿਹਤ ਕੇਂਦਰ ਨਾਲ ਸੰਪਰਕ ਕਰੇ। ਇਸ ਮੌਕੇ ਸਿਹਤ ਵਿਭਾਗ ਵੱਲੋਂ ਕਰਾਂਤੀ ਪਾਲ ਸਿੰਘ ਰੌੜੀ ਸੁਨੀਲ ਕੁਮਾਰ ਕਸ਼ਮੀਰ ਕੌਰ ਆਸ਼ਾ ਸੁਪਰਵਾਈਜਰ ਸਮੂਹ ਆਸ਼ਾ ਵਰਕਰ ਅਤੇ ਪਿੰਡ ਵਾਸੀ ਹਾਜਰ ਸਨ।

# ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਮਹਾਤਮਾ ਆਨੰਦ ਸਵਾਮੀ ਦੀਆਂ ਚੋਣਵੀਆਂ ਲਿਖਤਾਂ 'ਤੇ ਤਿਆਰ ਕੀਤੀ ਪ੍ਰੀਜੈਂਟੇਸ਼ਨ



**ਜਾਲੰਧਰ (ਸ਼ੈਲੀ ਐਲਬਰਟ)** ਮੇਹਰਚੰਦ ਪੋਲੀਟੈਕਨਿਕ ਕਾਲਜ ਜਲੰਧਰ ਦੇ ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਉਘੇ ਆਰੀਆ ਸਮਾਜੀ ਤੇ ਸੁਤੰਤਰਤਾ ਸੰਗਰਾਮੀ, ਮਿਲਾਪ ਅਖ਼ਬਾਰ ਦੇ ਸੰਸਥਾਪਕ ਮਹਾਤਮਾ ਆਨੰਦ ਸਵਾਮੀ ਸਰਸਵਤੀ ਦੇ ਚੋਣਵੇਂ ਭਾਸ਼ਣਾਂ ਤੇ ਅਧਾਰਿਤ ਲਿਖੀਆਂ ਕਿਤਾਬਾਂ ਵਿਚੋਂ ਵਿਦਿਆਰਥੀਆਂ ਨੂੰ ਸੇਧ ਦੇਣ ਵਾਲੀਆਂ ਲੋਕ ਕਥਾਵਾਂ ਉਪਰ ਇੱਕ ਘੰਟੇ ਦੀ ਪ੍ਰੀਜੈਟੇਸ਼ਨ ਤਿਆਰ ਕੀਤੀ ਹੈ। ਉਨ੍ਹਾਂ ਨੇ ਦੱਸਿਆ ਕਿ ਮਹਾਤਮਾ ਆਨੰਦ ਸਵਾਮੀ ਦੇ ਵਿਚਾਰ ਵਿਦਿਆਰਥੀਆਂ ਲਈ ਸੋਨੇ ਦੇ ਖਾਨ ਹਨ। ਜੋ ਅੱਜ ਵੀ ਅਨੁਕੂਲ ਹਨ। ਉਹ ਬੜੀ ਹੀ ਸਰਲ ਭਾਸ਼ਾ ਵਿੱਚ ਉਦਾਹਰਣਾਂ ਦੇ ਨਾਲ ਲੋਕਾਂ ਨੂੰ ਕਥਾਵਾਂ ਸੁਣਾਉਂਦੇ ਸੀ। ਉਹਨਾਂ ਦਾ ਮੰਤਵ ਵਿਦਿਆਰਥੀਆਂ ਦਾ ਸਰਵਪੱਖੀ ਵਿਕਾਸ ਸੀ। ਉਹ ਆਖਦੇ ਸੀ ਸਤਸੰਗ ਅਤੇ ਸੱਚੇ ਗੁਰੂ ਨਾਲ ਜੀਵਨ ਦੇ ਸਹੀ ਰਸਤੇ ਦੀ ਚੋਣ ਹੁੰਦੀ ਹੈ। ਉਹ ਬਿਨ੍ਹਾਂ ਵਜ੍ਹਾ ਧੰਨ ਇੱਕਠਾ ਕਰਨ 'ਤੇ ਵੀ ਲੋਕਾਂ ਨੂੰ ਵਰਜਦੇ ਹਨ, ਤੇ ਆਖਦੇ ਸਨ, ਕਿ ਸਦਾ ਇਹ ਦੁਆ ਕਰੋ ਕਿ ਤੁਹਾਡੀ ਬੁੱਧੀ ਤੁਹਾਨੂੰ ਸਹੀ ਰਸਤੇ 'ਤੇ ਲੈ ਕੇ ਚੱਲੇ ਤੇ ਤੁਸੀਂ ਲੋਕ- ਕਲਿਆਣ ਨਾਲ ਜੁੜੇ ਰਹੋ। ਉਹਨਾਂ ਨੇ ਮਹਾਤਮਾ ਹੰਸਰਾਜ, ਪੰਜਾਬ ਕੇਸਰੀ ਲਾਲਾ ਲਾਜਪਤ ਰਾਏ ਤੇ ਮਹਾਤਮਾ ਗਾਂਧੀ ਦੀ ਸੰਗਤ ਕੀਤੀ ਤੇ ਪ੍ਰਭਾਵ ਕਬੂਲਿਆ। ਪ੍ਰਿੰਸੀਪਲ ਨੇ ਕਿਹਾ ਕਿ ਉਹਨਾਂ ਦੀਆਂ ਪੁਸਤਕਾਂ ਦੋ ਰਾਸਤੇ ਬੋਧ ਕਥਾਏ, ਤੱਤਵ ਗਿਆਨ, ਮਹਾਤਮਾ ਆਨੰਦ ਸੁਆਮੀ ਦਾ ਜੀਵਨ ਚਰਿਤ, ਤਿਆਗਮਈ ਦੇਵੀਆਂ, ਘੋਰ ਘਨੇ ਜੰਗਲ ਮੇਂ ਅਤੇ ਮਾਨਵ ਔਰ ਮਾਨਵਤਾ ਆਦਿ ਵਿਦਿਆਰਥੀਆਂ ਲਈ ਪੜ੍ਹਨ ਵਾਲੀਆਂ ਹਨ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਡੀ.ਏ.ਵੀ ਮੈਨੇਜਿੰਗ ਕਮੇਟੀ ਨਵੀ ਦਿੱਲੀ ਵਿਖੇ ਡੀ.ਏ.ਵੀ ਦੇ ਪ੍ਰਧਾਨ ਡਾ. ਪੂਨਮ ਸੂਰੀ ਪਦਮਸ੍ਰੀ ਐਵਾਰਡੀ ਨੂੰ ਆਪਣੇ ਪ੍ਰੀਜੈਟੇਸ਼ਨ ਵਿਖਾਈ ਤੇ ਸੁਝਾਵ ਮੰਗੇ । ਡਾ. ਪੂਨਮ ਸੂਰੀ , ਜੋ ਮਹਾਤਮਾ ਆਨੰਦ ਸਵਾਮੀ ਦੇ ਪੋਤਰੇ ਹਨ ਨੇ ਡਾ. ਜਗਰੂਪ ਸਿੰਘ ਨੂੰ ਇਸ ਕੰਮ ਲਈ ਵਧਾਈ ਦਿੱਤੀ ਤੇ ਨਾਲ ਹੀ ਮਹਾਤਮਾ ਆਨੰਦ ਸਵਾਮੀ ਨਾਲ ਜੁੜੇ ਹੋਏ ਵਿਲੱਖਣ, ਅਗਿਆਤ ਅਤੇ ਨਿਵੇਕਲੇ ਕਿੱਸੇ ਵੀ ਸੁਣਾਏ ਤੇ ਨਾਲ ਹੀ ਡਾ. ਜਗਰੂਪ ਸਿੰਘ ਨੂੰ ਪ੍ਰੀਜੈਟੇਸ਼ਨ ਨੂੰ ਅਪਡੇਟ ਕਰਨ ਲਈ ਕਈ ਬੇਹਤਰੀਨ ਸੁਝਾਅ ਦਿੱਤੇ। ਇਸ ਮੌਕੇ ਡੀ.ਏ.ਵੀ ਦੇ ਡਾਇਰੈਕਟਰ ਉੱਚ ਸਿੱਖਿਆ ਸ਼ਿਵਰਮਨ ਗੌੜ (ਰਿਟਾਇਰਡ ਆਈ.ਏ.ਐਸ), ਡਾਇਰੈਕਟਰ ਮੈਡਮ ਨਿਸ਼ਾ ਪਹਸੀਨ, ਡਾਇਰੈਕਟਰ ਵੀ.ਸਿੰਘ, ਡਾਇਰੈਕਟਰ ਪਵਨ ਸ਼ਰਮਾ, ਪ੍ਰਿੰਸੀਪਲ ਡਾ. ਅਜੇ ਸਰੀਨ ਹਾਜਰ ਸਨ।

# ਸਮਾਜ ਸੇਵਕਾਂ ਨੇ ਭਾਵਾਧਸ ਦਾ ਕੀਤਾ ਸਨਮਾਨ



**ਅੱਡਾ ਸਰਾਂ (ਜਸਵੀਰ ਕਾਜਲ)** ਦਲਿਤ ਭਾਈਚਾਰੇ ਲਈ ਕੰਮ ਕਰਨ ਵਾਲੀ ਸੰਘਰਸ਼ਸ਼ੀਲ ਸੰਸਥਾ ਭਾਵਧਸ ਨੂੰ ਸਮਾਜ ਸੇਵਕ ਗੁਰਵਿੰਦਰ ਸਿੰਘ ਅਤੇ ਹਰਪ੍ਰੀਤ ਸਿੰਘ ਟਾਹਲੀ ਵੱਲੋਂ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਟਾਂਡਾ ਦੇ ਭਾਵਧਾਸ ਦਫਤਰ ਵਿਖੇ ਆਯੋਜਿਤ ਇੱਕ ਪ੍ਰੋਗਰਾਮ ਦੌਰਾਨ ਸੂਬਾ ਪ੍ਰਧਾਨ ਸੇਠ ਰਾਮ ਸੇਠੀ, ਉਪ ਪ੍ਰਧਾਨ ਹਰਮੇਸ ਬਸੀ ਜਲਾਲ, ਜ਼ਿਲ੍ਹਾ ਪ੍ਰਧਾਨ ਤਾਰਾ ਸਿੰਘ ਅਤੇ ਸੰਸਥਾ ਦੇ ਹੋਰ ਸਰਗਰਮ ਮੈਂਬਰਾਂ ਨੂੰ ਭਗਵਾਨ ਵਾਲਮੀਕਿ ਦੀ ਮੂਰਤੀ ਭੇਟ ਕਰਕੇ ਦਿੱਤਾ ਗਿਆ। ਸੰਸਥਾ ਵੱਲੋਂ ਸਮਾਜ ਸੇਵਾ ਦੇ ਖੇਤਰ ਵਿੱਚ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ ਗਈ। ਗੁਰਵਿੰਦਰ ਸਿੰਘ ਅਤੇ ਹਰਪ੍ਰੀਤ ਸਿੰਘ ਨੇ ਕਿਹਾ ਕਿ ਜਿੱਥੇ ਇੱਕ ਪਾਸੇ ਸੰਸਥਾ ਸਮਾਜ ਵਿੱਚ ਸਕਾਰਾਤਮਕ ਕੰਮ ਕਰ ਰਹੀ ਹੈ, ਉੱਥੇ ਦੂਜੇ ਪਾਸੇ ਇਹ ਸਮਾਜਿਕ ਬੁਰਾਈਆਂ ਵਿਰੁੱਧ ਵੀ ਲੜ ਰਹੀ ਹੈ, ਜੋ ਕਿ ਸਮਾਜ ਦੀ ਭਲਾਈ ਲਈ ਇੱਕ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ। ਸੇਠੀ ਨੇ ਦੋਵਾਂ ਸ਼ਖਸੀਅਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਕਾਰਜ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਜਾਰੀ ਰਹੇਗਾ। ਇਸ ਮੌਕੇ ਬੌਬੀ ਤੋਂ ਇਲਾਵਾ, ਬੇਅੰਤ ਨੰਗਲ ਖੂੰਗਾ, ਸੋਡੀ ਨੰਗਲ, ਬਾਬੀ ਜਾਜਾ, ਸੰਸਥਾ ਦੇ ਹੋਰ ਮੈਂਬਰ ਹਾਜਰ ਸਨ।

# ਸ਼ੁਗਲੀ ਦੇ ਦੇਹਾਂਤ 'ਤੇ ਪ੍ਰੈੱਸ ਵੈਲਫੇਅਰ ਕਲੱਬ ਮਾਹਿਲਪੁਰ ਵੱਲੋਂ ਦੁੱਖ ਦਾ ਪ੍ਰਗਟਾਵਾ



**ਮਾਹਿਲਪੁਰ (ਸ.ਫਰੀ)**- ਨਵਾਂ ਜ਼ਮਾਨਾ ਅਖ਼ਬਾਰ ਦੀ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ ਦੇ ਜਨਰਲ ਸਕੱਤਰ ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ ਜਿਨ੍ਹਾਂ ਦਾ ਪਿਛਲੇ ਦਿਨੀਂ ਵਿਦੇਸ਼ ਗਏ ਦੇਹਾਂਤ ਹੋ ਗਿਆ, ਦੇ ਸਦੀਵੀ ਵਿਛੋੜੇ 'ਤੇ ਪ੍ਰੈੱਸ ਵੈਲਫੇਅਰ ਕਲੱਬ ਮਾਹਿਲਪੁਰ ਵਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।ਕਲੱਬ ਦੇ ਪ੍ਰਧਾਨ ਪਰਮਜੀਤ ਸਿੰਘ ਭੂਨੋਂ ਨੇ ਕਿਹਾ ਕਿ ਕਾਮਰੇਡ ਸ਼ੁਗਲੀ ਜੀ ਦੇ ਸਦੀਵੀ ਵਿਛੋੜੇ ਨਾਲ ਜਿੱਥੇ ਕਾਮਰੇਡ ਭਾਈਚਾਰੇ ਨੂੰ ਪੂਰਾ ਨਾ ਹੋਣ ਵਾਲਾ ਘਾਟਾ ਪਿਆ ਹੈ, ਉੱਥੇ ਨਵਾਂ ਜ਼ਮਾਨਾ ਇਕ ਰੌਸ਼ਨ ਦਿਮਾਗ ਸ਼ਖ਼ਸੀਅਤ ਤੋਂ ਵਿਰਵਾ ਹੋ ਗਿਆ ਹੈ। ਅਕਾਲ ਪੁਰਖ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਵੇ ਅਤੇ ਪਰਵਾਰਕ ਮੈਂਬਰਾਂ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ।



ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਪ੍ਰਕਾਸ਼ ਉਤਸਵ ਦੇ ਸਬੰਧ ਵਿੱਚ ਗੁਰਦੁਆਰਾ ਛੇਵੀਂ ਪਾਤਸ਼ਾਹੀ ਬਸਤੀ ਸ਼ੇਖ ਜਲੰਧਰ ਵਿਖੇ ਬਜ਼ੁਰਗ ਬੀਬੀਆਂ ਵੱਲੋਂ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ ਗਈ। ਇਸ ਮੌਕੇਂ ਜਸਬੀਰ ਕੌਰ, ਸਤਵੰਤ ਕੌਰ, ਅਮਰਜੀਤ ਕੌਰ, ਇੰਦਰਜੀਤ ਕੌਰ, ਰਮਨਦੀਪ ਕੌਰ, ਸੁਖਵਿੰਦਰ ਕੌਰ, ਪ੍ਰਭਜੋਤ ਕੌਰ, ਭੁਪਿੰਦਰ ਕੌਰ ਅਤੇ ਜੋਗਿੰਦਰ ਕੌਰ ਆਦਿ ਹਾਜ਼ਰ ਸਨ। (ਫੋਟੋ ਤੇ ਵੇਰਵਾ : ਰਾਜੇਸ਼ ਥਾਪਾ)

# ਪੰਜਾਬ ਉੱਤੇ ਕਰਜ਼ਾ ਚੜ੍ਹਾ ਕੇ ਬਾਦਲਾਂ ਨੇ ਖੜ੍ਹੇ ਕੀਤੇ ਆਪਣੇ ਕਾਰੋਬਾਰ : ਮੀਤ ਹੇਅਰ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਆਮ ਆਦਮੀ ਪਾਰਟੀ (ਆਪ) ਦੇ ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਨੇ ਸ਼੍ਰੋਮਣੀ ਅਕਾਲੀ ਦਲ ਦੀ ਆਗੂ ਹਰਸਿਮਰਤ ਕੌਰ ਬਾਦਲ 'ਤੇ ਤਿੱਖਾ ਹਮਲਾ ਕੀਤਾ ਅਤੇ ਉਨ੍ਹਾਂ ਦੇ ਬਿਆਨ ਦਾ ਜਵਾਬ ਦਿੰਦਿਆਂ ਪੰਜਾਬ ਵਿੱਚ 'ਆਪ' ਦੀਆਂ ਪ੍ਰਾਪਤੀਆਂ ਦਾ ਵੇਰਵਾ ਦਿੱਤਾ। ਮੀਤ ਹੇਅਰ ਨੇ ਅਕਾਲੀ ਦਲ ਸਰਕਾਰ 'ਤੇ ਦੋਸ਼ ਲਗਾਇਆ ਕਿ ਉਸ ਨੇ ਆਪਣੇ ਕਾਰਜਕਾਲ ਦੌਰਾਨ ਪੰਜਾਬ ਨੂੰ ਕਰਜ਼ੇ ਦੇ ਸੰਕਟ ਵਿੱਚ ਧੱਕ ਦਿੱਤਾ ਜਦੋਂ ਕਿ ਸੂਬੇ ਦੇ ਲੋਕਾਂ ਲਈ ਕੋਈ ਠੋਸ ਵਿਕਾਸ ਨਹੀਂ ਕੀਤਾ।ਮੀਤ ਹੇਅਰ ਨੇ ਕਿਹਾ ਪੰਜਾਬ 'ਚ ਕਰਜ਼ੇ ਦੇ ਬੋਝ ਦੀ ਸ਼ੁਰੂਆਤ ਅਕਾਲੀ ਦਲ ਸਰਕਾਰ ਦੇ ਅਧੀਨ ਸ਼ੁਰੂ ਹੋਈ ਅਤੇ ਵੱਡੇ ਕਰਜ਼ੇ ਲੈਣ ਦੇ ਬਾਵਜੂਦ ਜ਼ਮੀਨੀ ਪੱਧਰ 'ਤੇ ਵਿਕਾਸ ਦੇਖਣ ਨੂੰ ਨਹੀਂ ਮਿਲਿਆ। ਇਸ ਕਰਜ਼ੇ ਦੀ ਵਰਤੋਂ ਉਨ੍ਹਾਂ ਦੇ ਆਪਣੇ ਕਾਰੋਬਾਰਾਂ ਨੂੰ ਲਾਭ ਪਹੁੰਚਾਉਣ ਲਈ ਕੀਤੀ। ਇਸ ਦੇ ਉਲਟ, 'ਆਪ' ਸਰਕਾਰ ਨੇ ਸਿਰਫ਼ ਤਿੰਨ ਸਾਲਾਂ ਵਿੱਚ, ਕਈ ਖੇਤਰਾਂ ਵਿੱਚ ਬੇਮਿਸਾਲ ਤਰੱਕੀ ਦਾ ਪ੍ਰਦਰਸ਼ਨ ਕੀਤਾ ਹੈ।ਕਿਸਾਨਾਂ ਲਈ ਨਿਰਵਿਘਨ 12-13 ਘੰਟੇ ਬਿਜਲੀ ਸਪਲਾਈ ਵਰਗੀਆਂ ਮਹੱਤਵਪੂਰਨ ਪ੍ਰਾਪਤੀਆਂ ਨੂੰ ਉਜਾਗਰ ਕੀਤਾ। ਉਨ੍ਹਾਂ ਕਿਹਾ ਕਿ ਹਜ਼ਾਰਾਂ ਪਿੰਡਾਂ ਨੂੰ ਹੁਣ ਸਿੰਚਾਈ ਲਈ ਨਹਿਰੀ ਪਾਣੀ ਮਿਲਦਾ ਹੈ ।ਮੀਤ ਹੇਅਰ ਨੇ ਸਿੱਖਿਆ ਵਿੱਚ 'ਆਪ' ਦੇ ਨਿਵੇਸ਼, ਖੰਡਰ ਸਕੂਲਾਂ ਨੂੰ ਆਧੁਨਿਕ ਸਹੂਲਤਾਂ ਨਾਲ ਲੈਸ ਕਰਨ ਅਤੇ ਉਨ੍ਹਾਂ ਦੇ ਸੁਧਾਰ ਲਈ ਕਰੋੜਾਂ ਰੁਪਏ ਅਲਾਟ ਕਰਨ ਦੀ ਸ਼ਲਾਘਾ ਕੀਤੀ। ਪਿਛਲੇ ਤਿੰਨ ਸਾਲਾਂ ਵਿੱਚ 50,000 ਤੋਂ ਵੱਧ ਸਰਕਾਰੀ ਨੌਕਰੀਆਂ ਪ੍ਰਦਾਨ ਕੀਤੀਆਂ ਗਈਆਂ ਹਨ, ਜਦੋਂ ਕਿ ਅਕਾਲੀ ਦਲ ਨੇ ਆਪਣੇ ਦਹਾਕੇ ਲੰਬੇ ਸ਼ਾਸਨ ਦੌਰਾਨ ਬਹੁਤ ਘੱਟ ਯਤਨ ਕੀਤ । ਇਸ ਤੋਂ ਇਲਾਵਾ ਛੱਪੜਾਂ ਦੀ ਸਫਾਈ, ਖੇਡ ਦੇ ਮੈਦਾਨ ਬਣਾਉਣ ਅਤੇ ਸਮੁੱਚੇ ਪੇਂਡੂ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਹਜ਼ਾਰਾਂ ਕਰੋੜ ਰੁਪਏ ਦੇ ਪ੍ਰੋਜੈਕਟ ਸ਼ੁਰੂ ਕੀਤੇ ਹਨ ।ਮੀਤ ਹੇਅਰ ਨੇ ਟੋਲ ਪਲਾਜ਼ਾ ਅਤੇ ਜਨਤਕ ਬੁਨਿਆਦੀ ਢਾਂਚੇ ਵਰਗੇ ਮੁੱਖ ਮੁੱਦਿਆਂ 'ਤੇ ਸਾਰਥਕ ਕਦਮ ਚੁੱਕਣ ਵਿੱਚ ਅਸਫਲ ਰਹਿਣ ਲਈ ਅਕਾਲੀ ਦਲ ਦੀ ਨਿੰਦਾ ਕੀਤੀ। ਉਨ੍ਹਾਂ ਕਿਹਾ ਆਪ ਸਰਕਾਰ ਨੇ ਲੋਕਾਂ ਦਾ ਸ਼ੋਸ਼ਣ ਵਾਲੇ ਟੋਲ ਪਲਾਜ਼ਾ ਬੰਦ ਕਰ ਦਿੱਤੇ। ਅਕਾਲੀਆਂ ਦੇ ਆਪਣੇ ਕਾਰਜਕਾਲ ਦੌਰਾਨ ਇੱਕ ਵੀ ਟੋਲ ਪਲਾਜ਼ਾ ਬੰਦ ਕਿਉਂ ਨਹੀਂ ਹੋਇਆ ? ਜਵਾਬ ਸਾਫ਼ ਹੈ, ਉਨ੍ਹਾਂ ਨੂੰ ਆਮ ਲੋਕਾਂ ਦੀ ਪਰਵਾਹ ਨਹੀਂ ਸੀ।ਮੀਤ ਹੇਅਰ ਨੇ ਅਕਾਲੀ ਦਲ ਨੂੰ ਚੁਣੌਤੀ ਦਿੱਤੀ ਕਿ ਉਹ ਆਪਣੇ ਕਾਰਜਕਾਲ ਦੌਰਾਨ ਸੂਬੇ ਦੇ ਮਾਲੀਆ ਵਾਧੇ ਦੀ ਤੁਲਨਾ ਆਪ ਸਰਕਾਰ ਨਾਲ ਕਰੇ। ਉਨ੍ਹਾਂ ਕਿਹਾ ਆਪ ਦੇ ਅਧੀਨ ਸੂਬੇ ਦੀ ਆਮਦਨ ਵਿੱਚ ਕਾਫ਼ੀ ਵਾਧਾ ਹੋਇਆ ਹੈ। ਇਹ ਸ਼ਾਸਨ ਦਾ ਅਸਲ ਮਾਪਦੰਡ ਹੈ, ਜਿਸ ਨੂੰ ਨਾ ਤਾਂ ਅਕਾਲੀ ਅਤੇ ਨਾ ਹੀ ਕਾਂਗਰਸ ਪ੍ਰਾਪਤ ਕਰ ਸਕੀ।ਉਨ੍ਹਾਂ ਕਿਹਾ ਅਸੀਂ ਸਿਰਫ਼ ਗੱਲਾਂ ਨਹੀਂ ਕਰਦੇ, ਅਸੀਂ ਕੰਮ ਕਰ ਕੇ ਦਿਖਾਉਂਦੇ ਹਾਂ।

# ਮਿਰਗੀ ਦੀ ਬਿਮਾਰੀ ਸੰਬੰਧੀ ਗਲਤ ਧਾਰਨਾਵਾਂ ਨੂੰ ਦੂਰ ਕਰਨ ਦੀ ਲੋੜ : ਡਾ. ਗਗਨਦੀਪ ਸਿੰਘ



**ਬਲਾਚੌਰ (ਜਸਵਿੰਦਰ ਬੈਂਸ)**— ਦਯਾਨੰਦ ਮੈਡੀਕਲ ਕਾਲਜ ਤੇ ਹਸਪਤਾਲ, ਲੁਧਿਆਣਾ ਵੱਲੋਂ ਜ਼ਿਲ੍ਹਾ ਸਿਹਤ ਵਿਭਾਗ, ਸ਼ਹੀਦ ਭਗਤ ਸਿੰਘ ਨਗਰ ਦੇ ਸਹਿਯੋਗ ਨਾਲ "ਸਟਾਪ ਐਪੀਲੈਪਸੀ ਪ੍ਰੋਜੈਕਟ" ਤਹਿਤ ਮਿਰਗੀ ਦੀ ਬਿਮਾਰੀ ਦੇ ਇਲਾਜ ਨੂੰ ਹੋਰ ਬਿਹਤਰ ਅਤੇ ਪਹੁੰਚਣਯੋਗ ਬਣਾਉਣ ਲਈ ਲੈਫ. ਜਨਰਲ ਬਿਕਰਮ ਸਿੰਘ ਸਬ ਡਵੀਜ਼ਨਲ ਹਸਪਤਾਲ, ਬਲਾਚੌਰ ਵਿਖੇ ਫਾਰਮੇਸੀ ਅਫਸਰਾਂ ਤੇ ਆਸ਼ਾ ਵਰਕਰਾਂ ਦੀ ਸਮਰੱਥਾ ਨਿਰਮਾਣ ਟ੍ਰੇਨਿੰਗ ਆਯੋਜਿਤ ਕੀਤੀ ਗਈ। ਨਿਊਰੋਲੋਜੀ ਵਿਭਾਗ ਦੇ ਮੁਖੀ ਪ੍ਰੋਫੈਸਰ ਡਾ. ਗਗਨਦੀਪ ਸਿੰਘ ਨੇ ਦੱਸਿਆ ਕਿ ਮਿਰਗੀ ਦਿਮਾਗ ਨਾਲ ਸਬੰਧਿਤ ਤੰਤੂ ਪ੍ਰਣਾਲੀ ਦਾ ਇੱਕ ਵਿਗਾੜ ਹੈ। ਇਹ ਪ੍ਰੋਜੈਕਟ ਮਿਰਗੀ ਤੋਂ ਪੀੜਤ ਲੋਕਾਂ ਨੂੰ ਬਿਹਤਰ ਤੇ ਪਹੁੰਚਣਯੋਗ ਸਕਰੀਨਿੰਗ ਤੇ ਡਾਇਗਨੌਸਟਿਕ ਸਿਹਤ ਸੇਵਾਵਾਂ ਪ੍ਰਦਾਨ ਕਰੇਗਾ। ਉਨ੍ਹਾਂ ਨੇ ਦੱਸਿਆ ਕਿ ਮਿਰਗੀ ਦੇ ਮਰੀਜ਼ਾਂ ਨੂੰ ਇਲਾਜ ਅਧੂਰਾ ਨਹੀਂ ਛੱਡਣਾ ਚਾਹੀਦਾ, ਕਿਉਂਕਿ ਇਕ ਵੀ ਖੁਰਾਕ ਮਿਸ ਕਰਨ ਨਾਲ ਮਿਰਗੀ ਦਾ ਦੌਰਾ ਪੈਣ ਦਾ ਖਤਰਾ ਵੱਧ ਸਕਦਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਸਹੀ ਇਲਾਜ ਨਾਲ ਮਿਰਗੀ ਦੇ 70 ਫੀਸਦੀ ਮਰੀਜ਼ਾਂ ਦੀ ਤਿੰਨ ਤੋਂ ਪੰਜ ਸਾਲ ਤੱਕ ਦਵਾਈ ਬੰਦ ਹੋ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਮਿਰਗੀ ਦੀ ਬਿਮਾਰੀ ਦਿਮਾਗ ਵਿੱਚ ਟਿਊਮਰ ਦਾ ਹੋਣਾ, ਸਿਰ ਦੀ ਸੱਟ ਜਾਂ ਦਿਮਾਗੀ ਤਪਦਿਕ, ਦਿਮਾਗੀ ਤਣਾਅ, ਦਿਮਾਗੀ ਸੋਜਿਸ਼, ਦਿਮਾਗੀ ਲਹੂ ਨਾੜੀਆਂ ਦੇ ਨੁਕਸ, ਮੰਦਬੁੱਧੀ ਹੋਣਾ, ਦਿਮਾਗ ਵਿੱਚ ਲਾਗ ਦਾ ਹੋਣਾ, ਸ਼ਰਾਬ ਤੇ ਤੇਜ਼ ਦਵਾਈਆਂ ਕਾਰਨ ਵੀ ਹੋ ਸਕਦੀ ਹੈ। ਇੱਕਦਮ ਬੇਹੋਸ਼ ਹੋ ਕੇ ਡਿੱਗਣਾ, ਸਰੀਰ ਆਕੜਣਾ, ਝਟਕੇਦਾਰ ਦੌਰੇ ਪੈਣਾ, ਮੂੰਹ ਵਿੱਚੋਂ ਝੱਗ ਨਿਕਲਣਾ, ਦੰਦਲ ਪੈਣਾ, ਪਿਸ਼ਾਬ ਕੱਪੜਿਆਂ ਵਿਚ ਨਿਕਲਣਾ ਅਤੇ ਜੀਭ ਟੁੱਕੀ ਜਾਣਾ ਇਸ ਦੇ ਲੱਛਣਾਂ ਵਿਚ ਸ਼ਾਮਲ ਹਨ। ਮਿਰਗੀ ਦੀ ਬਿਮਾਰੀ ਨੂੰ ਲੈ ਕੇ ਲੋਕਾਂ ਵਿਚ ਬਹੁਤ ਸਾਰੇ ਭਰਮ-ਮਿੱਥਾਂ ਅਤੇ ਗਲਤ ਧਾਰਨਾਵਾਂ ਹਨ, ਜਿਸਦੇ ਚੱਲਦਿਆਂ ਉਹ ਡਾਕਟਰੀ ਇਲਾਜ ਅੱਧ ਵਿਚਾਲੇ ਛੱਡ ਦਿੰਦੇ ਹਨ। ਅਜਿਹੇ ਵਿਚ ਇਹ ਬਿਮਾਰੀ ਹੋਰ ਗੰਭੀਰ ਰੂਪ ਧਾਰਨ ਕਰ ਲੈਂਦੀ ਹੈ। ਉਨ੍ਹਾਂ ਕਿਹਾ ਕਿ ਬਿਹਤਰ ਇਲਾਜ ਪ੍ਰਬੰਧਨ ਨਾਲ ਮਿਰਗੀ ਤੋਂ ਪੀੜਤ ਵਿਅਕਤੀ ਆਮ ਲੋਕਾਂ ਦੀ ਤਰ੍ਹਾਂ ਆਪਣੀ ਜ਼ਿੰਦਗੀ ਬਤੀਤ ਕਰ ਸਕਦਾ ਹੈ। ਇਸ ਮੌਕੇ ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਨੇ ਦੱਸਿਆ ਕਿ ਮਿਰਗੀ ਦੀ ਬਿਮਾਰੀ ਦੇ ਕੇਸਾਂ ਦੀ ਪਛਾਣ ਲਈ ਜ਼ਿਲ੍ਹੇ ਵਿੱਚ ਪਾਇਲਟ ਪ੍ਰੋਜੈਕਟ ਦੇ ਤੌਰ 'ਤੇ ਚੱਲ ਰਹੇ "ਸਟਾਪ ਐਪੀਲੈਪਸੀ ਪ੍ਰੋਜੈਕਟ" ਤਹਿਤ ਪਿੰਡਾਂ ਵਿੱਚ ਮਿਰਗੀ ਤੋਂ ਪੀੜਤ ਲੋਕਾਂ ਦੀ ਘਰ-ਘਰ ਜਾ ਕੇ ਪਛਾਣ ਕੀਤੀ ਜਾ ਰਹੀ ਹੈ ਅਤੇ ਇਸ ਪ੍ਰੋਜੈਕਟ' ਤਹਿਤ ਮਿਰਗੀ ਦੇ ਸ਼ੱਕੀ ਲੋਕਾਂ ਦੀ ਪਛਾਣ ਹੋਣ ਉਪਰੰਤ ਬਿਮਾਰੀ ਦੀ ਪੁਸ਼ਟੀ ਲਈ ਉਨ੍ਹਾਂ (ਮਰੀਜ਼ਾਂ) ਨੂੰ ਮਾਹਰ ਡਾਕਟਰਾਂ ਕੋਲ ਰੈਫਰ ਕੀਤਾ ਜਾ ਰਿਹਾ ਹੈ। ਇਸ ਮੌਕੇ ਹੋਰਨਾਂ ਤੋਂ ਡਿਪਟੀ ਮੈਡੀਕਲ ਕਮਿਸ਼ਨਰ ਡਾ. ਹਰਪ੍ਰੀਤ ਸਿੰਘ, ਲੈਫ. ਜਨਰਲ ਬਿਕਰਮ ਸਿੰਘ ਸਬ ਡਵੀਜ਼ਨਲ ਹਸਪਤਾਲ, ਬਲਾਚੌਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਕੁਲਵਿੰਦਰ ਮਾਨ, ਡਾ ਰਾਜਨ ਸਾਸ਼ਤਰੀ, ਬਲਾਕ ਐਕਸਟੈਂਸ਼ਨ ਐਜੂਕੇਟਰ ਨਿਰਮਲ ਸਿੰਘ, ਦਯਾਨੰਦ ਮੈਡੀਕਲ ਕਾਲਜ ਤੇ ਹਸਪਤਾਲ, ਲੁਧਿਆਣਾ ਤੋਂ ਸਟਾਪ ਐਪੀਲੈਪਸੀ ਪ੍ਰੋਜੈਕਟ ਦੇ ਰਿਸਰਚ ਐਸੋਸੀਏਟ ਡਾ. ਸਰਿਸ਼ਟੀ ਵਰਮਾ, ਕਲੀਨੀਕਲ ਰਿਸਰਚ ਟ੍ਰੇਨਿੰਗ ਫੈਲੋ ਉਤਪਲ ਗਗੋਈ ਤੇ ਬੱਬਲ ਸਮੇਤ ਸਿਹਤ ਵਿਭਾਗ ਦੇ ਮੈਡੀਕਲ ਅਫਸਰ ਅਤੇ ਹੋਰ ਅਧਿਕਾਰੀ ਮੌਜੂਦ ਸਨ।

# ਬਾਬਾ ਫਰੀਦ 'ਵਰਸਿਟੀ ਦੇ ਵਾਈਸ ਚਾਂਸਲਰ 'ਤੇ ਲੱਗੇ ਭ੍ਰਿਸ਼ਟਾਚਾਰ ਦੇ ਸੰਗੀਨ ਦੋਸ਼



**ਮੋਹਾਲੀ (ਗੁਰਜੀਤ ਬਿੱਲਾ)**- ਕਥਿਤ ਭ੍ਰਿਸ਼ਟਾਚਾਰ ਦਾ ਇਕ ਹੋਰ ਮਾਮਲਾ ਵੱਖ ਵੱਖ ਵਿਵਾਦਾਂ ਨੂੰ ਲੈ ਕੇ ਚਰਚਾ ਵਿਚ ਰਹਿਣ ਵਾਲੀ ਜ਼ਿਲ੍ਹਾ ਫਰੀਦਕੋਟ ਦੀ ਬਾਬਾ ਫਰੀਦ ਯੂਨੀਵਰਸਿਟੀ ਦਾ ਸਾਹਮਣੇ ਆਇਆ ਹੈ, ਜਿਸ ਵਿਚ ਯੂਨੀਵਰਸਿਟੀ ਦੇ ਮੌਜੂਦਾ ਵਾਇਸ ਚਾਂਸਲਰ ਡਾਕਟਰ ਰਾਜੀਵ ਸੂਦ ਉਤੇ ਸਰਕਾਰੀ ਹੁਕਮਾਂ ਨੂੰ ਛਿੱਕੇ ਟੰਗ ਕੇ ਆਪਣੇ ਚਹੇਤਿਆਂ ਨੂੰ ਨੌਕਰੀਆਂ ਦੇਣ ਅਤੇ ਨਜਾਇਜ਼ ਢੰਗ ਨਾਲ ਬਿਨਾਂ ਟੈਂਡਰ ਦਿੱਤੇ ਵੱਖ ਵੱਖ ਕੰਮ ਕਰਵਾਉਣਾ ਆਦਿ ਸੁਰਖੀਆਂ ਵਿਚ ਹੈ। ਇਥੇ ਮੋਹਾਲੀ ਪ੍ਰੈਸ ਕਲੱਬ ਵਿਚ ਇਕ ਪ੍ਰੈਸ ਕਾਨਫਰੰਸ ਦੌਰਾਨ ਸੰਬੋਧਨ ਕਰਦਿਆਂ ਸਮਾਜ ਸੇਵੀ ਸਿਮਰਨਜੀਤ ਸਿੰਘ ਮਾਨ ਅਤੇ ਕਿੱਕ ਬਾਕਸਿੰਗ ਕੋਚ ਤੇ ਸਮਾਜ ਸੇਵੀ ਕੁਲਦੀਪ ਸਿੰਘ ਅਟਵਾਲ (ਫਰੀਦਕੋਟ) ਨੇ ਦੱਸਿਆ ਕਿ ਬਾਬਾ ਫਰੀਦ ਯੂਨੀਵਰਸਿਟੀ ਵਿਚ ਵੱਡੇ ਪੱਧਰ ਉਤੇ ਘਪਲੇ ਚੱਲ ਰਹੇ ਹਨ, ਜਿਨ੍ਹਾਂ ਵਿਚ ਨਵੀਂ ਭਰਤੀ ਸਮੇਂ ਸਰਕਾਰੀ ਹਦਾਇਤਾਂ ਨੂੰ ਅਣਦੇਖਿਆਂ ਕਰਦਿਆਂ ਆਪਣੇ ਚਹੇਤੇ ਵਿਅਕਤੀਆਂ ਨੂੰ ਨੌਕਰੀ ਦੇਣ, ਬਿਨਾਂ ਟੈਂਡਰ ਦੇ ਕੰਮ ਕਰਵਾਉਣ ਅਤੇ ਆਪਣੇ ਨਿੱਜੀ ਟੂਰਾਂ ਲਈ ਸਰਕਾਰੀ ਗੱਡੀਆਂ ਦੀ ਵਰਤੋਂ ਕਰਨਾ ਸ਼ਾਮਲ ਹੈ। ਉਹਨਾਂ ਅੱਗੇ ਦੱਸਿਆ ਕਿ ਵੀ ਸੀ ਸਾਹਿਬ ਦਾ ਪਿਛੋਕੜ ਹਿਮਾਚਲ ਪ੍ਰਦੇਸ਼ ਤੋਂ ਹੈ ਅਤੇ ਉਹ ਪੰਜਾਬ ਦੇ ਨੌਜਵਾਨ ਲੜਕੇ-ਲੜਕੀਆਂ ਨਾਲ ਧੱਕਾ ਕਰਕੇ ਪ੍ਰਵਾਸੀ ਵਿਅਕਤੀਆਂ ਨੂੰ ਨੌਕਰੀ ਉਤੇ ਰੱਖਣਾ ਪਸੰਦ ਕਰਦੇ ਹਨ। ਉਹਨਾਂ ਵੱਲੋਂ ਆਪਣੇ ਇਕ ਚਹੇਤੇ ਨੂੰ ਲਾਅ ਅਫਸਰ ਵਜੋਂ ਨਿਯੁਕਤ ਕੀਤਾ ਗਿਆ ਹੈ ਅਤੇ ਉਸ ਨੂੰ 43000 ਰੁ: ਤਨਖ਼ਾਹ ਦਿੱਤੀ ਜਾ ਰਹੀ ਹੈ। ਜਦਕਿ ਉਸ ਨੂੰ ਪੰਜਾਬੀ ਲਿਖਣੀ-ਬੋਲਣੀ ਤੱਕ ਨਹੀਂ ਆਉਂਦੀ। ਵੀ ਸੀ ਦਾ ਕਹਿਣਾ ਹੈ ਕਿ ਸਾਨੂੰ ਪੰਜਾਬ ਤੇ ਹਰਿਆਣੇ ਤੋਂ ਕੋਈ ਤਜਰਬੇਕਾਰ ਵਿਅਕਤੀ ਨਹੀਂ ਮਿਲਿਆ।ਵੀ ਸੀ ਵੱਲੋਂ ਭ੍ਰਿਸ਼ਟਾਚਾਰ ਦੀ ਹੱਦ ਤਾਂ ਉਦੋਂ ਪਾਰ ਹੋ ਗਈ, ਜਦੋਂ ਇਹ ਪਤਾ ਚੱਲਿਆ ਕਿ ਉਹਨਾਂ ਦੀ ਪਤਨੀ ਗੀਨਾ ਸੂਦ, ਪੁੱਤਰ ਈਸ਼ਾਨ ਸੂਦ ਅਤੇ ਨੂੰਹ ਪਾਖੀ ਚਤੁਰਵੇਦੀ ਸੂਦ ਦੀਆਂ ਕਥਿਤ ਗ਼ੈਰਕਾਨੂੰਨੀ ਢੰਗ ਨਾਲ ਯੂਨੀਵਰਸਿਟੀ ਦੇ ਰਿਸਰਚ ਸੈਂਟਰ ਵਿਚ ਗੈਸਟ ਫੈਕਲਟੀ ਵਜੋਂ ਨਿਯੁਕਤੀਆਂ ਕੀਤੀਆਂ ਗਈਆਂ ਹਨ ਅਤੇ ਹਰ ਵਿਅਕਤੀ ਨੂੰ 80,000 ਪ੍ਰਤੀ ਮਹੀਨਾ ਤਨਖਾਹ ਦਿੱਤੀ ਜਾ ਰਹੀ ਹੈ, ਜਦਕਿ ਉਹਨਾਂ ਦਾ ਪੁੱਤਰ ਤੇ ਨੂੰਹ ਭਾਰਤ ਦੇ ਨਹੀਂ ਬਲਕਿ ਯੂਰਪ ਦੇ ਇਕ ਦੇਸ਼ ਦੇ ਪੱਕੇ ਵਸਨੀਕ ਹਨ।ਇਥੇ ਹੀ ਬਸ ਨਹੀਂ, ਵੀ ਸੀ ਸਾਹਿਬ ਵੱਲੋਂ ਯੂਨੀਵਰਸਿਟੀ ਵਿਚ ਸੁਪਰਡੰਟ ਦੇ ਅਹੁਦੇ ਉਤੇ ਆਪਣੀ ਚਹੇਤੀ ਅਤੇ ਗ਼ੈਰ ਤਜਰਬੇਕਾਰ ਡਾਕਟਰ ਨੀਤੂ ਕੱਕੜ ਨੂੰ ਨਿਯੁਕਤ ਕੀਤਾ ਗਿਆ ਹੈ, ਜਿਸ ਨੂੰ ਹਰ ਤਰ੍ਹਾਂ ਦੇ ਕਥਿਤ ਗ਼ੈਰਕਾਨੂੰਨੀ ਕੰਮ ਕਰਨ ਦੇ ਪੂਰੇ ਅਧਿਕਾਰ ਦੇ ਰੱਖੇ ਹਨ। ਇਸ ਦਾ ਫਾਇਦਾ ਉਠਾਉਂਦਿਆਂ ਹੀ ਨੀਤੂ ਕੱਕੜ ਨੇ ਆਪਣੇ ਘਰ ਵਿਚ ਕੇਅਰ-ਟੇਕਰ ਵਜੋਂ ਕੰਮ ਕਰਦੀ ਗ਼ੈਰ ਤਜਰਬੇਕਾਰ ਲੜਕੀ ਨੂੰ ਲੈਬ ਟੈਕਨੀਸ਼ੀਅਨ ਦੇ ਅਹੁਦੇ ਉਤੇ ਨਿਯੁਕਤ ਕਰ ਦਿੱਤਾ। ਇਸੇ ਤਰ੍ਹਾਂ ਨੀਤੂ ਕੱਕੜ ਵੱਲੋਂ 38 ਸਾਲਾ ਇਕ ਜਨਰਲ ਵਰਗ ਦੀ ਲੜਕੀ ਨੂੰ ਨੌਕਰੀ ਉਤੇ ਰੱਖਿਆ ਗਿਆ ਹੈ, ਜਦਕਿ ਸਰਕਾਰ ਵੱਲੋਂ ਇਸ ਅਸਾਮੀ ਲਈ ਉਮਰ ਹੱਦ 37 ਸਾਲ ਹੈ। ਇਥੇ ਹੀ ਬਸ ਨਹੀਂ ਸਗੋਂ ਵੀ ਸੀ ਵੱਲੋਂ ਪਿਛਲੇ ਛੇ ਮਹੀਨਿਆਂ ਵਿਚ ਯੂਨੀਵਰਸਿਟੀ ਦੇ ਖਰਚੇ ਉਤੇ ਤਿੰਨ ਲਗਜ਼ਰੀ ਗੱਡੀਆਂ ਖਰੀਦੀਆਂ ਗਈਆਂ ਹਨ ਅਤੇ ਇਹਨਾਂ ਨੂੰ ਕਥਿਤ ਤੌਰ 'ਤੇ ਆਪਣੇ ਨਿੱਜੀ ਸਵਾਰਥ ਲਈ ਵਰਤਿਆ ਜਾਂਦਾ ਹੈ।ਸਮਾਜ ਸੇਵੀ ਸਿਮਰਨਜੀਤ ਸਿੰਘ ਮਾਨ ਅਤੇ ਕੁਲਦੀਪ ਸਿੰਘ ਅਟਵਾਲ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਅਪੀਲ ਕੀਤੀ ਹੈ ਕਿ ਭਾਵੇਂ ਕਿ ਸਰਕਾਰ ਭ੍ਰਿਸ਼ਟਾਚਾਰ ਵਿਰੁੱਧ ਚੰਗੇ ਉਪਰਾਲੇ ਕਰ ਰਹੀ ਹੈ ਪਰ ਇਹ ਭ੍ਰਿਸ਼ਟ ਅਧਿਕਾਰੀ ਉਚ ਅਹੁਦਿਆਂ ਦਾ ਨਜਾਇਜ਼ ਫਾਇਦਾ ਉਠਾ ਕੇ ਸਰਕਾਰ ਨੂੰ ਬਦਨਾਮ ਕਰਨ ਦਾ ਕੰਮ ਕਰ ਰਹੇ ਹਨ। ਇਸ ਲਈ ਅਜਿਹੀ ਭ੍ਰਿਸ਼ਟ ਅਫਸਰਸ਼ਾਹੀ ਉਤੇ ਤੁਰੰਤ ਨਕੇਲ ਪਾਈ ਜਾਵੇ ਤਾਂ ਜੋ ਸਰਕਾਰ ਦੇ ਅਕਸ਼ ਨੂੰ ਢਾਹ ਨਾ ਲੱਗੇ।ਇਸ ਸਬੰਧੀ ਜਦੋਂ ਵਾਇਸ ਚਾਂਸਲਰ ਰਾਜੀਵ ਸੂਦ ਨਾਲ ਉਹਨਾਂ ਉਤੇ ਲਗਾਏ ਗਏ ਉਪਰੋਕਤ ਦੋਸ਼ਾਂ ਬਾਰੇ ਫੋਨ ਉਤੇ ਗੱਲ ਕੀਤੀ ਗਈ ਤਾਂ ਉਹਨਾਂ ਨੇ ਇਸ ਨੂੰ ਨਿਰਾ ਝੂਠ ਅਤੇ ਰਾਜਨੀਤੀ ਤੋਂ ਪ੍ਰੇਰਿਤ ਅਤੇ ਬੇਬੁਨਿਆਦ ਦੱਸਿਆ। ਉਹਨਾਂ ਕਿਹਾ ਕਿ ਇਸ ਮਾਮਲੇ ਸਬੰਧੀ ਕੁਝ ਵਿਅਕਤੀਆਂ ਵਲੋਂ ਫਰੀਦਕੋਟ ਵਿਚ ਕੀਤੀ ਕਾਨਫਰੰਸ ਤੋਂ ਬਾਅਦ ਯੂਨੀਵਰਸਿਟੀ ਪਹਿਲਾਂ ਹੀ ਆਪਣਾ ਪੱਖ ਦੇ ਚੁੱਕੀ ਹੈ, ਇਹ ਨਿਰਾ ਝੂਠ ਹੈ। ਪਹਿਲਾਂ ਹੀ ਸਾਈਬਰ ਸੈੱਲ ਇਸ ਮਾਮਲੇ ਦੀ ਜਾਂਚ ਕਰ ਰਿਹਾ ਹੈ। ਜਦੋਂ ਉਹਨਾਂ ਦੇ ਪਰਵਾਰਕ ਮੈਂਬਰਾਂ ਨੂੰ ਦਿੱਤੀ ਜਾ ਰਹੀ ਤਨਖ਼ਾਹ ਬਾਰੇ ਪੁੱਛਿਆ ਗਿਆ ਤਾਂ ਉਹਨਾਂ ਕਿਹਾ ਕਿ ਇਸ ਬਾਰੇ ਉਹ ਕੋਈ ਗੱਲ ਨਹੀਂ ਕਰਨਾ ਚਾਹੁੰਦੇ। ਜਦੋਂ ਉਹਨਾਂ ਤੋਂ ਨੌਕਰੀਆਂ ਦੀਆਂ ਸ਼ਰਤਾਂ ਪੂਰੀਆਂ ਨਾ ਕਰਦੇ ਮੁਲਾਜ਼ਮਾਂ ਨੂੰ ਨੌਕਰੀ ਉਤੇ ਰੱਖਣ ਬਾਰੇ ਪੁੱਛਿਆ ਗਿਆ ਤਾਂ ਉਹਨਾਂ ਕਿਹਾ ਕਿ ਕੁਝ ਅਹੁਦੇ ਆਊਟਸੋਰਸਿੰਗ ਰਾਹੀਂ ਭਰੇ ਜਾਂਦੇ ਹਨ, ਜਿਨ੍ਹਾਂ ਉਤੇ ਦਸਵੀਂ ਜਮਾਤ ਵਿਚ ਪੰਜਾਬੀ ਵਿਸ਼ੇ ਵਿਚ ਪਾਸ ਹੋਣ ਦੀਆਂ ਸ਼ਰਤਾਂ ਲਾਗੂ ਨਹੀਂ ਹੁੰਦੀਆਂ।

# ਸੜਕ ਸੁਰੱਖਿਆ ਤੇ ਟ੍ਰੈਫਿਕ ਨਿਯਮਾਂ ਸੰਬੰਧੀ ਜਾਗਰੂਕਤਾ ਲੈਕਚਰ



**ਕਪੂਰਥਲਾ (ਮਨਜੀਤ ਮਾਨ)**- ਐਸ.ਐਸ.ਪੀ. ਕਪੂਰਥਲਾ ਦੇ ਸਿੱਧੇ ਦਿਸ਼ਾ-ਨਿਰਦੇਸ਼ਾਂ ਹੇਠ ਐਡਵੋਕੇਟ ਚੰਦਨ ਪੁਰੀ ਮੈਂਬਰ ਸੜਕ ਸੁਰੱਖਿਆ ਕਮੇਟੀ ਪੰਜਾਬ ਵੱਲੋਂ ਇਨ ਸਰਵਿਸ ਟ੍ਰੇਨਿੰਗ ਸੈਂਟਰ ਕਪੂਰਥਲਾ ਵਿਖੇ ਨਵੇਂ ਟਰੇਨੀ ਕਾਂਸਟੇਬਲਾਂ ਲਈ ਇੱਕ ਵਿਸ਼ੇਸ਼ ਜਾਗਰੂਕਤਾ ਲੈਕਚਰ ਆਯੋਜਿਤ ਕੀਤਾ ਗਿਆ। ਲੈਕਚਰ ਦਾ ਮੁੱਖ ਉਦੇਸ਼ ਨਵੇਂ ਭਰਤੀ ਹੋਏ ਜਵਾਨਾਂ ਨੂੰ ਸੜਕ ਸੁਰੱਖਿਆ, ਟ੍ਰੈਫਿਕ ਨਿਯਮਾਂ, ਰੋਡ ਐਕਸੀਡੈਂਟ ਇਨਵੇਸਟੀਗੇਸ਼ਨ ਅਤੇ ਉਨ੍ਹਾਂ ਦੀ ਨੈਤਿਕ ਤੇ ਵਧੀਕ ਜ਼ਿੰਮੇਵਾਰੀਆਂ ਬਾਰੇ ਜਾਣੂ ਕਰਵਾਉਣਾ ਸੀ।ਲੈਕਚਰ ਦੌਰਾਨ ਐਡਵੋਕੇਟ ਚੰਦਨ ਪੁਰੀ ਨੇ ਟਰੇਨੀ ਕਾਂਸਟੇਬਲਾਂ ਨੂੰ ਸਮਝਾਇਆ ਕਿ ਕਿਸ ਤਰ੍ਹਾਂ ਇੱਕ ਪੁਲਸ ਕਾਂਸਟੇਬਲ ਦੀ ਸੜਕ ਸੁਰੱਖਿਆ ਵਿੱਚ ਕੇਂਦਰੀ ਭੂਮਿਕਾ ਹੁੰਦੀ ਹੈ। ਉਨ੍ਹਾਂ ਰੋਡ ਐਕਸੀਡੈਂਟ ਇਨਵੇਸਟੀਗੇਸ਼ਨ ਦੀ ਮਹੱਤਤਾ ਤੇ ਵਿਗਿਆਨਕ ਪੜਤਾਲ ਦੀ ਲੋੜ ਬਾਰੇ ਜਾਣਕਾਰੀ ਦਿੱਤੀ, ਜਿਸ ਰਾਹੀਂ ਹਾਦਸਿਆਂ ਦੇ ਅਸਲ ਕਾਰਨ ਪਤਾ ਲਗਾ ਕੇ ਉਨ੍ਹਾਂ ਨੂੰ ਰੋਕਣ ਲਈ ਨੀਤੀਆਂ ਬਣਾਈਆਂ ਜਾ ਸਕਦੀਆਂ ਹਨ।ਇਸ ਦੇ ਨਾਲ ਹੀ, ਐਡਵੋਕੇਟ ਪੁਰੀ ਨੇ ਨਿਊ ਕਾਰ ਅਸੈਸਮੈਂਟ ਪ੍ਰੋਗਰਾਮ ਦੀ ਵੀ ਚਰਚਾ ਕੀਤੀ । ਉਨ੍ਹਾਂ ਕਿਹਾ ਕਿ ਟ੍ਰੈਫਿਕ ਨਿਯਮਾਂ ਦੀ ਪਾਲਣਾ ਨਾ ਸਿਰਫ ਆਮ ਨਾਗਰਿਕਾਂ ਲਈ ਲਾਜ਼ਮੀ ਹੈ, ਸਗੋਂ ਪੁਲਸ ਅਧਿਕਾਰੀਆਂ ਲਈ ਇਸ ਦੀ ਪਾਲਣਾ ਅਤੇ ਪ੍ਰਚਾਰ ਦੋਵੇਂ ਵਧੇਰੇ ਜ਼ਰੂਰੀ ਹਨ।ਉਨ੍ਹਾਂ ਟਰੇਨੀ ਕਾਂਸਟੇਬਲਾਂ ਨੂੰ ਕਿਹਾ ਕਿ ਪੁਲਸ ਮੁਲਾਜ਼ਮ ਸਿਰਫ ਕਾਨੂੰਨ ਲਾਗੂ ਕਰਨ ਵਾਲਾ ਹੀ ਨਹੀਂ, ਬਲਕਿ ਇੱਕ ਪ੍ਰੇਰਕ ਰੂਪ ਵਿੱਚ ਜਨਤਾ ਨੂੰ ਸਹੀ ਦਿਸ਼ਾ ਦਿਖਾਉਣ ਵਾਲਾ ਮਾਰਗਦਰਸ਼ਕ ਵੀ ਹੈ। ਇਸ ਸੈਸ਼ਨ ਦੌਰਾਨ ਟ੍ਰੈਫਿਕ ਐਜੂਕੇਸ਼ਨ ਸੈੱਲ ਵਲੋਂ ਵੀ ਵਿਸ਼ੇਸ਼ ਪੇਸ਼ਕਸ਼ ਕੀਤੀ ਗਈ, ਜਿਸ ਰਾਹੀਂ ਨਵੇਂ ਟਰੇਨੀ ਕਾਂਸਟੇਬਲਾਂ ਨੂੰ ਟ੍ਰੈਫਿਕ ਨਿਸ਼ਾਨਾਂ ਬਾਰੇ ਜਾਣੂ ਕਰਵਾਇਆ ਗਿਆ।ਇਸ ਉਤਸ਼ਾਹਵਰਤ ਲੈਕਚਰ ਵਿੱਚ ਡੀ.ਐਸ.ਪੀ. ਇਨਡੋਰ ਪਰਵੀਨ ਕੌਰ, ਚੀਫ ਲਾਅ ਇੰਸਪੈਕਟਰ ਤਰਸੇਮ ਸਿੰਘ ਅਤੇ ਟ੍ਰੈਫਿਕ ਇੰਚਾਰਜ ਦਰਸ਼ਨ ਸਿੰਘ ਵੀ ਹਾਜ਼ਰ ਸਨ।

## ਪੈਰਾਮਾਊਂਟ ਪਬਲਿਕ ਸਕੂਲ 'ਚ ਸਮਰ ਕੈਂਪ ਲਾਇਆ



**ਭੀਖੀ (ਧਰਮਵੀਰ ਸ਼ਰਮਾ)**-ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਪੈਰਾਮਾਊਂਟ ਪਬਲਿਕ ਸਕੂਲ ਭੀਖੀ ਵਿਖੇ 15 ਦਿਨਾ ਸਮਰ ਕੈਂਪ ਲਾਇਆ ਗਿਆ, ਜਿਸ ਵਿੱਚ ਵਿਦਿਆਰਥੀਆਂ ਨੇ ਆਪਣੀ ਦਿਲਚਸਪੀ ਦੇ ਅਨੁਸਾਰ ਵੱਖ-ਵੱਖ ਗਤੀਵਿਧੀਆਂ 'ਚ ਹਿੱਸਾ ਲਿਆ। ਸਕੂਲ ਦੇ ਚੇਅਰਮੈਨ ਜਸਵੀਰ ਸਿੰਘ ਚੀਮਾ ਨੇ ਸਮਰ ਕੈਂਪ ਦੀ ਮਹੱਤਤਾ ਬਾਰੇ ਦੱਸਦਿਆਂ ਕਿਹਾ ਕਿ ਵਿਵਹਾਰਕ ਜੀਵਨ ਵਿੱਚ ਸਫਲਤਾ ਤੇ ਬੱਚਿਆਂ ਦੇ ਸਕਾਰਾਤਮਕ ਰਵੱਈਏ 'ਚ ਇਹੋ ਜਿਹੇ ਉਪਰਾਲੇ ਬਹੁਤ ਵੱਡਾ ਯੋਗਦਾਨ ਪਾਉਂਦੇ ਹਨ। ਉਨ੍ਹਾਂ ਦੱਸਿਆ ਕਿ ਕੈਂਪ ਦੌਰਾਨ ਵਿਦਿਆਰਥੀਆਂ ਨੇ ਫੁੱਟਬਾਲ, ਵਾਲੀਬਾਲ, ਬੈਡਮਿੰਟਨ, ਆਰਚਰੀ, ਬਾਕਸਿੰਗ, ਅਥਲੈਟਿਕਸ ਤੇ ਗੱਤਕਾ ਆਦਿ ਖੇਡਾਂ ਵਿੱਚ ਭਾਗ ਲਿਆ। ਇਸ ਤੋਂ ਇਲਾਵਾ ਸਮਰ ਕੈਂਪ 'ਚ ਲੜਕਿਆਂ ਤੇ ਲੜਕੀਆਂ ਲਈ ਸੈਲਫ ਡਿਫੈਂਸ ਗਤੀਵਿਧੀਆਂ ਦਾ ਵੀ ਵਿਸ਼ੇਸ਼ ਪ੍ਰਬੰਧ ਕੀਤਾ ਗਿਆ। ਕੈਂਪ ਦੌਰਾਨ ਬੱਚੇ ਬਹੁਤ ਖੁਸ਼ ਤੇ ਉਤਸ਼ਾਹਤ ਹੋਏ।

# ਤੰਦਰੁਸਤੀ ਲਈ ਜੰਕ ਫੂਡ ਛੱਡ ਕੇ ਘਰ ਦੀਆਂ ਵਧੀਆ ਖੁਰਾਕਾਂ ਖਾਣ ਬੱਚੇ : ਡਾ. ਭੰਡਾਰੀ

## ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਸਮਰ ਕੈਂਪ ਜਾਰੀ



**ਸੰਗਰੂਰ (ਪ੍ਰਵੀਨ ਸਿੰਘ)**

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਗਿਆਨ ਅੰਜਨ ਸਮਰ ਕੈਂਪ ਦੌਰਾਨ ਬੱਚਿਆਂ ਦੀ ਸਿਹਤਯਾਬੀ ਲਈ ਸਥਾਨਕ ਗੁਰਦੁਆਰਾ ਗੁਰੂ ਨਾਨਕਪੁਰਾ ਵਿਖੇ ਸੈਮੀਨਾਰ ਕਰਵਾਇਆ ਗਿਆ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਸ. ਸੁਰਿੰਦਰ ਪਾਲ ਸਿੰਘ ਸਿਦਕੀ ਮੁੱਖ ਪ੍ਰਬੰਧਕ ਨੇ ਜੀ ਆਇਆਂ ਕਿਹਾ ਤੇ ਡਾ. ਹਰਪ੍ਰੀਤ ਸਿੰਘ ਭੰਡਾਰੀ ਦੀ ਸ਼ਖ਼ਸੀਅਤ ਬਾਰੇ ਜਾਣੂ ਕਰਵਾਇਆ। ਸੈਮੀਨਾਰ ਦੌਰਾਨ ਦੂਹਰੀ ਵਾਰ ਰਾਜ ਪੁਰਸਕਾਰ ਨਾਲ ਸਨਮਾਨਤ ਡਾ. ਹਰਪ੍ਰੀਤ ਸਿੰਘ ਭੰਡਾਰੀ ਨੇ ਬੱਚਿਆਂ ਨੂੰ ਸੰਬੋਧਨ ਕੀਤਾ। ਬੱਚਿਆਂ ਨੂੰ ਉਨ੍ਹਾਂ ਦੇ ਬਾਲ ਮਨਾਂ ਅਨੁਸਾਰ ਰੋਚਕ ਕਹਾਣੀਆਂ ਦੇ ਮਾਧਿਅਮ ਨਾਲ ਵੱਡਮੁੱਲੀਆਂ ਸਿਹਤ ਜਾਣਕਾਰੀਆਂ ਸਾਂਝੀਆਂ ਕੀਤੀਆਂ ਗਈਆਂ।

ਡਾ. ਭੰਡਾਰੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਕਿਸੇ ਵੀ ਕੌਮ ਜਾਂ ਦੇਸ਼ ਦੀ ਤਰੱਕੀ ਉਦੋਂ ਤੱਕ ਸੰਭਵ ਨਹੀਂ, ਜਦੋਂ ਤੱਕ ਉਸ ਦੇ ਬਾਸ਼ਿੰਦੇ ਮਾਨਸਿਕ ਤੇ ਸਰੀਰਕ ਤੌਰ 'ਤੇ ਤੰਦਰੁਸਤ ਨਾ ਹੋਣ।ਉਨ੍ਹਾਂ ਕਿਹਾ ਕਿ ਬੇਸ਼ੱਕ ਅਸੀਂ ਬਹੁਤ ਤਰੱਕੀ ਕਰ ਲਈ।ਸੁੱਖ, ਸਹੂਲਤਾਂ ਐਸ਼ੋ-ਆਰਾਮ ਦੇ ਸਾਰੇ ਸਾਧਨ ਪੈਦਾ ਕਰ ਲਏ, ਪਰ ਜੇਕਰ ਇਨ੍ਹਾਂ ਨੂੰ ਮਾਨਣ ਤੋਂ ਪਹਿਲਾਂ ਹੀ ਸਾਡੇ ਸਰੀਰ ਨੂੰ ਬੀਮਾਰੀਆਂ ਨੇ ਘੇਰ ਲਿਆ ਤਾਂ ਅਜਿਹੀ ਤਰੱਕੀ ਦਾ ਕੋਈ ਅਰਥ ਨਹੀਂ ਰਹਿ ਜਾਂਦਾ।ਡਾ. ਭੰਡਾਰੀ ਨੇ ਕਿਹਾ ਕਿ ਸਾਡਾ ਵਿਰਸਾ ਬਹੁਤ ਮਹਾਨ ਹੈ।ਸਾਡੇ ਗੁਰੂ ਸਾਹਿਬਾਨ ਨੇ ਜਿੱਥੇ ਸਾਨੂੰ ਗੁਰਬਾਣੀ ਦੇ ਲੜ ਲਾਇਆ, ਜਿਸ ਨਾਲ ਅਸੀਂ ਮਾਨਸਿਕ ਤੌਰ 'ਤੇ ਸੁਚੇਤ ਹੋਏ ਹਾਂ ਤੇ ਜੀਵਨ ਵਿੱਚ ਥਾਂ-ਥਾਂ ਸਾਡੀ ਰਹਿਨੁਮਾਈ ਕੀਤੀ ਹੈ, ਉੱਥੇ ਸਾਨੂੰ ਸਰੀਰਕ ਤੌਰ 'ਤੇ ਤੰਦਰੁਸਤ ਰਹਿਣ ਲਈ ਵੀ ਪ੍ਰੇਰਨਾ ਵੀ ਦਿੱਤੀ ਹੈ।ਡਾ. ਭੰਡਾਰੀ ਨੇ ਕਿਹਾ ਕਿ ਜ਼ਿੰਦਗੀ ਵਿੱਚ ਤੰਦਰੁਸਤ ਰਹਿਣ ਲਈ ਮਿਹਨਤ ਕਰਨੀ ਪੈਂਦੀ ਹੈ। ਹਸਪਤਾਲਾਂ ਵਿੱਚ ਘਟੇ ਦੁੱਖ ਵੀ ਝੱਲਣੇ ਪੈਂਦੇ ਹਨ ਤੇ ਖ਼ਰਚੇ ਵਧਦੇ ਹੀ ਹਨ, ਫਿਰ ਕਿਉਂ ਨਾ ਉਹੀ ਪੈਸਾ ਖ਼ਰਚ ਕਰਕੇ ਚੰਗਾ ਦੁੱਧ, ਦਹੀਂ, ਲੱਸੀ, ਮੱਖਣ ਖਾਧਾ-ਪੀਤਾ ਜਾਵੇ, ਜੰਕ ਫੂਡ ਛੱਡ ਕੇ ਘਰ ਦੀਆਂ ਖੁਰਾਕਾਂ ਖਾਧੀਆਂ ਜਾਣ ਤਾਂ ਅਸੀਂ ਤੰਦਰੁਸਤ ਰਹਿ ਕੇ ਸਿਹਤ ਤੇ ਅੱਛਾ ਜੀਵਨ ਕਮਾ ਸਕੀਏ।ਇਸ ਮੌਕੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਡਾ. ਹਰਪ੍ਰੀਤ ਸਿੰਘ ਭੰਡਾਰੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਇਸ ਸੈਮੀਨਾਰ ਵਿੱਚ ਕੈਂਪ ਪ੍ਰਬੰਧਕੀ ਟੀਮ ਵੱਲੋਂ ਸ. ਬਲਵੰਤ ਸਿੰਘ ਭੀਖੀ, ਸ. ਬਲਵੀਰ ਸਿੰਘ ਜੁਲਮਗੜ੍ਹ, ਬੀਬੀ ਹਰਵਿੰਦਰ ਕੌਰ, ਬੀਬੀ ਅਮਨਦੀਪ ਕੌਰ, ਬੀਬੀ ਹਰਕੀਰਤ ਕੌਰ, ਕਿਰਨ ਦੂਆ, ਬੀਬੀ ਗੁਰਦੀਪ ਕੌਰ ਤੇ ਰਾਜਵੰਤ ਕੌਰ ਆਦਿ ਨੇ ਵੀ ਸ਼ਮੂਲੀਅਤ ਕੀਤੀ।ਸੁਰਿੰਦਰ ਪਾਲ ਸਿੰਘ ਸਿਦਕੀ ਨੇ ਦੱਸਿਆ ਕਿ ਅੱਜ 14 ਜੂਨ ਨੂੰ ਪੈਂਤੀ ਅੱਖਰੀ ਸੁੰਦਰ ਲਿਖਾਈ ਮੁਕਾਬਲੇ ਹੋਣਗੇ, ਜਦੋਂਕਿ 15 ਜੂਨ ਨੂੰ ਸ਼ਾਮ 3 ਵਜੇ ਤੋਂ 5 ਵਜੇ ਤੱਕ ਸਮਾਪਤੀ ਸਮਾਰੋਹ ਦੌਰਾਨ ਬਾਲ ਕਵੀ ਦਰਬਾਰ ਹੋਵੇਗਾ, ਉਪਰੰਤ ਡਾਕਟਰ ਇੰਦਰਜੋਤ ਕੌਰ ਰਣਜੀਤ ਆਈ ਹਸਪਤਾਲ ਸੰਗਰੂਰ ਵਾਲੇ ਮੁਕਾਬਲਿਆਂ ਦੇ ਜੇਤੂਆਂ ਨੂੰ ਇਨਾਮ ਤੇ ਸਹਿਯੋਗੀਆਂ ਨੂੰ ਸਨਮਾਨ ਦੇਣ ਦੀ ਰਸਮ ਅਦਾ ਕਰਨਗੇ।

# ਫਤਿਹ ਗਰੁੱਪ ਆਫ ਇੰਸ. ਦੇ ਬੀ ਕਾਮ ਪੰਜਵੇਂ ਸਮੈਸਟਰ ਦੇ ਨਤੀਜੇ ਸ਼ਾਨਦਾਰ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**

ਫਤਿਹ ਗਰੁੱਪ ਆਫ ਇੰਸਟੀਚਿਊਸ਼ਨਜ਼ ਨੇ ਇਕ ਵਾਰ ਫਿਰ ਆਪਣੀ ਅਕਾਦਮਿਕਤਾ ਦਾ ਝੰਡਾ ਗੱਡਦਿਆਂ ਬੀ. ਕਾਮ ਪੰਜਵੇਂ ਸਮੈਸਟਰ ਦੇ ਨਤੀਜਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ।ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਨਤੀਜਿਆਂ ਅਨੁਸਾਰ ਇਸ ਸਮੈਸਟਰ ਦੇ ਇੱਕ ਵਿਦਿਆਰਥੀ ਨੂੰ ਛੱਡ ਕੇ ਸਾਰੇ ਵਿਦਿਆਰਥੀਆਂ ਨੇ ਪਹਿਲੀ ਸ਼੍ਰੇਣੀ ਵਿੱਚ ਸਫਲਤਾ ਹਾਸਲ ਕਰਕੇ ਸੰਸਥਾ ਦਾ ਮਾਣ ਵਧਾਇਆ।ਇਸ ਸ਼ਾਨਦਾਰ ਨਤੀਜੇ ਨੇ ਸੰਸਥਾ ਦੀ ਵਿੱਦਿਅਕ ਗੁਣਵੱਤਾ ਤੇ ਅਧਿਆਪਕਾਂ ਦੀ ਸਮਰਪਿਤ ਮਿਹਨਤ ਦਾ ਲੋਹਾ ਮਨਵਾਇਆ।ਪਹਿਲੀ ਪੁਜ਼ੀਸ਼ਨ ਪ੍ਰਭਜੋਤ ਕੌਰ ਪੁੱਤਰੀ ਸਤਨਾਮ ਸਿੰਘ (ਪਿੰਡ ਤੁੰਗਵਾਲੀ) ਨੇ 82% ਅੰਕਾਂ ਨਾਲ ਹਾਸਲ ਕੀਤੀ।ਦੂਜੀ ਪੁਜ਼ੀਸ਼ਨ ਸਮਨਦੀਪ ਕੌਰ ਪੁੱਤਰੀ ਸਤਨਾਮ ਸਿੰਘ (ਪਿੰਡ ਧੀਂਗੜ) ਨੇ 79% ਅੰਕਾਂ ਨਾਲ ਤੇ ਤੀਜੀ ਪੁਜ਼ੀਸ਼ਨ ਹਰਮਨਦੀਪ ਕੌਰ ਪੁੱਤਰੀ ਹਰਭਜਨ ਸਿੰਘ (ਪਿੰਡ ਰਾਮਨਿਵਾਸ) ਨੇ 76% ਅੰਕਾਂ ਨਾਲ ਪ੍ਰਾਪਤ ਕੀਤੀ।ਇਨ੍ਹਾਂ ਵਿਦਿਆਰਥੀਆਂ ਦੀ ਸਫਲਤਾ ਨੇ ਨਾ ਸਿਰਫ਼ ਸੰਸਥਾ ਦੀ ਸ਼ਾਨ ਵਿੱਚ ਚਾਰ ਚੰਨ ਲਾਏ, ਸਗੋਂ ਉਨ੍ਹਾਂ ਦੇ ਪਰਿਵਾਰਾਂ ਤੇ ਪਿੰਡਾਂ ਦਾ ਨਾਂ ਵੀ ਰੌਸ਼ਨ ਕੀਤਾ।ਸੰਸਥਾ ਦੇ ਚੇਅਰਮੈਨ ਐੱਸ. ਐੱਸ. ਚੱਠਾ ਨੇ ਇਸ ਪ੍ਰਾਪਤੀ 'ਤੇ ਖ਼ੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਇਹ ਨਤੀਜੇ ਸਾਡੀ ਸੰਸਥਾ ਦੀ ਵਚਨਬੱਧਤਾ ਤੇ ਵਿਦਿਆਰਥੀਆਂ ਦੀ ਮਿਹਨਤ ਦਾ ਨਤੀਜਾ ਹਨ। ਅਸੀਂ ਵਿਦਿਆਰਥੀਆਂ ਨੂੰ ਅਜਿਹਾ ਵਾਤਾਵਰਨ ਪ੍ਰਦਾਨ ਕਰਨ ਲਈ ਵਚਨਬੱਧ ਹਾਂ, ਜੋ ਉਨ੍ਹਾਂ ਨੂੰ ਆਪਣੀ ਪ੍ਰਤਿਭਾ ਨੂੰ ਨਿਖਾਰਨ ਦਾ ਮੌਕਾ ਦੇਵੇ। ਡੀਨ ਅਕਾਦਮਿਕ ਡਾ. ਜਗਵਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਇਹ ਸਫਲਤਾ ਵਿਦਿਆਰਥੀਆਂ ਤੇ ਅਧਿਆਪਕਾਂ ਦੀ ਸਾਂਝੀ ਮਿਹਨਤ ਦਾ ਨਤੀਜਾ ਹੈ, ਜੋ ਸਾਡੇ ਵਿੱਦਿਅਕ ਮਿਸ਼ਨ ਨੂੰ ਹੋਰ ਮਜ਼ਬੂਤ ਕਰਦੀ ਹੈ। ਸਹਾਇਕ ਡਾਇਰੈਕਟਰ ਹਰਪ੍ਰੀਤ ਸ਼ਰਮਾ ਨੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਪ੍ਰਾਪਤੀ ਸਾਡੇ ਲਈ ਮਾਣ ਵਾਲੀ ਗੱਲ ਹੈ ਤੇ ਅਸੀਂ ਭਵਿੱਖ ਵਿੱਚ ਵੀ ਅਜਿਹੇ ਨਤੀਜੇ ਲਿਆਉਣ ਲਈ ਪ੍ਰੇਰਿਤ ਹਾਂ।ਸਹਾਇਕ ਡਾਇਰੈਕਟਰ ਪ੍ਰੋ. ਜਸਵਿੰਦਰ ਸਿੰਘ ਤੇ ਪ੍ਰਿੰਸੀਪਲ ਬਘੇਲ ਸਿੰਘ ਨੇ ਵੀ ਵਿਦਿਆਰਥੀਆਂ ਦੀ ਸਫਲਤਾ 'ਤੇ ਖ਼ੁਸ਼ੀ ਜ਼ਾਹਰ ਕੀਤੀ।ਐੱਮ. ਡੀ. ਮਨਜੀਤ ਕੌਰ ਚੱਠਾ ਨੇ ਕਿਹਾ ਕਿ ਇਹ ਨਤੀਜੇ ਸਾਡੇ ਵਿੱਦਿਅਕ ਸੁਪਨਿਆਂ ਦੀ ਪੂਰਤੀ ਦਾ ਪ੍ਰਤੀਕ ਹਨ।ਵਿਦਿਆਰਥੀਆਂ ਦੀ ਇਹ ਸਫਲਤਾ ਸਾਨੂੰ ਨਵੇਂ ਉਦੇਸ਼ਾਂ ਵੱਲ ਲੈ ਜਾਵੇਗੀ।

## ਠਰਕੀ ਸਾਧ ਦੇ ਇਲਾਕੇ 'ਚ ਚਰਚੇ, ਕੌਣ ਕਰੂਗਾ ਪਰਚੇ

**ਚੌਕੀਮਾਨ (ਇੰਜ ਬਲਬੀਰ ਸਿੰਘ ਮਾਨ)**-ਪਿਛਲੇ ਕਈ ਦਿਨਾਂ ਤੋਂ ਮੁਲਤਾਨੀ ਰਿਗਾਰੀ ਸੋਸ਼ਲ ਮੀਡੀਆ 'ਤੇ ਵਿਰਲੇ ਡਪਲੀ ਧੁਨੀ ਬਣੀ ਹੋਈ ਹੈ, ਜਿਸ ਨੂੰ ਦੇਖ-ਸੁਣ ਦੇ ਮਹੀਨੇ ਜ਼ੁਬਾਨੀ ਤਪ ਕਰਦੇ ਲੋਕ ਠੰਡੇ ਤੌਰ ਤੇ ਸੋਚ ਰਹੇ ਹਨ। ਸੋਸ਼ਲ ਮੀਡੀਆ 'ਤੇ ਇੱਕ ਸਾਧ ਤੇ ਚੇਲੀ ਦੀ ਬੰਦ ਕਮਰਾ ਨੀਲੀ ਅਵਸਥਾ ਵਿੱਚ ਵੀਡੀਓ ਗਲੀ ਮੁਹੱਲੇ ਛਣਕਾਟੇ ਪਾਉਂਦੀ ਫਿਰਦੀ ਹੈ, ਇਸ ਦੇ ਨਾਲ ਨਾਲ ਬਾਬੇ ਦੀ ਕਿਸੇ ਆਪਣੇ ਚਹੇਤੇ/ਪੱਤਰਕਾਰ ਨਾਲ ਆਪਸੀ ਗੱਲਬਾਤ ਦੀ ਆਡੀਓ ਵੀ ਸੁਣੀ ਜਾ ਰਹੀ ਹੈ। ਲੋਕ ਪੋਸਟਾਂ ਸੋਸ਼ਲ ਮੀਡੀਆ 'ਤੇ ਪਾ ਕੇ ਆਪਣੀਆਂ ਧੀਆਂ-ਭੈਣਾਂ ਨੂੰ ਇਨ੍ਹਾਂ ਠਰਕੀ, ਬੂਬਨਿਆਂ ਦੇ ਡੇਰਿਆਂ ਤੋਂ ਜਾਣੋਂ ਰੋਕ ਰਹੇ ਨੇ, ਪਰ ਅੰਨ੍ਹੇ ਸ਼ਰਧਾਲੂ ਬਾਕੀ ਰਹਿੰਦੀਆਂ ਕਸਰਾਂ ਕਢਵਾਉਣ ਨੂੰ ਵੀ ਤਿਆਰ ਬਰ ਤਿਆਰ ਨੇ। ਲੁਧਿਆਣੇ ਜ਼ਿਲ੍ਹੇ ਦੇ ਇਸ ਮਸ਼ਹੂਰ ਡੇਰੇ ਦੀ ਖ਼ੂਬ ਚਰਚਾ ਹੋ ਰਹੀ ਹੈ। ਪਤਾ ਲੱਗਾ ਕਿ ਇਲਾਕੇ ਦੇ ਜਾਗਰੂਕ ਇਨਸਾਫ਼ ਪਸੰਦ ਸਮਾਜਿਕ ਬੁਰਾਈਆਂ ਦੇ ਵਿਰੋਧੀ ਲੋਕ ਨੁੱਕੜ ਮੀਟਿੰਗਾਂ ਕਰਕੇ ਕਿਸੇ ਵੱਡੇ ਧਾਵੇ ਦੀ ਵਿਉਂਤਬੰਦੀ ਕਰ ਰਹੇ ਨੇ, ਵੇਖਦੇ ਹਾਂ ਵਿਗੜੇ ਊਠ ਦੀ ਸਵਾਰੀ ਕੌਣ ਧਾੜਵੀ ਕਰਦਾ ਜਾਂ ਪਹਿਲਾਂ ਵਾਪਰੇ ਹਾਦਸੇ ਵਾਂਗ ਆਪੇ ਸਿੰਗ੍ਹਨੀਆਂ ਛੇੜ ਕੇ, ਆਪੇ ਬੱਲੋ ਪਾ ਕੇ ਚੁੱਪ ਹੋ ਜਾਣਗੇ।

## ਆਲ ਇੰਡੀਆ ਵਾਲਮੀਕ ਖਾਲਸਾ ਦਲ ਨੇ ਬਾਬਾ ਲਾਲ ਸਿੰਘ ਦੀ ਬਰਸੀ ਮਨਾਈ



**ਮੋਗਾ (ਇਕਬਾਲ ਸਿੰਘ ਖਹਿਰਾ)**-ਆਲ ਇੰਡੀਆ ਵਾਲਮੀਕ ਖਾਲਸਾ ਦਲ ਮੋਗਾ (ਪੰਜਾਬ) ਵੱਲੋਂ ਦਲ ਦੇ ਬਾਨੀ ਬਾਬਾ ਪ੍ਰੀਤਮ ਸਿੰਘ ਦੇ ਪਿਤਾ ਬਾਬਾ ਲਾਲ ਸਿੰਘ ਗਿੱਲ ਦੀ 33ਵੀਂ ਬਰਸੀ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਦਲ ਦੇ ਮੁੱਖ ਦਫਤਰ ਬਸਤੀ ਲਾਲ ਸਿੰਘ ਨੇੜੇ ਬਹੋਨਾ ਚੌਕ ਮੋਗਾ ਵਿਖੇ ਮਨਾਈ ਗਈ। ਇਸ ਮੌਕੇ ਬਲਵਿੰਦਰ ਸਿੰਘ ਸਾਬਕਾ ਕਾਨੂੰਗੋ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਤੇ ਉਨ੍ਹਾਂ ਨੂੰ ਮੌਜੂਦਾ ਐੱਮ. ਸੀ. ਜਮਲਾ ਸਿੰਘ ਨੇ ਸਿਰੋਪਾਓ ਦੇ ਕੇ ਸਮਾਨਤ ਕੀਤਾ ਅਤੇ ਫਿਰ ਲਾਲ ਸਿੰਘ ਗਿੱਲ ਜੀ ਦੀ ਤਸਵੀਰ ਅੱਗੇ ਫੁੱਲ ਮਲਾਵਾਂ ਭੇਟ ਕੀਤੀਆਂ। ਇਸ ਸਮੇਂ ਬਲਵਿੰਦਰ ਸਿੰਘ ਨੇ ਕਿਹਾ ਕਿ ਲਾਲ ਸਿੰਘ ਨੇ ਆਪਣਾ ਸਾਰਾ ਜੀਵਨ ਸਮਾਜ ਸੇਵਾ ਵਿੱਚ ਲਾਇਆ, ਜਿਨ੍ਹਾਂ ਦੇ ਨਾਮ ਦੇ ਬਸਤੀ ਲਾਲ ਸਿੰਘ ਸਥਾਪਤ ਕੀਤੀ ਗਈ। ਫਿਰ ਦਲ ਦੇ ਮੁੱਖ ਸੇਵਾਦਾਰ ਅਮਰਜੀਤ ਸਿੰਘ ਗਿੱਲ ਨੇ ਦਲ ਦੇ ਸਾਰੇ ਵਰਕਰਾਂ ਤੇ ਅਹੁਦੇਦਾਰਾਂ ਦਾ ਦਿਲੋਂ ਧੰਨਵਾਦ ਕੀਤਾ। ਸੰਗਤਾਂ ਲਈ ਗੁਰੂ ਕਾ ਲੰਗਰ ਅਤੁੱਟ ਵਰਤਿਆ। ਇਸ ਮੌਕੇ ਸੋਹਣ ਸਿੰਘ ਪ੍ਰਧਾਨ ਗੁਰਦੁਆਰਾ ਪ੍ਰਬੰਧਕ ਕਮੇਟੀ, ਵਰਿੰਦਰਜੀਤ ਗਿੱਲ, ਭਿੰਦਾ ਘਾਰੂ, ਨਛੱਤਰ ਗਿੱਲ, ਕਾਕਾ ਸਿੰਘ ਘਾਰੂ, ਮੇਘ ਰਾਜ, ਜਲੌਰ ਸਿੰਘ, ਸੇਵਕ ਸਿੰਘ, ਸੁਰਜੀਤ ਸਿੰਘ ਪੱਤੋ, ਅਸ਼ੋਕ ਧੁੰਨਾ, ਜਗਰੂਪ ਸਿੰਘ ਨਿਰੰਕਕਾਰੀ, ਗੋਗੀ ਪ੍ਰਧਾਨ, ਕੁਲਦੀਪ ਸਿੰਘ, ਮਲਕੀਤ ਸਿੰਘ, ਜਸਵੀਰ ਸਿੰਘ ਗੁਰਦੁਆਰਾ ਕਮੇਟੀ ਮੈਂਬਰ, ਗਗਨਦੀਪ ਸਿੰਘ, ਵਿਜੈ ਗਿੱਲ ਤੇ ਵਿੱਕੀ ਗਿੱਲ ਆਦਿ ਹਾਜ਼ਰ ਸਨ। ਦਲ ਦੇ ਦਫਤਰ ਸੈਕਟਰੀ ਬੇਅੰਤ ਸਿੰਘ ਨੇ ਸਾਰੇ ਵਰਕਰਾਂ ਤੇ ਅਹੁਦੇਦਾਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

# 'ਫਰਾਈ ਡੇਅ, ਡਰਾਈ ਡੇਅ' ਮੁਹਿੰਮ ਤਹਿਤ ਸਿਹਤ ਵਿਭਾਗ ਵੱਲੋਂ ਡੇਂਗੂ ਵਿਰੋਧੀ ਗਤੀਵਿਧੀਆਂ

**ਫਾਜ਼ਿਲਕਾ (ਨਿਸ਼ਾ ਸ਼ਰਮਾ)**

ਡਾ. ਰਾਜ ਕੁਮਾਰ ਸਿਵਲ ਸਰਜਨ ਫਾਜ਼ਿਲਕਾ ਦੀ ਉਚੇਰੀ ਨਿਗਰਾਨੀ ਹੇਠ ਤੇ ਡਾਕਟਰ ਰੋਹਿਤ ਗੋਇਲ ਤੇ ਡਾ. ਕਵਿਤਾ ਸਿੰਘ, ਡਾਕਟਰ ਸੁਨੀਤਾ ਕੰਬੋਜ ਦੀ ਦੇਖ-ਰੇਖ ਵਿੱਚ ਜ਼ਿਲ੍ਹਾ ਫਾਜ਼ਿਲਕਾ ਵਿੱਚ ਡੇਂਗੂ ਤੇ ਮਲੇਰੀਆ ਵਿਰੋਧੀ ਗਤੀਵਿਧੀਆਂ ਸੁਚਾਰੂ ਢੰਗ ਨਾਲ ਚੱਲ ਰਹੀਆਂ ਹਨ।ਅਰਨੀਵਾਲਾ ਵਿਖੇ ਡੇਂਗੂ ਤੇ ਵਾਰ ਮੁਹਿੰਮ ਤਹਿਤ ਸ਼ੁੱਕਰਵਾਰ ਨੂੰ ਵਿਚ ਸਿਹਤ ਕਰਮਚਾਰੀਆਂ ਵੱਲੋਂ ਮੱਛਰ ਦੀ ਪੈਦਾਇਸ਼ ਨੂੰ ਰੋਕਣ ਸਬੰਧੀ ਗਤੀਵਿਧੀਆਂ ਕੀਤੀਆਂ ਗਈਆਂ, ਜਿਸ ਦੌਰਾਨ ਮਾਸ ਮੀਡੀਆ ਅਫਸਰ ਵਿਨੋਦ ਕੁਮਾਰ ਤੇ ਸਿਹਤ ਕਰਮਚਾਰੀ ਰਾਜਾ ਸੰਦੀਪ ਇਸ ਮੁਹਿੰਮ ਤਹਿਤ ਸਿਹਤ ਵਿਭਾਗ ਦੀਆਂ ਟੀਮਾਂ ਨੇ ਹਫ਼ਤੇ ਤੋਂ ਜ਼ਿਆਦਾ ਪਾਣੀ ਖੜ੍ਹਨ ਵਾਲੇ ਸਰੋਤਾਂ ਦੀ ਜਾਂਚ ਕੀਤੀ ਅਤੇ ਪਾਣੀ ਖੜ੍ਹਨ ਵਾਲੇ ਸਰੋਤਾਂ ਤੇ ਐਂਟੀਲਾਰਵੀਅਲ ਸਪਰੇ ਦਾ ਛਿੜਕਾਅ ਕੀਤਾ ਗਿਆ।ਉਨ੍ਹਾਂ ਕਿਹਾ ਕਿ ਡੇਂਗੂ ਤੋਂ ਬਚਣ ਲਈ ਸਾਵਧਾਨੀਆਂ ਵਰਤਨੀਆਂ ਬਹੁਤ ਜ਼ਰੂਰੀ ਹਨ।ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਹਰ ਸ਼ੁੱਕਰਵਾਰ ਨੂੰ 'ਹਰ ਸ਼ੁੱਕਰਵਾਰ, ਡੇਂਗੂ 'ਤੇ ਵਾਰ' ਦੇ ਤੌਰ 'ਤੇ ਮਨਾਇਆ ਜਾਂਦਾ ਹੈ ਅਤੇ ਇਸ ਦਿਨ ਪਾਣੀ ਸਟੋਰ ਕਰਨ ਵਾਲੇ ਬਰਤਨਾਂ ਨੂੰ ਇਕ ਵਾਰ ਸੁਕਾ ਕੇ ਦੁਬਾਰਾ ਵਰਤੋਂ ਵਿੱਚ ਲਿਆਂਦਾ ਜਾਵੇ ਤਾਂ ਜੋ ਮੱਛਰ ਦੀ ਉਪਜ ਨੂੰ ਰੋਕਿਆ ਜਾ ਸਕੇ।

ਇਸ ਮੌਕੇ ਮਾਸ ਮੀਡੀਆ ਇੰਚਾਰਜ ਦਿਵੇਸ਼ ਕੁਮਾਰ ਤੇ ਵਿਜੈ ਕੁਮਾਰ ਐੱਸ ਆਈ ਨੇ ਦੱਸਿਆ ਕਿ ਡੇਂਗੂ ਬੁਖਾਰ ਏਡੀਜ਼ ਅਜਿਪਤੀ ਨਾਂ ਦੇ ਮੱਛਰ ਦੇ ਕੱਟਣ ਨਾਲ ਫੈਲਦਾ ਹੈ।ਇਹ ਮੱਛਰ ਦਿਨ ਵੇਲੇ ਕੱਟਦਾ ਹੈ ਤੇ ਇਹ ਮੱਛਰ ਇਕ ਹਫਤੇ ਤੋਂ ਵੱਧ ਖੜ੍ਹੇ ਸਾਫ ਪਾਣੀ ਵਿੱਚ ਪੈਦਾ ਹੁੰਦਾ ਹੈ, ਇਸ ਲਈ ਸਾਨੂੰ ਕਬਾੜ ਵਿੱਚ ਪਏ ਟਾਇਰ, ਟੁੱਟੇ ਘੜੇ, ਗਮਲੇ ਜਾਂ ਹੋਰ ਪਾਣੀ ਖੜ੍ਹਨ ਵਾਲੇ ਸੋਮਿਆਂ ਵਿੱਚ ਪਾਣੀ ਖੜ੍ਹਨ ਨਹੀਂ ਦੇਣਾ ਚਾਹੀਦਾ।ਮੱਛਰਦਾਨੀਆਂ ਤੇ ਮੱਛਰ ਭਜਾਉਣ ਵਾਲੀਆਂ ਕਰੀਮਾਂ ਵਰਤੋਂ ਕਰੋ, ਸਾਰੇ ਸਰੀਰ ਨੂੰ ਢੱਕਦੇ ਕੱਪੜੇ ਪਾਓ, ਘਰਾਂ ਦੇ ਆਲੇ ਦੁਆਲੇ ਪਾਣੀ ਨਾ ਖੜ੍ਹਾ ਹੋਣ ਦਿਓ, ਘਰ ਵਿੱਚ ਪਾਣੀ ਵਾਲੀਆਂ ਟੈਂਕੀਆਂ ਨੂੰ ਢੱਕ ਕੇ ਰੱਖੋ।ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵਿਅਕਤੀ ਨੂੰ ਡੇਂਗੂ ਤੇ ਮਲੇਰੀਆ ਦੇ ਕੋਈ ਲੱਛਣ ਜਿਵੇਂ ਤੇਜ਼ ਬੁਖਾਰ ਹੋਣਾ, ਸਿਰ ਦਰਦ, ਅੱਖਾਂ, ਜੋੜਾਂ ਤੇ ਸਰੀਰ ਵਿੱਚ ਦਰਦ, ਭੁੱਖ ਘੱਟ ਲੱਗਣਾ ਆਦਿ ਲੱਛਣ ਆਉਣ ਤਾਂ ਨੇੜੇ ਦੇ ਸਿਵਲ ਹਸਪਤਾਲ ਵਿੱਚ ਜਾ ਕੇ ਮਾਹਰ ਡਾਕਟਰ ਨਾਲ ਸੰਪਰਕ ਕੀਤਾ ਜਾਵੇ ਅਤੇ ਡੇਂਗੂ ਦਾ ਟੈਸਟ ਜ਼ਰੂਰ ਕਰਵਾਇਆ ਜਾਵੇ। ਡੇਂਗੂ ਦੇ ਟੈਸਟ ਤੇ ਇਲਾਜ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਮੁਫਤ ਕੀਤਾ ਜਾਂਦਾ ਹੈ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦੀ ਸਥਾਪਨਾ ਵਰ੍ਹੇਗੰਢ ਮੌਕੇ ਵਿਸ਼ੇਸ਼ ਮੀਟਿੰਗ



**ਭੀਖੀ (ਧਰਮਵੀਰ ਸ਼ਰਮਾ)**

ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿ. 295 ਬਲਾਕ ਭੀਖੀ ਦੀ ਵਿਸ਼ੇਸ਼ ਮੀਟਿੰਗ ਬਲਾਕ ਪ੍ਰਧਾਨ ਡਾ. ਸਤਵੰਤ ਸਿੰਘ ਮੋਹਰ ਸਿੰਘ ਵਾਲਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸੂਬਾ ਪ੍ਰਧਾਨ ਵੈਦ ਧੰਨਾ ਮੱਲ ਗੋਇਲ ਤੇ ਜ਼ਿਲ੍ਹਾ ਪ੍ਰਧਾਨ ਡਾ. ਸੱਤਪਾਲ ਰਿਸ਼ੀ ਵਿਸ਼ੇਸ਼ ਤੌਰ 'ਤੇ ਪਹੁੰਚੇ। ਮੀਟਿੰਗ ਦੀ ਸ਼ੁਰੂਆਤ ਮੌਕੇ 'ਰੋਜ਼ਾਨਾ ਨਵਾਂ ਜ਼ਮਾਨਾ' ਦੇ ਪ੍ਰਿੰਟਰ, ਪਬਲਿਸ਼ਰ ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ ਦੇ ਅਚਾਨਕ ਵਿਛੋੜੇ ਤੇ ਬਲਾਕ ਬਰੇਟਾ ਦੇ ਸਾਥੀ ਬਹਾਲ ਸਿੰਘ ਅਤੇ ਜਸਵਿੰਦਰ ਸਿੰਘ ਦੀ ਦਰਦਨਾਕ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਸ਼ਰਧਾਂਜਲੀ ਭੇਟ ਕੀਤੀ ਗਈ।

ਆਗੂਆਂ ਨੇ ਜਥੇਬੰਦੀ ਦੇ ਇਤਿਹਾਸ ਸਬੰਧੀ 29ਵੀਂ ਵਰ੍ਹੇਗੰਢ ਦੀਆਂ ਸੰਗਰਾਮੀ ਮੁਬਾਰਕਾਂ ਦਿੱਤੀਆਂ ਤੇ ਇਤਿਹਾਸ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਮਾਰਚ 1996 ਵਿੱਚ ਵੱਖ-ਵੱਖ ਨਾਂਅ ਹੇਠ ਕੰਮ ਕਰਦੀਆਂ ਕਈ ਜਥੇਬੰਦੀਆਂ ਵੱਲੋਂ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੀ ਸਥਾਪਨਾ ਕੀਤੀ ਗਈ ਤੇ ਮਈ 1997 ਵਿੱਚ ਰਜਿਸਟ੍ਰੇਸ਼ਨ ਕਰਾਈ ਗਈ। ਪੰਜਾਬ ਅੰਦਰ ਅਣਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰਾਂ ਦੀਆਂ ਮੰਗਾਂ ਸਬੰਧੀ ਸੰਘਰਸ਼ ਕਰਨ ਵਾਲੀ ਪਹਿਲੀ ਸੰਸਥਾ ਵਜੋਂ ਮਾਣ ਹਾਸਲ ਕੀਤਾ ਤੇ ਸਭ ਤੋਂ ਪਹਿਲਾਂ ਸੰਘਰਸ਼ ਆਯੁਰਵੈਦਿਕ ਦਫ਼ਤਰ ਚੰਡੀਗੜ੍ਹ ਤੋਂ ਸ਼ੁਰੂ ਕੀਤਾ, ਜੋ ਕਾਫੀ ਸਮੱਸਿਆਵਾਂ ਦਾ ਸਾਹਮਣਾ ਕਰਨ ਦੇ ਬਾਵਜੂਦ ਵੀ ਨਿਰੰਤਰ ਜਾਰੀ ਹੈ।

ਵੈਦ ਧੰਨਾ ਮੱਲ ਗੋਇਲ ਤੇ ਜ਼ਿਲ੍ਹਾ ਪ੍ਰਧਾਨ ਡਾ. ਸੱਤਪਾਲ ਰਿਸ਼ੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੂਬਾ ਕਮੇਟੀ ਦੀ 26 ਨਵੰਬਰ 2024 ਨੂੰ ਸਿਹਤ ਮੰਤਰੀ ਨਾਲ ਹੋਈ ਪੈਨਲ ਮੀਟਿੰਗ ਵਿੱਚ ਟ੍ਰੇਨਿੰਗ ਸ਼ੁਰੂ ਕਰਾਉਣ ਦੇ ਫੈਸਲੇ ਨੂੰ ਲਾਗੂ ਕਰਾਉਣ ਲਈ ਵਿਉਂਤਬੰਦੀ ਕਰਦਿਆਂ ਸੂਬਾ ਕਮੇਟੀ ਨੇ ਜ਼ੋਨ ਪੱਧਰੀ ਕਨਵੈਨਸ਼ਨਾਂ ਦੀ ਤਿਆਰੀ ਲਈ ਬਲਾਕ ਤੇ ਜ਼ਿਲ੍ਹਾ ਪੱਧਰੀ ਵਿਸ਼ੇਸ਼ ਮੀਟਿੰਗਾਂ ਤੋਂ ਸ਼ੁਰੂ ਕਰਕੇ ਕੀਤੀ ਜਾਵੇ, ਜਿਸ ਲੜੀ ਵਜੋਂ ਸਤੀ ਮੰਦਰ ਵਿਖੇ ਬਲਾਕ ਭੀਖੀ ਵੱਲੋਂ ਸਥਾਪਨਾ ਦੀ 29ਵੇਂ ਵਰ੍ਹੇਗੰਢ ਦੀਆਂ ਸੰਗਰਾਮੀ ਮੁਬਾਰਕਾਂ ਦਿੰਦਿਆਂ ਅਕਾਸ਼ ਗੁੰਜਾਊ ਨਾਅਰਿਆਂ ਦੀ ਗੂੰਜ ਵਿੱਚ ਕੇਕ ਵੀ ਕੱਟਿਆ ਗਿਆ ਤੇ ਜਥੇਬੰਦਕ ਨਿਯਮਾਂ ਦੀ ਪਾਲਣਾ ਕਰਦਿਆਂ ਨਿੱਜਤਾ ਤੋਂ ਉੱਪਰ ਉੱਠ, ਭਰਾਤਰੀ ਸਾਂਝ ਨੂੰ ਹੋਰ ਪਕੇਰਾ ਕਰਦਿਆਂ ਤਨਦੇਹੀ ਨਾਲ ਅੱਗੇ ਆਉਣ ਦਾ ਸੱਦਾ ਦਿੰਦਿਆਂ ਜ਼ਿਲ੍ਹਾ ਤੇ ਜ਼ੋਨ ਪੱਧਰੀ ਕਨਵੈਨਸ਼ਨਾਂ ਵਿੱਚ ਤਨਦੇਹੀ ਨਾਲ ਸ਼ਮੂਲੀਅਤ ਕਰਨ ਦਾ ਸੱਦਾ ਦਿੱਤਾ ਤੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਅਮਰੀਕਾ ਤੇ ਹੋਰ ਦੇਸ਼ਾਂ ਨਾਲ ਕਰ ਮੁਕਤ ਵਪਾਰ ਸਮਝੌਤੇ ਖਿਲਾਫ ਪੂਰੇ ਪੰਜਾਬ ਅੰਦਰ ਘਰ ਵੰਡੇ ਜਾ ਰਹੇ ਹੱਥ ਪਰਚਿਆਂ ਨੂੰ ਵੀ ਮੀਟਿੰਗ ਵਿੱਚ ਰਿਲੀਜ਼ ਕੀਤਾ ਗਿਆ ਤੇ ਘਰ ਘਰ ਪੁਚਾਉਣ ਦਾ ਅਹਿਦ ਕੀਤਾ।

## ਸੜਕ 'ਤੇ ਕੂੜਾ ਸੁੱਟ ਕੇ ਕੀਤਾ ਜਾ ਰਿਹੈ ਨਜਾਇਜ਼ ਕਬਜ਼ਾ!



**ਦੋਦਾ (ਵਕੀਲ ਸਿੰਘ ਬਰਾੜ)**-ਇਥੋਂ ਨਾਲ ਦੇ ਪਿੰਡ ਸੁਖਨਾ ਅਬਲੂ ਵਿਖੇ ਮੁਕਤਸਰ-ਗਿੱਦੜਬਾਹਾ ਮੁੱਖ ਸੜਕ ਉੱਤੇ ਕੁਝ ਘਰਾਂ ਵੱਲੋਂ ਘਰਾਂ ਦਾ ਕੂੜਾ ਸੁੱਟ ਕੇ ਸੜਕ ਉੱਤੇ ਨਜਾਇਜ਼ ਕਬਜ਼ਾ ਕੀਤਾ ਜਾ ਰਿਹਾ ਹੈ। ਕੂੜੈ ਦਾ ਢੇਰ ਦਿਨੋਂ ਦਿਨ ਵੱਡਾ ਹੋਣ ਕਾਰਨ ਕਰੀਬ ਅੱਧੀ ਸੜਕ ਸੜਕ ਰੋਕੀ ਜਾ ਚੁੱਕੀ ਹੈ, ਜਿਸ ਕਾਰਨ ਕੂੜਾ ਆਵਾਜਾਈ ਵਿੱਚ ਵਿਘਨ ਤੇ ਹਾਦਸਿਆਂ ਦਾ ਕਾਰਨ ਬਣਿਆ ਹੋਇਆ ਹੈ। ਲੋਕਾਂ ਦਾ ਕਹਿਣਾ ਹੈ ਇਥੋਂ ਸਵੱਛ ਭਾਰਤ ਖੰਭ ਲਾ ਕੇ ਕਿਤੇ ਉੱਡ ਗਿਆ ਹੈ। ਸਬੰਧਤ ਵਿਭਾਗ, ਪੰਚਾਇਤ ਤੇ ਇਸ ਸੜਕ ਰਾਹੀਂ ਲੰਘਣ ਵਾਲੇ ਕਿਸੇ ਵੀ ਅਧਿਕਾਰੀ ਦੀ ਨਜ਼ਰ ਇਸ ਕੂੜੇ ਦੇ ਢੇਰ ਉੱਤੇ ਕਿਉਂ ਨਹੀਂ ਪੈ ਰਹੀ। ਲੋਕਾਂ ਦੀ ਮੰਗ ਹੈ ਕਿ ਸੜਕ ਉੱਤੇ ਸੁੱਟੇ ਕੂੜੇ ਨੂੰ ਚੁੱਕਵਾਇਆ ਜਾਵੇ।

## ਦਰਗਾਹ ਬਾਬਾ ਫਲਾਹੀ ਸਾਹਿਬ ਵਿਖੇ ਬਰਸੀ ਸਮਾਗਮ 17 ਨੂੰ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਰੋਪੜ ਰੋਡ 'ਤੇ ਸਥਿਤ ਪਿੰਡ ਸ਼ੇਰਪੁਰ ਬੇਟ ਵਿਖੇ ਦਰਗਾਹ ਬਾਬਾ ਫਲਾਹੀ ਸਾਹਿਬ ਵਿਖੇ ਸੱਚਖੰਡ ਵਾਸੀ ਬਾਬਾ ਸੰਤੋਖ ਸਿੰਘ ਜੀ ਦਾ 11ਵਾਂ ਬਰਸੀ ਸਮਾਗਮ 15, 16 ਤੇ 17 ਜੂਨ ਨੂੰ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮੁੱਖ ਸੇਵਾਦਾਰ ਬਾਬਾ ਦੀਪਾ ਜੀ ਨੇ ਦੱਸਿਆ ਕਿ 15 ਜੂਨ ਨੂੰ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਜਾਣਗੇ ਤੇ 16 ਜੂਨ ਰਾਤ ਨੂੰ ਗੁਰਦੁਆਰਾ ਸਾਹਿਬ ਵਿਖੇ ਕੀਰਤਨ ਦਰਬਾਰ ਹੋਵੇਗਾ। ਇਸੇ ਤਰ੍ਹਾਂ 16 ਜੂਨ ਨੂੰ ਦੁਪਹਿਰ ਸਮੇਂ ਬਿੰਦਰ ਕੱਵਾਲ ਹੰਬੋਵਾਲ, ਹਰਵਿੰਦਰ ਨੂਰਪੁਰੀ, ਜੱਸਾ ਫਤਹਿਪੁਰੀਆ ਤੇ ਗਾਇਕ ਕੰਵਲ ਗਰੇਵਾਲ ਸੰਗਤਾਂ ਦੇ ਰੂ-ਬ-ਰੂ ਹੋਣਗੇ। 17 ਜੂਨ ਨੂੰ ਸਵੇਰੇ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਬਾਬਾ ਪਰਮਪ੍ਰੀਤ ਸਿੰਘ ਖਾਲਸਾ ਨਥਮਲਪੁਰ ਵਾਲੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ ਤੇ ਸਵੇਰੇ 11 ਵਜੇ ਤੋਂ ਸ਼ਾਮ ਤੱਕ ਦਰਗਾਹ ਬਾਬਾ ਫਲਾਹੀ ਸਾਹਿਬ ਵਿਖੇ ਗਾਇਕ ਕਾਂਸ਼ੀਨਾਥ, ਪੰਮਾ ਡੂੰਮੇਵਾਲ ਤੇ ਹਰਸ਼ ਧੀਰ ਦਰਸ਼ਕਾਂ ਦਾ ਮਨੋਰੰਜਨ ਕਰਨਗੇ। ਆਈਆਂ ਸੰਗਤਾਂ ਲਈ ਠੰਢੇ ਮਿੱਠੇ ਜਲ ਦੀਆਂ ਛਬੀਲਾਂ ਤੇ ਅਤੁੱਟ ਲੰਗਰ ਵਰਤਾਏ ਜਾਣਗੇ।

# ਸ਼ਾਮਲਾਟ ਜ਼ਮੀਨ ਤੋਂ ਕਬਜ਼ਾ ਛੁਡਾਉਣ ਗਏ ਪੁਲਸ ਕਰਮਚਾਰੀਆਂ ਨੂੰ ਧੱਕੇ

### ਸਰਕਾਰੀ ਡਿਊਟੀ 'ਚ ਵਿਘਨ ਪਾਉਣ ਦੇ ਦੋਸ਼ 'ਚ 78 ਖਿਲਾਫ ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਮੱਲਾਂਵਾਲਾ ਵਿਖੇ ਗ੍ਰਾਮ ਪੰਚਾਇਤ ਨੂੰ ਕਬਜ਼ਾ ਦਿਵਾਉਣ ਗਏ ਪੁਲਸ ਕਰਮਚਾਰੀਆਂ ਖਿਲਾਫ ਨਾਅਰੇਬਾਜ਼ੀ ਕਰਕੇ ਧੱਕੇ ਮਾਰਨ ਅਤੇ ਡਿਊਟੀ ਵਿੱਚ ਵਿਘਨ ਪਾਉਣ ਦੇ ਦੋਸ਼ ਵਿੱਚ ਥਾਣਾ ਮੱਲਾਂਵਾਲਾ ਪੁਲਸ ਨੇ 11 ਬਾਏ ਨੇਮ ਵਿਅਕਤੀਆਂ ਤੇ 67 ਅਣਪਛਾਤੇ ਵਿਅਕਤੀਆਂ ਖਿਲਾਫ 221, 126 (2), 132, 191 (3), 190 ਬੀਐੱਨਐੱਸ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਵਿਜੇ ਕੁਮਾਰ ਵਿਕਾਂਤ ਬੀਡੀਪੀਓ ਮਖੂ ਨੇ ਇਕ ਪੱਤਰ ਨੰਬਰ 3159 ਰਾਹੀਂ ਦੱਸਿਆ ਕਿ 12 ਜੂਨ 2025 ਨੂੰ ਗ੍ਰਾਮ ਪੰਚਾਇਤ ਕਾਮਲ ਵਾਲਾ ਦੀ ਸ਼ਾਮਲਾਟ ਜ਼ਮੀਨ ਤੋਂ ਨਾਜਾਇਜ਼ ਕਬਜ਼ਾ ਛੁਡਾਉਣ ਲਈ ਡੀਐੱਸਪੀ ਗੁਰਦੀਪ ਸਿੰਘ ਸਮੇਤ ਇੰਸਪੈਕਟਰ ਗੁਰਪ੍ਰੀਤ ਸਿੰਘ, ਰਾਜ ਕੁਮਾਰ ਚੱਡਾ ਨਾਇਬ ਤਹਿਸੀਲਦਾਰ ਜ਼ੀਰਾ ਡਿਊਟੀ ਮੈਜਿਸਟਰੇਟ ਮੌਕਾ 'ਤੇ ਮੌਜੂਦ ਸੀ ਤਾਂ ਜੋ ਨਾਜਾਇਜ਼ ਕਾਬਜ਼ਕਾਰਾਂ ਨੂੰ ਕਿਹਾ ਕਿ ਸਾਡਾ ਰਸਤਾ ਖਾਲੀ ਕਰਨ ਲਈ ਕਿਹਾ ਗਿਆ ਤਾਂ ਜੋ ਗ੍ਰਾਮ ਪੰਚਾਇਤ ਨੂੰ ਕਬਜ਼ਾ ਦੁਆਇਆ ਜਾ ਸਕੇ। ਵਿਜੇ ਕੁਮਾਰ ਬੀਡੀਪੀਓ ਨੇ ਦੱਸਿਆ ਕਿ ਰਣਧੀਰ ਸਿੰਘ, ਚਰਨਜੀਤ ਸਿੰਘ ਪੁੱਤਰਾਨ ਨਿਸ਼ਾਨ ਸਿੰਘ, ਗੁਰਮੁੱਖ ਸਿੰਘ ਪੁੱਤਰ ਅਜੀਤ ਸਿੰਘ, ਪ੍ਰਗਟ ਸਿੰਘ ਪੁੱਤਰ ਬਖ਼ਸ਼ੀਸ਼ ਸਿੰਘ, ਮੇਹਰ ਸਿੰਘ ਪੁੱਤਰ ਦਰਸ਼ਨ ਸਿੰਘ, ਟਹਿਲ ਸਿੰਘ ਪੁੱਤਰ ਅਮਰੀਕ ਸਿੰਘ, ਕਰਨੈਲ ਸਿੰਘ ਪੁੱਤਰ ਅਮਰੀਕ ਸਿੰਘ, ਸਵਰਨ ਸਿੰਘ ਪੁੱਤਰ ਬੰਤਾ ਸਿੰਘ, ਜਸਕਰਨ ਸਿੰਘ ਪੁੱਤਰ ਸਵਰਨ ਸਿੰਘ, ਗੁਰਦੇਵ ਸਿੰਘ ਪੁੱਤਰ ਮਹਿਲ ਸਿੰਘ, ਰੇਸ਼ਮ ਸਿੰਘ ਪੁੱਤਰ ਅੰਗਰੇਜ਼ ਸਿੰਘ ਵਾਸੀਅਨ ਕਾਮਲ ਵਾਲਾ, 7 ਹੋਰ ਨਾਮਜ਼ਦ ਵਿਅਕਤੀਆਂ ਤੇ 60 ਅਣਪਛਾਤੇ ਵਿਅਕਤੀਆਂ ਨੇ ਨਾਅਰੇਬਾਜ਼ੀ ਕਰਨੀ ਤੇ ਪੁਲਸ ਕਰਮਚਾਰੀਆਂ ਨੂੰ ਧੱਕੇ ਮਾਰਨੇ ਸ਼ੁਰੂ ਕਰ ਦਿੱਤੇ। ਵਿਜੇ ਕੁਮਾਰ ਬੀਡੀਪੀਓ ਨੇ ਦੱਸਿਆ ਕਿ ਉਕਤ ਦੋਸ਼ੀਆਨ ਨੇ ਸਰਕਾਰੀ ਡਿਊਟੀ ਵਿਘਨ ਪਾਇਆ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਇੰਸਪੈਕਟਰ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰਕੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

## ਵਿਸ਼ਵ ਖ਼ੂਨਦਾਨ ਦਿਵਸ ਲਈ ਗਲੋਬਲ ਏਕਤਾ ਦੀ ਲੋੜ : ਪ੍ਰਿੰ. ਡਾਕਟਰ ਸੰਜੀਵ ਜਿੰਦਲ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਖ਼ੂਨਦਾਨ ਦਿਵਸ ਹਰ ਸਾਲ 14 ਜੂਨ ਨੂੰ ਦੁਨੀਆ ਭਰ ਵਿੱਚ ਖ਼ੂਨਦਾਨੀਆਂ ਦੇ ਸ਼ਾਨਦਾਰ ਯੋਗਦਾਨ ਨੂੰ ਮਾਨਤਾ ਦੇਣ ਅਤੇ ਉਨ੍ਹਾਂ ਦੀ ਸ਼ਲਾਘਾ ਕਰਨ ਲਈ ਮਨਾਇਆ ਜਾਂਦਾ ਹੈ। ਵਿਸ਼ਵ ਸਿਹਤ ਦੁਆਰਾ ਸ਼ੁਰੂ ਕੀਤੇ ਗਏ ਇਸ ਸਮਾਗਮ ਦਾ ਉਦੇਸ਼ ਸਵੈ-ਇੱਛੁਤ ਖ਼ੂਨਦਾਨ ਦੀ ਮਹੱਤਤਾ ਤੇ ਲੋੜਵੰਦ ਵਿਅਕਤੀਆਂ ਤੇ ਇਸਦੇ ਜੀਵਨ ਰੱਖਿਅਕ ਪ੍ਰਭਾਵਾਂ ਬਾਰੇ ਜਾਗਰੂਕਤਾ ਪੈਦਾ ਕਰਨਾ ਹੈ। ਹਰ ਸਾਲ ਵਿਸ਼ਵ ਖ਼ੂਨਦਾਨੀ ਦਿਵਸ ਖ਼ੂਨਦਾਨ ਦੇ ਵੱਖ-ਵੱਖ ਪਹਿਲੂਆਂ 'ਤੇ ਧਿਆਨ ਕੇਂਦਰਤ ਕਰਨ ਲਈ ਇੱਕ ਵਿਸ਼ੇਸ਼ ਥੀਮ ਨੂੰ ਅਪਣਾਉਂਦਾ ਹੈ। ਇਸ ਸਾਲ ਇਸਦਾ ਉਦੇਸ਼ ਵਧੇਰੇ ਲੋਕਾਂ ਨੂੰ ਨਿਯਮਤ ਖ਼ੂਨਦਾਨ ਕਰਨ ਲਈ ਉਤਸ਼ਾਹਤ ਕਰਨਾ ਅਤੇ ਕਈ ਦੇਸ਼ਾਂ ਵਿੱਚ ਖ਼ੂਨ ਦੀ ਕਮੀ ਦੀ ਚੱਲ ਰਹੀ ਚੁਣੌਤੀ ਨੂੰ ਹੱਲ ਕਰਨਾ ਹੈ। ਖ਼ੂਨਦਾਨ ਕਰਨ ਨਾਲ ਖ਼ੂਨਦਾਨੀ ਦੇ ਸਰੀਰ ਵਿੱਚ ਖ਼ੂਨ ਦੀ ਕਮੀ ਨਹੀਂ ਹੁੰਦੀ। ਕਿਉਂਕਿ ਖ਼ੂਨਦਾਨ ਕਰਨ ਤੋਂ ਪਹਿਲਾਂ ਡਾਕਟਰ ਹੀਮੋਗਲੋਬਿਨ, ਬਲੱਡ ਯੂਨਿਟ ਅਤੇ ਬਲੱਡ ਪ੍ਰੈਸ਼ਰ ਵਰਗੀਆਂ ਸਾਰੀਆਂ ਚੀਜ਼ਾਂ ਦੀ ਜਾਂਚ ਕਰਦੇ ਹਨ ਤੇ ਜਦੋਂ ਤੁਸੀਂ ਖ਼ੂਨਦਾਨ ਕਰਦੇ ਹੋ, ਤਾਂ ਇਹ ਸਰੀਰ ਦੇ ਆਇਰਨ ਦੇ ਪੱਧਰ ਨੂੰ ਬਣਾਈ ਰੱਖਦਾ ਹੈ, ਦਿਲ ਦੇ ਦੌਰੇ ਦੀ ਰੋਕਥਾਮ ਕਰਦਾ ਹੈ, ਸਿਹਤਮੰਦ ਜਿਗਰ ਲਈ ਲਾਹੇਵੰਦ ਹੈ ਅਤੇ ਇਮੋਸ਼ਨਲ ਹੈਲਥ ਨੂੰ ਬਣਾਏ ਰੱਖਦਾ ਹੈ। ਹਰ ਤੰਦਰੁਸਤ ਵਿਅਕਤੀ ਹਰ ਤਿੰਨ ਮਹੀਨੇ ਬਾਅਦ ਖ਼ੂਨਦਾਨ ਕਰ ਸਕਦਾ ਹੈ। ਤੁਸੀਂ ਇੱਕ ਸਮੇਂ ਵਿੱਚ ਖ਼ੂਨਦਾਨ ਕਰਕੇ 3 ਤੋਂ 4 ਜਾਨਾਂ ਬਚਾ ਸਕਦੇ ਹੋ ਤੇ ਇਹ ਭਾਵਨਾ ਤੁਹਾਨੂੰ ਖ਼ੁਸ਼ ਰੱਖਣ ਵਿੱਚ ਮਦਦ ਕਰਦੀ ਹੈ ਕਿ ਤੁਸੀਂ ਕੁਝ ਮਦਦਗਾਰ ਹੋ। ਕਿਸੇ ਦੀ ਜਾਨ ਬਚਾਉਣ ਦੀ ਖ਼ੁਸ਼ੀ ਤੁਹਾਨੂੰ ਸਵੈ-ਸੰਤੁਸ਼ਟੀ ਨਾਲ ਭਰ ਦਿੰਦੀ ਹੈ, ਜੋ ਤੁਹਾਡੀ ਭਾਵਨਾਤਮਕ ਸਿਹਤ ਲਈ ਬਹੁਤ ਵਧੀਆ ਹੈ, ਕਿਉਂਕਿ ਅਜਿਹਾ ਕਰਨ ਨਾਲ ਤੁਸੀਂ ਆਪਣੇ ਆਪ ਨੂੰ ਰੱਬ ਨਾਲ ਜੁੜੇ ਮਹਿਸੂਸ ਕਰਦੇ ਹੋ।

## ਰਾਇਟ ਵੇ ਏਅਰਲਿੰਕਸ ਨੇ ਲਵਾਇਆ ਆਸਟ੍ਰੇਲੀਆ ਦਾ ਸਟੂਡੈਂਟ ਵੀਜ਼ਾ




**ਮੋਗਾ (ਇਕਬਾਲ ਸਿੰਘ ਖਹਿਰਾ)**-ਮਾਲਵਾ ਖੇਤਰ ਦੀ ਪ੍ਰਸਿੱਧ ਰਾਇਟ ਵੇ ਏਅਰਲਿੰਕਸ ਇੰਮੀਗ੍ਰੇਸ਼ਨ ਤੇ ਆਈਲਟਸ ਸੰਸਥਾ ਨੇ ਮਹਿਕਪ੍ਰੀਤ ਕੌਰ ਪੁੱਤਰੀ ਸੰਦੀਪ ਸਿੰਘ ਵਾਸੀ ਪਿੰਡ ਚੌਕੀਮਾਨ, ਲੁਧਿਆਣਾ ਦਾ ਆਸਟ੍ਰੇਲੀਆ ਦੇ ਕੈਪਲਿਨ ਬਿਜ਼ਨੈੱਸ ਸਕੂਲ ਦਾ ਸਟੂਡੈਂਟ ਵੀਜ਼ਾ ਲਗਵਾ ਕੇ ਦਿੱਤਾ। ਇਸ ਮੌਕੇ ਸੰਸਥਾ ਦੇ ਡਾਇਰੈਕਟਰ ਦੇਵਪ੍ਰਿਅ ਤਿਆਗੀ ਨੇ ਕਿਹਾ ਕਿ ਅਫਵਾਹਾਂ 'ਤੇ ਧਿਆਨ ਨਾ ਦਿਉ। ਉਨ੍ਹਾਂ ਨੇ ਕਿਹਾ ਕਿ ਜਿਨ੍ਹਾਂ ਬੱਚਿਆਂ ਦੇ ਕੈਨੇਡਾ ਤੇ ਯੂ ਕੇ ਦੇ ਸਟੱਡੀ ਕੇਸ ਰੀਫਿਊਜ਼ ਹੋ ਚੁੱਕੇ ਹੈ, ਉਹ ਆਸਟ੍ਰੇਲੀਆ ਲਈ ਅਪਲਾਈ ਕਰ ਸਕਦੇ ਹਨ ਤੇ ਜੇਕਰ ਕੋਈ ਵੀ ਵਿਜ਼ਟਰ ਜਾਂ ਟੂਰਿਸਟ ਵੀਜ਼ੇ 'ਤੇ ਯੂ ਕੇ, ਕੈਨੇਡਾ ਜਾਂ ਆਸਟ੍ਰੇਲੀਆ ਜਾਣਾ ਚਾਹੁੰਦਾ ਹੋਵੇ ਤਾਂ ਉਹ ਵੀ ਅਪਲਾਈ ਕਰ ਸਕਦਾ ਹੈ। ਉਨ੍ਹਾਂ ਨੇ ਕਿਹਾ ਕਿ ਹੁਣ ਬੱਚੇ ਕਾਲਜ ਦੀ ਅਤੇ ਅੰਬੈਸੀ ਦੀ ਫੀਸ ਵੀਜ਼ਾ ਲੱਗਣ ਤੋਂ ਬਾਅਦ ਦੇ ਸਕਦੇ ਹੈ। ਰਾਇਟ ਵੇ ਏਅਰਲਿੰਕਸ ਬੈਂਕ ਦੇ ਜ਼ਰੀਏ ਬੱਚਿਆ ਨੂੰ ਐਜੂਕੇਸ਼ਨ ਲੋਨ ਦੀ ਸੁਵਿਧਾ ਲੈ ਕੇ ਦਿੰਦਾ ਹੈ। ਇਸ ਮੌਕੇ ਸੰਸਥਾ ਦੇ ਡਾਇਰੈਕਟਰ ਦੇਵਪ੍ਰਿਅ ਤਿਆਗੀ ਨੇ ਮਹਿਕਪ੍ਰੀਤ ਕੌਰ ਨੂੰ ਵਧਾਈ ਦਿੱਤੀ।

## ਗੁਰੂ ਹਰਗੋਬਿੰਦ ਸਾਹਿਬ ਦਾ ਪ੍ਰਕਾਸ਼ ਪੁਰਬ ਮਨਾਇਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਛੇਵੇਂ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਇਤਿਹਾਸਕ ਗੁਰਦੁਆਰਾ ਚਰਨ ਕੰਵਲ ਸਾਹਿਬ ਵਿਖੇ ਸੰਗਤਾਂ ਵੱਲੋਂ ਸ਼ਰਧਾ ਨਾਲ ਮਨਾਇਆ ਗਿਆ। ਗੁਰਦੁਆਰਾ ਸਾਹਿਬ ਦੇ ਮੈਨੇਜਰ ਜਸਵੀਰ ਸਿੰਘ ਮੰਗਲੀ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਵਿਖੇ ਛੇਵੇਂ ਪਾਤਸ਼ਾਹ ਜੀ ਦੀ ਯਾਦ ਵਿੱਚ ਹਰੇਕ ਸਾਲ ਮਿੱਸੇ ਪ੍ਰਸ਼ਾਦੇ, ਦਹੀਂ ਤੇ ਪਿਆਜ਼ ਸੰਗਤਾਂ ਨੂੰ ਵਰਤਾਏ ਗਏ। ਉਨ੍ਹਾਂ ਦੱਸਿਆ ਕਿ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਉਣ ਉਪਰੰਤ ਪਿਛਲੇ ਕਈ ਦਿਨਾਂ ਤੋਂ ਸੁਖਮਨੀ ਸਾਹਿਬ ਪਾਠਾਂ ਦੀ ਲੜੀ ਦੇ ਭੋਗ ਵੀ ਪਾਉਣ ਉਪਰੰਤ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ। ਗੁਰਦੁਆਰਾ ਸਾਹਿਬ ਦੇ ਹਜ਼ੂਰੀ ਰਾਗੀ ਜੱਥੇ ਵੱਲੋਂ ਰਸਭਿੰਨਾ ਕੀਰਤਨ ਕੀਤਾ ਗਿਆ ਤੇ ਹਜ਼ੂਰੀ ਕਥਾਵਾਚਕ ਭਾਈ ਇਕਨਾਮ ਸਿੰਘ ਵੱਲੋਂ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਜੀਵਨੀ ਨਾਲ ਸਬੰਧਤ ਕਥਾ ਦਾ ਪ੍ਰਵਾਹ ਵੀ ਚਲਾਇਆ ਗਿਆ। ਸ਼ਾਮ ਨੂੰ ਕਰਵਾਏ ਕਵੀ ਦਰਬਾਰ ਵਿੱਚ ਏਮਨ ਸਿੰਘ ਦੇ ਜੱਥੇ ਵੱਲੋਂ ਗੁਰੂ ਸਾਹਿਬ ਜੀ ਦੀ ਜੀਵਨੀ ਨਾਲ ਸਬੰਧਤ ਵਾਰਾਂ ਪੇਸ਼ ਕੀਤੀਆਂ ਗਈਆਂ। ਇਸ ਉਪਰੰਤ ਪੰਥ ਦੇ ਪ੍ਰਸਿੱਧ ਢਾਡੀ ਸਰੂਪ ਵਿੱਚ ਕੜਿਆਣਾ ਦੇ ਜੱਥੇ ਵੱਲੋਂ ਵੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਜੀਵਨੀ ਨਾਲ ਸਬੰਧਤ ਵਾਰਾਂ ਪੇਸ਼ ਕੀਤੀਆਂ ਗਈਆਂ। ਇਸ ਮੌਕੇ ਬਾਬਾ ਮੋਹਣ ਸਿੰਘ, ਚਿੱਤਰਕਾਰ ਜਗਦੀਸ਼ ਸਿੰਘ ਬਰਾੜ, ਹੈੱਡ ਗ੍ਰੰਥੀ ਹਰਪਾਲ ਸਿੰਘ ਗੁਰਮੁਖ, ਖਜ਼ਾਨਚੀ ਜਸਪਿੰਦਰ ਸਿੰਘ, ਰਿਕਾਰਡ ਕੀਪਰ ਅਮਰਿੰਦਰ ਸਿੰਘ, ਲਾਂਗਰੀ ਬਿੰਦਰ ਸਿੰਘ, ਜਸਵੀਰ ਸਿੰਘ ਢਿੱਲੋਂ, ਹਰਜਿੰਦਰ ਸਿੰਘ ਗਿੱਲ, ਨਿਰਮਲ ਸਿੰਘ ਜੇਈ, ਗੁਰਨਾਮ ਸਿੰਘ ਖਾਲਸਾ, ਗੁਰਪ੍ਰੀਤ ਸਿੰਘ, ਬੱਗਾ ਸਿੰਘ ਗਿੱਲ ਆਦਿ ਮੌਜੂਦ ਸਨ।

...ਸ.ਫਾ 3 ਦੇ ਬਾਕੀ

### ਸਾਥੀ ਭੀਮ ਰਾਓ...



ਪ੍ਰਮਾਣਿਕ ਵਿੱਤੀ ਰਾਸ਼ੀ ਦੀ ਇਕੱਤਰਤਾ ਅਤੇ ਖ਼ਰਚੇ ਦਸਤਾਵੇਜ਼ ਰੂਪ ਵਿੱਚ ਰਿਕਾਰਡ ਸੰਭਾਲ ਕੇ ਰੱਖਣ ਲਈ ਪਿਛਲੇ ਡੇਢ ਦਹਾਕੇ ਤੋਂ ਨਿਰੰਤਰ ਸੇਵਾਵਾਂ ਨਿਭਾਉਂਦੇ ਆ ਰਹੇ ਭੀਮ ਰਾਓ ਸਦੀਵੀ ਵਿਛੋੜਾ ਦੇ ਗਏ। ਸ਼ੁੱਕਰਵਾਰ ਮਾਡਲ ਟਾਊਨ ਸ਼ਮਸ਼ਾਨ ਭੂਮੀ 'ਚ ਉਹਨਾਂ ਦੇ ਪਰਵਾਰ, ਸਾਕ-ਸੰਬੰਧੀਆਂ, ਸੰਗੀ ਸਾਥੀਆਂ ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਸੀਨੀਅਰ ਮੈਂਬਰ ਸੁਰਿੰਦਰ ਕੁਮਾਰੀ ਕੋਛੜ ਅਤੇ ਗੁਰਮੀਤ ਸਿੰਘ ਤੋਂ ਇਲਾਵਾ ਕਮੇਟੀ 'ਚ ਸੇਵਾਵਾਂ ਦਿੰਦੇ ਗੁਰਦੀਪ ਸਿੰਘ, ਭੁਵਨ ਆਦਿ ਨੇ ਭੀਮ ਰਾਓ ਨੂੰ ਸੇਜਲ ਅੱਖਾਂ ਨਾਲ ਅੰਤਿਮ ਵਿਦਾਇਗੀ ਦਿੱਤੀ।

ਉਹਨਾਂ ਦੀਆਂ ਧੀਆਂ, ਸਪੁੱਤਰ ਅਤੇ ਪੋਤਰੇ ਨੇ ਉਹਨਾਂ ਨੂੰ ਸਪੁਰਦ-ਏ-ਆਤਿਸ਼ ਕੀਤਾ। ਜ਼ਿਕਰਯੋਗ ਹੈ ਕਿ ਅੱਜ ਦੇਸ਼ ਭਗਤ ਯਾਦਗਾਰ ਹਾਲ 'ਚ ਭੀਮ ਰਾਓ ਦੇ ਵਿਛੋੜੇ 'ਤੇ ਸ਼ੋਕ ਸਭਾ ਕੀਤੀ ਗਈ ਅਤੇ ਉਹਨਾਂ ਦੀਆਂ ਦੇਸ਼ ਭਗਤ ਯਾਦਗਾਰ ਹਾਲ ਲਈ ਸੇਵਾਵਾਂ ਦਾ ਜ਼ਿਕਰ ਕਰਦਿਆਂ ਮਾਣ ਮਹਿਸੂਸ ਕੀਤਾ। ਸਮੁੱਚੀ ਦੇਸ਼ ਭਗਤ ਯਾਦਗਾਰ ਕਮੇਟੀ ਅਤੇ ਹਾਲ ਨਾਲ ਜੁੜੇ ਪਰਵਾਰਾਂ ਨੇ ਭੀਮ ਰਾਓ ਦੀ ਦੇਣ ਨੂੰ ਸਿਜਦਾ ਕੀਤਾ ਅਤੇ ਸ਼ੋਕ ਸੁਨੇਹੇ ਦੇਸ਼ ਭਗਤ ਹਾਲ ਦੇ ਦਫ਼ਤਰ ਪੁੱਜਦੇ ਕੀਤੇ।

### ਕਮਲ ਕੌਰ ਭਾਬੀ...

ਬਾਅਦ ਉਸ ਦੀ ਲਾਸ਼ ਕਾਰ ਵਿਚ ਪਾ ਕੇ ਕਾਰ ਆਦੇਸ਼ ਹਸਪਤਾਲ ਦੀ ਪਾਰਕਿੰਗ 'ਚ ਖੜ੍ਹੀ ਕਰ ਦਿੱਤੀ।ਉਨ੍ਹਾ ਦੱਸਿਆ ਕਿ ਇਹ ਵਾਰਦਾਤ 9 ਅਤੇ 10 ਜੂਨ ਦੀ ਰਾਤ ਨੂੰ ਹੋਈ।ਐੱਸ ਐੱਸ ਪੀ ਕਿਹਾ ਕਿ ਕਾਤਲਾਂ ਨੂੰ ਗੁੱਸਾ ਸੀ ਕਿ ਕੰਚਨ ਕੁਮਾਰੀ ਸੋਸ਼ਲ ਮੀਡੀਆ 'ਤੇ ਲਚਰਤਾ ਪਰੋਸ ਰਹੀ ਸੀ ਅਤੇ ਇਸੇ ਕਰਕੇ ਉਸ ਦਾ ਕਤਲ ਕੀਤਾ ਗਿਆ।

### ਕੱਚੇ ਤੇਲ ਦੀਆਂ ...

ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ ਹੈ। ਇਸ ਸੰਘਰਸ਼ ਨਾਲ ਦੁਨੀਆ ਦੀ ਤੇਲ ਅਪੂਰਤੀ 'ਤੇ ਦਬਾਅ ਪੈਣਾ ਸੰਭਾਵ ਹੈ। ਐੱਮ ਕੇ ਗਲੋਬਲ ਦੀ ਇੱਕ ਰਿਪੋਰਟ ਅਨੁਸਾਰ ਇਰਾਨ ਪ੍ਰਤੀ ਦਿਨ ਲੱਗਭੱਗ 3.3 ਮਿਲੀਅਨ ਬੈਰਲ (ਐੱਮ ਬੀ ਪੀ ਡੀ) ਕੱਚੇ ਤੇਲ ਦਾ ਉਤਪਾਦਨ ਕਰਦਾ ਹੈ। (ਵਿਸ਼ਵ ਉਤਪਾਦਨ ਦਾ ਕਰੀਬ 3 ਫੀਸਦੀ) ਅਤੇ ਲੱਗਭੱਗ 1.5 ਐੱਮ ਬੀ ਪੀ ਡੀ ਨਿਰਯਾਤ ਕਰਦਾ ਹੈ, ਜਿਸ 'ਚ ਮੁੱਖ ਅਯਾਤਕ ਚੀਨ (80 ਫੀਸਦੀ) ਅਤੇ ਤੁਰਕੀ ਹੈ। ਇਰਾਨ ਹੋਮੁਰਜ ਸਟ੍ਰੇਟ ਦੇ ਉਤਰੀ ਕਿਨਾਰੇ 'ਤੇ ਵੀ ਹੈ, ਜਿਸ ਰਾਹੀਂ ਦੁਨੀਆ 'ਚ 20 ਫੀਸਦੀ ਐੱਮ ਪੀ ਪੀ ਡੀ+ ਕੱਚੇ ਤੇਲ ਦਾ ਵਪਾਰ ਹੁੰਦਾ ਹੈ। ਹੋਮੁਰਜ ਸਟ੍ਰੇਟ ਮੱਧ ਪੂਰਬ 'ਚ ਇੱਕ ਚੈੱਕ ਪੁਆਇੰਟ ਹੈ। ਇਸ ਮਾਰਗ ਰਾਹੀਂ ਸਾਊਦੀ ਅਰਬ ਅਤੇ ਯੂ ਏ ਈ ਆਦਿ ਵੀ ਸ਼ਿਪਿੰਗ ਕਰਦੇ ਹਨ।

### ਆਲ ਇੰਡੀਆ ਸਟੂਡੈਂਟਸ...

ਇਹਦੀ ਮਹੱਤਤਾ ਵਿਸ਼ੇ 'ਤੇ ਅਤੇ ਡਾ. ਇੰਦਰਬੀਰ ਗਿੱਲ ਵੱਲੋਂ ਸੰਸਾਰ ਕਮਿਊਨਿਸਟ ਲਹਿਰ ਵਿਸ਼ੇ 'ਤੇ ਬੜੀ ਸ਼ਿੱਦਤ ਨਾਲ ਦਿਲਚਸਪ ਵਿਚਾਰ-ਚਰਚਾ ਕੀਤੀ ਗਈ। ਕੈਂਪ ਵਿੱਚ ਸ਼ੁਬੇਗ ਝੰਗੜ ਭੈਣੀ, ਹਰਮੇਲ ਉਭਾ, ਚਰਨਜੀਤ ਸਿੰਘ ਚਮੇਲੀ, ਸੋਨਾ ਸਿੰਘ ਧੁਨਕਿਆ, ਅਸ਼ੋਕ ਸਿੰਘ ਢਾਬਾਂ, ਬੋਹੜ ਸਿੰਘ ਬੁੱਟਰ, ਜਗਵਿੰਦਰ ਕਾਕਾ, ਰੋਹਿਤ ਮਲੋਟ, ਸੁਰਿੰਦਰ ਦਾਤੇਵਾਲ, ਗੁਰਜੰਟ ਪਟਿਆਲਾ, ਅਮਨ ਪਟਿਆਲਾ ਦੀ ਅਗਵਾਈ ਵਿੱਚ ਸਾਥੀਆਂ ਨੇ ਸ਼ਮੂਲੀਅਤ ਕੀਤੀ। ਕੁਲਦੀਪ ਸਿੰਘ ਭੋਲਾ, ਸਵਰਨ ਸਿੰਘ ਖੋਸਾ, ਜਗਸੀਰ ਖੋਸਾ ਇਸ ਕੈਂਪ ਦੇ ਪ੍ਰਬੰਧਾਂ ਦੀ ਜ਼ਿੰਮੇਵਾਰੀ ਨਿਭਾ ਰਹੇ ਹਨ।

### ਹਿਮਾਚਲ 'ਚ ਮੌਸਮ...

ਦਰਜ ਕੀਤਾ ਗਿਆ। ਇਸ ਤੋਂ ਇਲਾਵਾ ਮਨਾਲੀ ਦੇ ਕੋਠੀ 'ਚ 18 ਮਿਲੀਮੀਟਰ ਮੀਂਹ ਪਿਆ। ਚੰਬਾ ਦੇ ਚੁਵਾੜੀ 'ਚ 16 ਮਿਲੀਮੀਟਰ, ਸਿਰਮੌਰ ਦੇ ਪਾਉਂਟਾ ਸਾਹਿਬ 'ਚ 12.2 ਮਿਲੀਮੀਟਰ, ਧਰਮਸ਼ਾਲਾ 'ਚ 9.0, ਸ਼ਿਮਲਾ ਦੇ ਚੌਪਾਲ 'ਚ 8.6, ਮੰਡੀ ਦੇ ਪੰਡੋਹ 'ਚ 7.0, ਜਨੋਤ ਬੈਰਾਜ 5.2, ਕੋਟਖਾਈ 'ਚ 4.0 ਮੀਂਹ ਪਿਆ। ਊਨਾ 'ਚ ਆਮ ਨਾਲੋਂ ਪੰਜ ਡਿਗਰੀ ਪਾਰਾ ਜ਼ਿਆਦਾ ਦਰਜ ਕੀਤਾ ਗਿਆ। ਮੌਸਮ ਵਿਭਾਗ ਨੇ ਅਗਲੇ ਸੱਤ ਦਿਨ ਤੱਕ ਪ੍ਰਦੇਸ਼ ਦੇ ਕੁਝ ਇਲਾਕਿਆਂ 'ਚ ਮੀਂਹ ਦੀ ਸੰਭਾਵਨਾ ਪ੍ਰਗਟਾਈ ਹੈ ਅਤੇ ਯੈਲੋ ਅਲਰਟ ਜਾਰੀ ਕੀਤਾ ਹੈ।

## ਸਰਕਾਰੀ ਆਈਟੀਆਈ (ਲੜਕੀਆਂ) ਵਿਖੇ ਪਲੇਸਮੈਂਟ ਕੈਂਪ 16 ਨੂੰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਜ਼ਿਲ੍ਹਾ ਰੋਜ਼ਗਾਰ ਉਤਪੱਤੀ, ਹੁਨਰ ਵਿਕਾਸ ਤੇ ਸਿਖਲਾਈ ਬਿਊਰੋ ਫਿਰੋਜ਼ਪੁਰ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ 16 ਜੂਨ 2025 ਨੂੰ ਸਰਕਾਰੀ ਆਈਟੀਆਈ ਲੜਕੀਆਂ ਨੇੜੇ ਮਨਜੀਤ ਪੈਲੇਸ, ਫਿਰੋਜ਼ਪੁਰ ਸ਼ਹਿਰ ਵਿਖੇ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਰੋਜ਼ਗਾਰ ਰੋਜ਼ਗਾਰ ਉਤਪਤੀ ਹੁਨਰ ਵਿਕਾਸ ਤੇ ਸਿਖਲਾਈ ਅਫ਼ਸਰ ਦਿਲਬਾਗ ਸਿੰਘ ਨੇ ਦੱਸਿਆ ਕਿ 16 ਜੂਨ ਨੂੰ ਵਰਧਮਾਨ ਯਾਰਨ, ਕੰਪਨੀ ਵੱਲੋਂ ਮਸ਼ੀਨ ਉਪਰੇਟਰ ਲਈ ਇੰਟਰਵਿਊ ਕੀਤੀ ਜਾਵੇਗੀ। ਇਸ ਕੈਂਪ ਵਿੱਚ ਕੇਵਲ ਲੜਕੀਆਂ ਭਾਗ ਲੈ ਸਕਦੀਆਂ ਹਨ। ਇਸ ਇੰਟਰਵਿਊ ਵਿੱਚ 8ਵੀਂ/10ਵੀਂ ਤੇ 12ਵੀਂ ਪਾਸ ਪ੍ਰਾਰਥੀ ਕੇਵਲ ਲੜਕੀਆਂ ਭਾਗ ਲੈ ਸਕਦੀਆਂ ਹਨ ਅਤੇ ਇੰਟਰਵਿਊ ਲਈ ਉਮਰ ਹੱਦ 18 ਤੋਂ 28 ਸਾਲ ਹੋਣੀ ਚਾਹੀਦੀ ਹੈ। ਉਨ੍ਹਾਂ ਜ਼ਿਲ੍ਹਾ ਫਿਰੋਜ਼ਪੁਰ ਦੇ ਚਾਹਵਾਨ ਪ੍ਰਾਰਥੀਆਂ ਨੂੰ ਅਪੀਲ ਕੀਤੀ ਕਿ ਇਸ ਕੈਂਪ ਵਿੱਚ ਫਰੈਸ਼ਰ ਤੇ ਤਜਰਬੇਕਾਰ ਹਿੱਸਾ ਲੈ ਸਕਦੇ ਹਨ। ਇਸ ਇੰਟਰਵਿਊ 'ਚ ਭਾਗ ਲੈਣ ਵਾਲੇ ਉਮੀਦਵਾਰਾਂ ਨੂੰ ਆਪਣੀ ਵਿੱਦਿਅਕ ਯੋਗਤਾ ਦੇ ਸਰਟੀਫਿਕੇਟ, ਰੀਜ਼ਿਊਮ, ਆਧਾਰ ਕਾਰਡ, ਪੈਨ ਕਾਰਡ ਤੇ ਉਨ੍ਹਾਂ ਦੀਆਂ ਫੋਟੋ ਕਾਪੀਆਂ ਨਾਲ ਲੈ ਕੇ ਆਉਣਾ ਲਾਜ਼ਮੀ ਹੋਵੇਗਾ। ਉਨ੍ਹਾਂ ਦੱਸਿਆ ਕਿ ਇਹ ਕੈਂਪ ਸਵੇਰੇ 10 ਵਜੇ ਸਰਕਾਰੀ ਆਈਟੀਆਈ ਲੜਕੀਆਂ ਨੇੜੇ ਮਨਜੀਤ ਪੈਲੇਸ, ਫਿਰੋਜ਼ਪੁਰ ਸ਼ਹਿਰ ਵਿਖੇ ਲਗਾਇਆ ਜਾਵੇਗਾ।

## ਪਿਕ-ਅੱਪ ਵੈਨ ਖੱਡ 'ਚ ਡਿੱਗੀ

**ਊਨਾ :** ਊਨਾ 'ਚ ਪੀਰ ਨਿਗਾਹੇ ਇਲਾਕੇ ਨੇੜੇ ਇੱਕ ਪਿਕ-ਅੱਪ ਵੈਨ 24 ਫੁੱਟ ਡੂੰਘੀ ਖੱਡ 'ਚ ਡਿੱਗਣ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ ਅਤੇ 29 ਹੋਰ ਜ਼ਖ਼ਮੀ ਹੋ ਗਏ।ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਵੀਰਵਾਰ ਨੂੰ ਵਾਪਰੇ ਹਾਦਸੇ ਵਿੱਚ ਪੀੜਤ ਪੰਜਾਬ ਦੇ ਮਜੀਠਾ ਇਲਾਕੇ ਦੇ ਰਹਿਣ ਵਾਲੇ ਹਨ ਅਤੇ ਉਹ ਬਾਬਾ ਬਾਲਕ ਨਾਥ ਸਮੇਤ ਹੋਰ ਸਥਾਨਕ ਤੀਰਥ ਸਥਾਨਾਂ ਦੇ ਦਰਸ਼ਨ ਕਰਕੇ ਵਾਪਸ ਆ ਰਹੇ ਸਨ।ਘਟਨਾ ਦੌਰਾਨ ਸਥਾਨਕ ਲੋਕਾਂ ਨੇ ਜ਼ਖ਼ਮੀਆਂ ਨੂੰ ਖੱਡ ਵਿੱਚੋਂ ਬਾਹਰ ਕੱਢਿਆ। ਉਨ੍ਹਾਂ ਦੱਸਿਆ ਕਿ ਜ਼ਖ਼ਮੀਆਂ ਨੂੰ ਊਨਾ ਦੇ ਇਕ ਹਸਪਤਾਲ ਲਿਜਾਇਆ ਗਿਆ, ਜਿੱਥੇ ਉਨ੍ਹਾਂ ਵਿੱਚੋਂ ਇੱਕ ਦੀ ਮੌਤ ਹੋ ਗਈ, ਜਦੋਂ ਕਿ ਦੋ ਗੰਭੀਰ ਮਰੀਜ਼ਾਂ ਨੂੰ ਪੀ ਜੀ ਆਈ ਚੰਡੀਗੜ੍ਹ ਰੈਫਰ ਕਰ ਦਿੱਤਾ ਗਿਆ।

## ਅਗਨੀਵੀਰ ਭਰਤੀ ਲਈ ਕੋਚਿੰਗ ਲੈ ਰਹੇ ਪ੍ਰਾਰਥੀਆਂ ਦਾ ਪ੍ਰੋਗਰੈੱਸ ਟੈਸਟ



**ਮੋਗਾ (ਇਕਬਾਲ ਸਿੰਘ ਖਹਿਰਾ)**-ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਤੇ ਸਿਖਲਾਈ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਤੇ ਡਿਪਟੀ ਕਮਿਸ਼ਨਰ ਮੋਗਾ ਸਾਗਰ ਸੇਤੀਆ ਦੇ ਹੁਕਮਾਂ ਅਨੁਸਾਰ ਜ਼ਿਲ੍ਹਾ ਪ੍ਰਸ਼ਾਸਨ ਮੋਗਾ ਵੱਲੋਂ ਅਗਨੀਵੀਰ ਭਰਤੀ ਲਈ ਰਜਿਸਟਰਡ ਪ੍ਰਾਰਥੀਆਂ ਲਈ ਲਿਖਤੀ ਤੇ ਸਰੀਰਕ ਟੈਸਟ ਦੀ ਤਿਆਰੀ ਲਈ ਤਹਿਸੀਲ ਪੱਧਰ 'ਤੇ ਤਿੰਨ ਕੋਚਿੰਗ ਸੈਂਟਰ ਸ਼ੁਰੂ ਕੀਤੇ ਗਏ ਹਨ, ਜਿੱਥੇ 6 ਜੂਨ ਤੋਂ ਮੁਫ਼ਤ ਕੋਚਿੰਗ ਸ਼ੁਰੂ ਹੋ ਚੁੱਕੀ ਹੈ। ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਤੇ ਸਿਖਲਾਈ ਅਫਸਰ ਮੋਗਾ ਡਿੰਪਲ ਥਾਪਰ ਨੇ ਦੱਸਿਆ ਕਿ ਭਾਰਤੀ ਫੌਜ ਵੱਲੋਂ ਅਗਨੀਵੀਰ ਭਰਤੀ ਲਈ ਜੂਨ-2025 ਦੇ ਆਖਰੀ ਹਫਤੇ ਵਿੱਚ ਲਿਖਤੀ ਪ੍ਰੀਖਿਆ ਲਈ ਜਾ ਰਹੀ ਹੈ। ਇਸ ਸਬੰਧੀ ਭਾਰਤੀ ਫੌਜ ਦੇ 310 ਫੀਲਡ ਰੈਜੀਮੈਂਟ ਇੰਡੀਅਨ ਆਰਮੀ ਵੱਲੋਂ ਭੁਪਿੰਦਰਾ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਮੋਗਾ ਵਿਖੇ ਇਨ੍ਹਾਂ ਵਿਦਿਆਰਥੀਆਂ ਦਾ ਪ੍ਰੋਗਰੈੱਸ ਟੈਸਟ ਲਿਆ ਗਿਆ, ਜਿਸ ਦਾ ਉਦੇਸ਼ ਵਿਦਿਆਰਥੀਆਂ ਨੂੰ ਇਹ ਪ੍ਰੀਖਿਆ ਪਾਸ ਕਰਨ ਦੇ ਕਾਬਲ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਇਸ ਪ੍ਰੋਗਰੈੱਸ ਟੈਸਟ ਨਾਲ ਇਹ ਪਤਾ ਚੱਲਿਆ ਕਿ ਵਿਦਿਆਰਥੀਆਂ ਨੂੰ ਕਰਵਾਈ ਜਾ ਰਹੀ ਤਿਆਰੀ ਦੇ ਸਾਰਥਕ ਨਤੀਜੇ ਨਿੱਕਲ ਕੇ ਆਉਣਗੇ। ਇਸ ਮੌਕੇ ਭਾਰਤੀ ਸੈਨਾ ਦੇ ਅਧਿਕਾਰੀਆਂ ਵੱਲੋਂ ਕਿਹਾ ਗਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਮੋਗਾ ਵੱਲੋਂ ਪ੍ਰਾਰਥੀਆਂ ਨੂੰ ਅਗਨੀਵੀਰ ਦੀ ਤਿਆਰੀ ਕਰਵਾਉਣਾ ਇੱਕ ਸ਼ਲਾਘਾਯੋਗ ਕਦਮ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਵੀ ਇਨ੍ਹਾਂ ਪ੍ਰਾਰਥੀਆਂ ਦੀ ਤਿਆਰੀ ਸਬੰਧੀ ਪ੍ਰੋਗਰੈੱਸ ਟੈਸਟ ਲਿਆ ਜਾਵੇਗਾ ਤਾਂ ਜੋ ਪ੍ਰਾਰਥੀਆਂ ਨੂੰ ਪ੍ਰੀਖਿਆ ਪਾਸ ਕਰਨ ਵਿੱਚ ਮਦਦ ਮਿਲ ਸਕੇ।

## ਵਕੀਲਾਂ ਨੇ ਰੁੱਖ ਲਗਾਓ ਮੁਹਿੰਮ ਤਹਿਤ ਬੂਟੇ ਲਗਾਏ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਮਾਣਯੋਗ ਜਸਟਿਸ ਸ੍ਰੀ ਦੀਪਕ ਸਿੱਬਲ, ਮਾਣਯੋਗ ਪੰਜਾਬ ਤੇ ਹਰਿਆਣਾ ਹਾਈ ਕੋਰਟ-ਕਮ-ਚੇਅਰਮੈਨ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਤੇ ਮੈਡਮ ਨਵਜੋਤ ਕੌਰ ਮਾਣਯੋਗ ਮੈਂਬਰ ਸਕੱਤਰ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਅਗਵਾਈ ਹੇਠ ਸ. ਅਵਤਾਰ ਸਿੰਘ, ਮਾਣਯੋਗ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਾਜ਼ਿਲਕਾ ਅਤੇ ਮੈਡਮ ਰੂਚੀ ਸਵਪਨ ਸ਼ਰਮਾ ਮਾਣਯੋਗ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਾਜ਼ਿਲਕਾ ਦੀ ਨਿਗਰਾਨੀ ਹੇਠ ਬਾਰ ਐਸੋਸੀਏਸ਼ਨ ਫਾਜ਼ਿਲਕਾ ਦੇ ਵਕੀਲ ਸਾਹਿਬਾਨ ਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਪੈਨਲ ਵਕੀਲਾਂ ਦੁਆਰਾ ਰੁੱਖ ਲਗਾਓ ਮੁਹਿੰਮ ਤਹਿਤ ਬੂਟੇ ਲਗਾਏ ਗਏ।ਇਹ ਪ੍ਰੋਗਰਾਮ ਜੂਡੀਸ਼ੀਅਲ ਕੋਰਟ ਕੰਪਲੈਕਸ ਫਾਜ਼ਿਲਕਾ ਵਿਖੇ ਕੀਤਾ ਗਿਆ, ਜਿਸ ਵਿੱਚ ਮੁੱਖ ਤੌਰ 'ਤੇ ਬਾਰ ਐਸੋਸੀਏਸ਼ਨ ਦੇ ਵਕੀਲ ਸਾਹਿਬਾਨਾਂ ਤੇ ਕੋਰਟ ਦੇ ਸਟਾਫ ਨੇ ਭਾਗ ਲਿਆ।ਇਸ ਦੌਰਾਨ ਆਲੇ ਦੁਆਲੇ ਦੇ ਖੇਤਰ ਵਿੱਚ ਵੱਖ-ਵੱਖ ਕਿਸਮ ਦੇ ਬੂਟੇ ਲਗਾ ਕੇ ਹਰੇ-ਭਰੇ ਵਾਤਾਵਰਣ ਨੂੰ ਉਤਸ਼ਾਹਤ ਕੀਤਾ ਗਿਆ।ਮਕਸਦ ਸੀ ਕਿ ਲੋਕਾਂ ਨੂੰ ਵਾਤਾਵਰਣ ਸੰਭਾਲ ਤੇ ਰੁੱਖਾਂ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ ਜਾਵੇ, ਤਾਂ ਜੋ ਆਉਣ ਵਾਲੀ ਪੀੜ੍ਹੀ ਨੂੰ ਇੱਕ ਸਾਫ, ਸੁੰਦਰ ਤੇ ਸਫਲ ਵਾਤਾਵਰਣ ਮਿਲ ਸਕੇ। ਇਸ ਰਾਹੀਂ ਲੋਕਾਂ ਨੂੰ ਅਪੀਲ ਕੀਤੀ ਕਿ ਹਰ ਵਿਅਕਤੀ ਘੱਟੋ-ਘੱਟ ਇੱਕ ਰੁੱਖ ਲਗਾਵੇ ਤੇ ਉਸ ਦੀ ਸਾਂਭ-ਸੰਭਾਲ ਦੀ ਜ਼ਿੰਮੇਵਾਰੀ ਵੀ ਲਵੇ।ਕਿਸੇ ਵੀ ਤਰ੍ਹਾਂ ਦੀ ਹੋਰ ਕਾਨੂੰਨੀ ਜਾਣਕਾਰੀ ਤੇ ਸਲਾਹ ਲੈਣ ਲਈ ਟੋਲ ਫਰੀ ਨੰ. 15100 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

14 Jun Page-11.qxd 6/13/2025 10:19 PM Page 1



# ਡੇਢ ਦਰਜਨ ਦੇ ਕਰੀਬ ਸਰਗਰਮ ਆਗੂਆਂ ਵੱਲੋਂ ਰਵਾਇਤੀ ਪਾਰਟੀਆਂ ਨੂੰ ਛੱਡ ਕੇ 'ਆਪ' 'ਚ ਸ਼ਮੂਲੀਅਤ



**ਅਜਨਾਲਾ** (**ਸੁਖਤਿੰਦਰ ਸਿੰਘ ਰਾਜੂ**)- ਅਜਨਾਲਾ ਸ਼ਹਿਰ 'ਚ ਆਮ ਆਦਮੀ ਪਾਰਟੀ ਨੂੰ ਉਦੋਂ ਵੱਡਾ ਹੁਲਾਰਾ ਮਿਲਿਆ ਜਦੋਂ ਨਗਰ ਪੰਚਾਇਤ ਪ੍ਰਧਾਨ ਭੱਟੀ ਜਸਪਾਲ ਸਿੰਘ ਢਿੱਲੋਂ ਦੀ ਪ੍ਰੇਰਣਾ ਨਾਲ ਵਪਾਰੀ ਗੌਰਵ ਤ੍ਰੇਹਨ ਸਮੇਤ ਡੇਢ ਦਰਜਨ ਦੇ ਕਰੀਬ ਕਾਂਗਰਸ, ਭਾਜਪਾ ਸਰਗਰਮ ਕਾਰਕੁੰਨ ਆਪਣੀਆਂ ਪਾਰਟੀਆਂ ਨੂੰ ਅਲਵਿਦਾ ਕਹਿ ਕੇ ਹਲਕਾ ਵਿਧਾਇਕ ਤੇ ਪ੍ਰਵਾਸੀ ਭਾਰਤੀ ਮਾਮਲਿਆਂ ਦੇ ਮੰਤਰੀ ਪੰਜਾਬ ਸ: ਕੁਲਦੀਪ ਸਿੰਘ ਧਾਲੀਵਾਲ ਦੀ ਅਗਵਾਈ 'ਚ ਭਰੋਸਾ ਕਰਦੇ ਹੋਏ ਆਪ ਵਿੱਚ ਸ਼ਾਮਲ ਹੋ ਗਏ।ਸ਼ਾਮਲ ਹੋਣ ਵਾਲਿਆਂ ਨੇ ਐਲਾਨ ਕੀਤਾ ਕਿ ਉਹ ਕੈਬਨਿਟ ਮੰਤਰੀ ਸ: ਧਾਲੀਵਾਲ ਵਲੋਂ ਅਜਨਾਲਾ ਸ਼ਹਿਰ ਸਮੇਤ ਹਲਕੇ 'ਚ ਸੜਕਾਂ, ਸਕੂਲਾਂ, ਤੇ ਹੋਰ ਬੁਨਿਆਦੀ ਢਾਂਚੇ ਦੇ ਵਿਕਾਸ ਸਮੇਤ ਨਸ਼ਿਆਂ ਦੇ ਖਤਾਮੇ ਲਈ ਲਿਆਂਦੀ ਗਈ ਕ੍ਰਾਂਤੀ ਤੋਂ ਪ੍ਰਭਾਵਿਤ ਹੋ ਕੇ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਏ ਹਨ।ਕੈਬਨਿਟ ਮੰਤਰੀ ਸ: ਧਾਲੀਵਾਲ ਨੇ ਪਾਰਟੀ 'ਚ ਸ਼ਾਮਲ ਹੋਏ ਗੌਰਵ ਤ੍ਰੇਹਨ ਸਮੇਤ ਹੋਰਾਂ ਨੂੰ ਸਨਮਾਨਿਤ ਕਰਦਿਆਂ ਭਰੋਸਾ ਦਿੱਤਾ ਕਿ ਪਾਰਟੀ 'ਚ ਆਉਣ ਵਾਲੇ ਹਰੇਕ ਵਿਅਕਤੀ ਨੂੰ ਸਰਕਾਰੇ ਦਰਬਾਰੇ ਮਾਨ ਸਨਮਾਨ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਪੁਰਾਣੀਆਂ ਸਰਕਾਰਾਂ ਦੇ 75 ਵਰ੍ਹੇ ਦੌਰਾਨ ਸੋਨੇ ਦੀ ਚਿੜੀ ਤੇ ਸਿਹਤਮੰਦ ਜੁੱਸੇ ਵਾਲੇ ਰੰਗਲੇ ਪੰਜਾਬ ਦੀ ਗਰਕ ਕੀਤੀ ਗਈ ਚਮਕ ਦਮਕ ਨੂੰ ਮੁੜ ਬਹਾਲ ਕਰਨ ਲਈ ਇਨ੍ਹਾਂ ਸਰਕਾਰਾਂ ਦੀ ਪੌਣੀ ਸਦੀ ਸੱਤਾ ਦੇ ਮੁਕਾਬਲੇ ਸਿਰਫ 3 ਸਾਲ ਦੇ ਕਾਰਜਕਾਲ 'ਚ ਭ੍ਰਿਸ਼ਟਾਚਾਰ ਤੇ ਨਸ਼ਿਆਂ ਨੂੰ ਖਤਮ ਕਰਕੇ ਅਤੇ ਸਿੱਖਿਆ, ਸਿਹਤ, ਖੇਡਾਂ 'ਚ ਕ੍ਰਾਂਤੀ ਲਿਆ ਕੇ ਮੁੜ ਰੰਗਲੇ ਪੰਜਾਬ ਵਾਲੀ ਦਿੱਖ ਬਹਾਲ ਕੀਤੇ ਜਾਣ ਤੋਂ ਪ੍ਰਭਾਵਿਤ ਹੋ ਕੇ ਰਵਾਇਤੀ ਪਾਰਟੀਆਂ ਕਾਂਗਰਸ , ਅਕਾਲੀ, ਭਾਜਪਾ ਨੂੰ ਤਿਲਾਂਜਲੀ ਦੇ ਕੇ ਇਨ੍ਹਾਂ ਪਾਰਟੀਆਂ ਦੇ ਆਗੂ ਤੇ ਕਾਰਕੁੰਨ ਪੰਜਾਬ ਤੇ ਸਰਬੱਤ ਦੇ ਭਲੇ ਲਈ ਆਮ ਆਦਮੀ ਪਾਰਟੀ 'ਚ ਆਪ ਮੁਹਾਰੇ ਸ਼ਾਮਲ ਹੋ ਰਹੇ ਹਨ ਜਿਨ੍ਹਾਂ ਦਾ ਸੁਆਗਤ ਕਰਨਾ ਬਣਦਾ ਹੈ।ਇਸ ਮੌਕੇ ਖੁਸ਼ਪਾਲ ਸਿੰਘ ਧਾਲੀਵਾਲ, ਨਗਰ ਪੰਚਾਇਤ ਪ੍ਰਧਾਨ ਭੱਟੀ ਜਸਪਾਲ ਸਿੰਘ ਢਿੱਲੋਂ, ਸ਼ਹਿਰੀ ਪ੍ਰਧਾਨ ਅਮਿਤ ਔਲ, ਕੌਂਸਲਰ ਅਵਿਨਾਸ਼ ਮਸੀਹ, ਸ਼ਿਵ ਚਾਹਲ, ਅਮਿਤ ਪੁਰੀ, ਰਮੇਸ਼ ਮਹਾਜਨ, ਜ਼ਿਲ੍ਹਾ ਸਕੱਤਰ ਗੀਤਾ ਗਿੱਲ, ਗੁਰਦੀਪ ਕੌਰ ਆਦਿ ਮੌਜੂਦ ਸਨ।

# ਜੀਐਨਡੀਯੂ ਦੀ ਸਿਫ਼ਤ ਕੌਰ ਸਮਰਾ ਨੇ ਆਈਐੱਸਐੱਸਐੱਫ ਵਿਸ਼ਵ ਕੱਪ 'ਚ ਕਾਂਸੀ ਦਾ ਤਮਗਾ ਜਿੱਤਿਆ




**ਅੰਮ੍ਰਿਤਸਰ** (**ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ**)- ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਵਿਦਿਆਰਥਣ ਸਿਫ਼ਤ ਕੌਰ ਸਮਰਾ ਨੇ ਜਰਮਨੀ ਦੇ ਮਿਊਨਿਖ ਵਿਖੇ ਹੋਏ ਆਈ ਐੱਸ ਐੱਸ ਐੱਫ ਵਿਸ਼ਵ ਕੱਪ 'ਚ ਮਹਿਲਾ 50 ਮੀਟਰ ਰਾਈਫਲ 3 ਪੁਜ਼ੀਸ਼ਨ ਮੁਕਾਬਲੇ 'ਚ ਕਾਂਸੀ ਦਾ ਤਮਗਾ ਜਿੱਤ ਕੇ ਭਾਰਤ ਅਤੇ ਪੰਜਾਬ ਦਾ ਨਾਂ ਰੌਸ਼ਨ ਕੀਤਾ ਹੈ। ਸਿਫ਼ਤ ਕੌਰ ਜੀਐਨਡੀਯੂ ਦੇ ਫਿਜ਼ੀਕਲ ਐਜੂਕੇਸ਼ਨ ਵਿਭਾਗ 'ਚ ਬੈਚਲਰ ਆਫ ਫਿਜ਼ੀਕਲ ਐਜੂਕੇਸ਼ਨ ਐਂਡ ਸਪੋਰਟਸ (ਬੀਪੀਈਐੱਸ) ਦੀ ਵਿਦਿਆਰਥਣ ਹੈ, ਨੇ ਫਾਈਨਲ 'ਚ 453.1 ਅੰਕ ਹਾਸਲ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਨਾਰਵੇ ਦੀ ਜੀਨੈੱਟ ਹੇਗ ਡੁਏਸਟੈਡ (466.9 ਅੰਕ) ਨੇ ਸੋਨਾ ਅਤੇ ਸਵਿਟਜ਼ਰਲੈਂਡ ਦੀ ਐਮਿਲੀ ਜੈਗੀ (464.8 ਅੰਕ) ਨੇ ਚਾਂਦੀ ਦਾ ਤਮਗਾ ਜਿੱਤਿਆ। ਸਿਫ਼ਤ ਦੀ ਇਹ ਜਿੱਤ 2025 'ਚ ਉਸ ਦੀਆਂ ਸਫ਼ਲਤਾਵਾਂ ਦੀ ਲੜੀ 'ਚ ਇਕ ਹੋਰ ਮੀਲ ਪੱਥਰ ਹੈ ਇਸ ਤੋਂ ਪਹਿਲਾਂ ਉਸ ਨੇ ਬਿਊਨਸ ਆਇਰਸ ਆਈਐੱਸਐੱਸਐੱਫ ਕੱਪ 'ਚ ਸੋਨ ਤਮਗਾ ਜਿੱਤਿਆ ਸੀ ਅਤੇ 2022 ਦੀਆਂ ਏਸ਼ੀਅਨ ਖੇਡਾਂ 'ਚ 469.6 ਅੰਕਾਂ ਨਾਲ ਵਿਸ਼ਵ ਰਿਕਾਰਡ ਵੀ ਬਣਾਇਆ ਸੀ। ਮਿਊਨਿਖ 'ਚ ਉਸ ਨੇ ਕੁਆਲੀਫਿਕੇਸ਼ਨ ਰਾਊਂਡ 'ਚ 592 ਅੰਕਾਂ ਨਾਲ ਦੂਜਾ ਸਥਾਨ ਹਾਸਲ ਕੀਤਾ ਅਤੇ ਫਾਈਨਲ 'ਚ ਸ਼ਾਨਦਾਰ ਪ੍ਰਦਰਸ਼ਨ ਨਾਲ ਕਾਂਸੀ 'ਤੇ ਕਬਜ਼ਾ ਕੀਤਾ। ਸਿਫ਼ਤ ਨੇ ਪੈਰਿਸ ਓਲੰਪਿਕਸ 2024 'ਚ ਵੀ ਭਾਰਤ ਦੀ ਪ੍ਰਤੀਨਿਧਤਾ ਕਰਕੇ ਦੇਸ਼ ਦਾ ਮਾਣ ਵਧਾਇਆ, ਜਿਸ ਨਾਲ ਉਸ ਦੀ ਅੰਤਰਰਾਸ਼ਟਰੀ ਪਛਾਣ ਹੋਰ ਮਜ਼ਬੂਤ ਹੋਈ ਹੈ। ਜੀਐਨਡੀਯੂ ਦੇ ਵਾਈਸ-ਚਾਂਸਲਰ ਪ੍ਰੋ. (ਡਾ.) ਕਰਮਜੀਤ ਸਿੰਘ, ਡੀਨ ਅਕਾਦਮਿਕ ਮਾਮਲੇ ਡਾ ਪਲਵਿੰਦਰ ਸਿੰਘ ਪ੍ਰੋ. (ਡਾ.) ਕੇ ਐਸ ਚਾਹਲ, ਰਜਿਸਟਰਾਰ, ਫਿਜ਼ੀਕਲ ਐਜੂਕੇਸ਼ਨ ਵਿਭਾਗ ਦੇ ਮੁਖੀ ਡਾ. ਅਮਨਦੀਪ ਸਿੰਘ, ਡਾਇਰੈਕਟਰ ਸਪੋਰਟਸ ਡਾ. ਕੰਵਰਮਨਦੀਪ ਸਿੰਘ, ਸ਼ੂਟਿੰਗ ਕੋਚ ਰਜਵਿੰਦਰ ਕੌਰ ਅਤੇ ਸਮੁੱਚੀ ਫੈਕਲਟੀ ਨੇ ਸਿਫ਼ਤ ਕੌਰ ਸਮਰਾ ਦੀ ਇਸ ਪ੍ਰਾਪਤੀ 'ਤੇ ਵਧਾਈ ਦਿੱਤੀ। ਵਾਈਸ-ਚਾਂਸਲਰ ਨੇ ਕਿਹਾ, ਸਿਫ਼ਤ ਕੌਰ ਨੇ ਆਪਣੀ ਮਿਹਨਤ ਅਤੇ ਲਗਨ ਨਾਲ ਪੰਜਾਬ ਅਤੇ ਭਾਰਤ ਦਾ ਨਾਂ ਦੁਨੀਆ ਭਰ 'ਚ ਰੌਸ਼ਨ ਕੀਤਾ ਹੈ। ਉਹ ਸਾਡੇ ਵਿਦਿਆਰਥੀਆਂ ਲਈ ਪ੍ਰੇਰਨਾ ਸਰੋਤ ਹੈ। ਡਾ. ਅਮਨਦੀਪ ਸਿੰਘ ਨੇ ਸਿਫ਼ਤ ਦੀ ਸਫ਼ਲਤਾ ਨੂੰ ਯੂਨੀਵਰਸਿਟੀ ਦੇ ਸ਼ੂਟਿੰਗ ਪ੍ਰੋਗਰਾਮ ਦੀ ਮਜ਼ਬੂਤੀ ਦਾ ਸਬੂਤ ਦੱਸਿਆ। ਉਨ੍ਹਾਂ ਕਿਹਾ ਕਿ ਜੀਐਨਡੀਯੂ ਦੀ ਨਵੀਂ ਖੇਡ ਨੀਤੀ, ਜਿਸ ਵਿੱਚ ਮੁਫ਼ਤ ਰਿਹਾਇਸ਼, ਮਹੀਨਾਵਾਰ ਖੁਰਾਕ ਸਹਾਇਤਾ (3,500 ਤੋਂ 18,000 ਰੁਪਏ), ਯਾਤਰਾ ਸਹਾਇਤਾ ਅਤੇ ਕਰੀਅਰ ਮਾਰਗਦਰਸ਼ਨ ਸ਼ਾਮਲ ਹੈ, ਸਿਫ਼ਤ ਕੌਰ ਵਰਗੇ ਖਿਡਾਰੀਆਂ ਨੂੰ ਹੋਰ ਸਸ਼ਕਤ ਕਰੇਗੀ। ਇਸ ਨੀਤੀ ਨੇ ਯੂਨੀਵਰਸਿਟੀ ਨੂੰ 25 ਵਾਰ ਮੌਲਾਨਾ ਅਬੁਲ ਕਲਾਮ ਆਜ਼ਾਦ (ਮਾਕਾ) ਟਰਾਫੀ ਜਿੱਤਾਉਣ 'ਚ ਅਹਿਮ ਭੂਮਿਕਾ ਨਿਭਾਈ ਹੈ। ਡਾਇਰੈਕਟਰ ਸਪੋਰਟਸ ਡਾ. ਕੰਵਰਮਨਦੀਪ ਸਿੰਘ ਅਤੇ ਕੋਚ ਰਜਵਿੰਦਰ ਕੌਰ ਨੇ ਸਿਫ਼ਤ ਦੀ ਮਿਹਨਤ ਅਤੇ ਯੂਨੀਵਰਸਿਟੀ ਦੀ ਅਤਿ-ਆਧੁਨਿਕ ਸ਼ੂਟਿੰਗ ਰੇਂਜ ਦੀ ਸਫ਼ਲਤਾ 'ਤੇ ਮਾਣ ਜਤਾਇਆ। 2007-08 'ਚ ਸਥਾਪਤ ਇਸ ਰੇਂਜ ਨੇ ਕਈ ਅੰਤਰਰਾਸ਼ਟਰੀ ਖਿਡਾਰੀ ਪੈਦਾ ਕੀਤੇ ਹਨ। ਯੂਨੀਵਰਸਿਟੀ ਦਾ 8-9 ਕਰੋੜ ਰੁਪਏ ਦਾ ਸਾਲਾਨਾ ਖੇਡ ਬਜਟ ਅਤੇ ਮੈਡਲ ਜੇਤੂਆਂ ਲਈ ਮਹੀਨਾਵਾਰ ਸਟਾਈਪੈਂਡ ਦੀ ਯੋਜਨਾ ਸਿਫ਼ਤ ਵਰਗੇ ਖਿਡਾਰੀਆਂ ਦੀ ਸਫ਼ਲਤਾ ਨੂੰ ਹੋਰ ਵਧਾਵਾ ਦੇਵੇਗੀ।

# ਮਾਨ ਸੈਂਡਵਾਲ ਵਿਖੇ ਸ਼ਹੀਦੀ ਪੁਰਬ ਨੂੰ ਸਮਰਪਿਤ ਸੰਗਤ ਦੀ ਸੇਵਾ



**ਫਤਿਹਗੜ੍ਹ ਚੂੜੀਆਂ** (**ਜੇ. ਐੱਸ. ਮਾਨ**)- ਸ਼ਹੀਦਾਂ ਦੇ ਸਿਰਤਾਜ ਸ਼ਾਂਤੀ ਦੇ ਪੁੰਜ ਪੰਜਵੇਂ ਪਾਤਿਸ਼ਾਹ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਦੇ ਸੰਬੰਧ ਵਿੱਚ ਪਿੰਡ ਮਾਨ ਸੈਂਡਵਾਲ ਵਿਖੇ ਸਮੂਹ ਸੰਗਤ ਦੀ ਤਰਫੋਂ ਦਾਲ ਫੁਲਕੇ ਤੇ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ ਗਈ। ਨੌਜਵਾਨਾਂ ਵੱਲੋਂ ਬੜੀ ਸ਼ਰਧਾ ਭਾਵਨਾ ਨਾਲ ਸਵੇਰ ਤੋਂ ਲੈ ਕੇ ਸ਼ਾਮ ਤੀਕਰ ਠੰਢੇ ਮਿੱਠੇ ਜਲ ਦੀ ਛਬੀਲ ਵਰਤਾਈ ਗਈ।ਬੀਬੀਆਂ ਭੈਣਾਂ ਵੱਲੋਂ ਵਾਹਿਗੁਰੂ ਜੀ ਦਾ ਜਾਪ ਕਰਦੇ ਹੋਏ ਲੰਗਰ ਪ੍ਰਸ਼ਾਦੇ ਦੀ ਸੇਵਾ ਕੀਤੀ ਗਈ। ਇਸ ਮੌਕੇ ਪ੍ਰਧਾਨ ਸੁਖਜਿੰਦਰ ਸਿੰਘ, ਲੱਖਾ ਮਿਸਤਰੀ, ਪਲਵਿੰਦਰ ਸਿੰਘ ਹੈਪੀ, ਰਸ਼ਪਾਲ ਸਿੰਘ ਸੰਧੂ, ਬੂਟਾ ਸਿੰਘ, ਯੋਧਾ ਸੰਧੂ, ਭਿੰਦਰ ਮਾਨ, ਡਾਕਟਰ ਸੇਖਵਾਂ, ਜਰਨੈਲ ਸਿੰਘ ਮਾਨ, ਅੰਮ੍ਰਿਤ ਮਾਨ, ਬ੍ਰਹਮ ਰਾਮਪਾਲ, ਸੇਵਾ ਸਿੰਘ ਸੰਧੂ, ਪ੍ਰਦੁਮਣ ਸਿੰਘ ਜੇ ਈ, ਮਨੂੰ, ਸੁਖਬੀਰ ਸਿੰਘ ਭੋਪਾਲ ਆਦਿ ਹਾਜ਼ਰ ਸਨ।

# 6ਵੇਂ ਪਾਤਸ਼ਾਹ ਵੱਲੋਂ ਪਹਿਲੀ ਜੰਗ ਫ਼ਤਿਹ ਕਰਨ ਦੀ ਯਾਦ 'ਚ ਸਜਾਇਆ ਨਗਰ ਕੀਰਤਨ



**ਅੰਮ੍ਰਿਤਸਰ** (**ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ**) ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੁਆਰਾ ਮੁਗਲ ਫ਼ੌਜਾਂ ਨਾਲ ਹੋਏ ਪਹਿਲੇ ਯੁੱਧ ਨੂੰ ਫ਼ਤਿਹ ਕਰਨ ਦੀ ਯਾਦ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਿਹੰਗ ਸਿੰਘ ਜਥੇਬੰਦੀਆਂ, ਸਭਾ ਸੁਸਾਇਟੀਆਂ ਅਤੇ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਤੋਂ ਗੁਰਦੁਆਰਾ ਕਿਲ੍ਹਾ ਸ੍ਰੀ ਲੋਹਗੜ੍ਹ ਸਾਹਿਬ ਤੱਕ ਵਿਸ਼ੇਸ਼ ਨਗਰ ਕੀਰਤਨ ਸਜਾਇਆ ਗਿਆ। ਨਗਰ ਕੀਰਤਨ ਦੀ ਆਰੰਭਤਾ ਸਮੇਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਾਜਦੀਪ ਸਿੰਘ, ਦਲ ਪੰਥ ਬਾਬਾ ਬਿਧੀ ਚੰਦ ਸੰਪ੍ਰਦਾ ਦੇ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ, ਗੁਰਦੁਆਰਾ ਸ਼ਹੀਦ ਗੰਜ ਸਾਹਿਬ ਦੇ ਮੈਨੇਜਰ ਸ. ਜਤਿੰਦਰਪਾਲ ਸਿੰਘ, ਹੈੱਡ ਗ੍ਰੰਥੀ ਗਿਆਨੀ ਸੁਰਜੀਤ ਸਿੰਘ ਸਭਰਾ, ਸ. ਨਿਰਮਲ ਸਿੰਘ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ। ਨਗਰ ਕੀਰਤਨ ਦੀ ਆਰੰਭਤਾ ਸਮੇਂ ਅਰਦਾਸ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ ਸਿੰਘ ਸਾਹਿਬ ਗਿਆਨੀ ਰਾਜਦੀਪ ਸਿੰਘ ਨੇ ਪਾਲਕੀ ਸਾਹਿਬ ਵਿਚ ਸੁਸ਼ੋਭਿਤ ਕੀਤਾ ਅਤੇ ਚੌਰ ਸਾਹਿਬ ਦੀ ਸੇਵਾ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਦੇ ਮੈਨੇਜਰ ਸ. ਜਤਿੰਦਰਪਾਲ ਸਿੰਘ ਨੇ ਨਿਭਾਈ। ਨਗਰ ਕੀਰਤਨ ਦੀ ਆਰੰਭਤਾ ਤੋਂ ਪਹਿਲਾਂ ਪੰਜ ਪਿਆਰੇ ਸਾਹਿਬਾਨ, ਨਿਸ਼ਾਨਚੀ ਸਿੰਘਾਂ ਅਤੇ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸਿਰੋਪਾਓ ਦਿੱਤੇ ਗਏ। ਨਗਰ ਕੀਰਤਨ ਵਿਚ ਨਿਹੰਗ ਸਿੰਘ ਘੋੜਿਆਂ ਸਮੇਤ ਸ਼ਾਮਲ ਹੋਏ ਅਤੇ ਰਸਤੇ ਵਿਚ ਵੱਖ-ਵੱਖ ਥਾਵਾਂ 'ਤੇ ਸੰਗਤ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ੍ਰੀ ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ ਨੇ ਦੱਸਿਆ ਕਿ ਛੇਵੇਂ ਪਾਤਸ਼ਾਹ ਵੱਲੋਂ ਕਿਲ੍ਹਾ ਸ੍ਰੀ ਲੋਹਗੜ੍ਹ ਸਾਹਿਬ ਵਿਖੇ ਲੜੀ ਪਹਿਲੀ ਜੰਗ ਨੂੰ ਫ਼ਤਿਹ ਕਰਨ ਦੀ ਯਾਦ ਵਿਚ 15 ਜੂਨ ਨੂੰ ਗੁਰਦੁਆਰਾ ਕਿਲ੍ਹਾ ਸ੍ਰੀ ਲੋਹਗੜ੍ਹ ਸਾਹਿਬ ਵਿਖੇ ਗੁਰਮਤਿ ਸਮਾਗਮ ਹੋਣਗੇ, ਜਿਸ ਵਿਚ ਪੰਥ ਪ੍ਰਸਿੱਧ ਰਾਗੀ, ਢਾਡੀ, ਕਵੀਸ਼ਰ ਤੇ ਕਥਾਵਾਚਕ ਸੰਗਤਾਂ ਨੂੰ ਗੁਰਬਾਣੀ ਅਤੇ ਗੁਰ-ਇਤਿਹਾਸ ਸਰਵਣ ਕਰਵਾਉਣਗੇ।ਇਸ ਮੌਕੇ ਬਾਬਾ ਨਾਹਰ ਸਿੰਘ, ਬਾਬਾ ਨਿਹਾਲ ਸਿੰਘ, ਵਧੀਕ ਮੈਨੇਜਰ ਬਿਕਰਮਜੀਤ ਸਿੰਘ ਝੰਗੀ, ਮੀਤ ਮੈਨੇਜਰ ਸ. ਜਸਬੀਰ ਸਿੰਘ, ਇੰਚਾਰਜ ਬਲਦੇਵ ਸਿੰਘ ਧੁੰਨ, ਜਗਜੀਤ ਸਿੰਘ, ਜਗਜੀਤ ਸਿੰਘ ਖ਼ਾਲਸਾ ਸਮੇਤ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

# ਅੱਡਾ ਕਾਲਾ ਅਫਗਾਨਾਂ ਦੇ ਦੁਕਾਨਦਾਰਾਂ ਨੇ ਠੰਡੇ-ਮਿੱਠੇ ਜਲ ਦੀ ਛਬੀਲ ਲਗਾਈ



**ਫਤਿਹਗੜ੍ਹ ਚੂੜੀਆਂ** (**ਜਸਦੇਵ ਸਿੰਘ ਮਾਨ**)- ਕਸਬੇ ਦੇ ਨਜ਼ਦੀਕ ਅੱਡਾ ਕਾਲਾ ਅਫਗਾਨਾ ਦੇ ਸਮੂਹ ਦੁਕਾਨਦਾਰ ਵੀਰਾਂ ਦੇ ਉਪਰਾਲੇ ਨਾਲ ਸ਼ਹੀਦਾਂ ਦੇ ਸਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਠੰਢੇ ਮਿੱਠੇ ਜਲ ਦੀ ਛਬੀਲ ਤੇ ਲੰਗਰ ਲਗਾਇਆ ਗਿਆ। ਸਮੂਹ ਦੁਕਾਨਦਾਰਾਂ ਵੱਲੋਂ ਸਾਂਝੇ ਤੌਰ 'ਤੇ ਕਿਹਾ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਮੂਹ ਦੁਕਾਨਦਾਰਾਂ ਨੇ ਇਹ ਉਪਰਾਲਾ ਕਰਕੇ ਸੰਗਤਾਂ ਦਾ ਅਸ਼ੀਰਵਾਦ ਲਿਆ ਅਤੇ ਰਾਹਗੀਰਾਂ ਨੂੰ ਰੋਕ ਕੇ ਲੰਗਰ ਛਕਾਇਆ।ਇਸ ਮੌਕੇ ਡਾ: ਗੁਰਨਾਮ ਸਿੰਘ ਸਾਰਚੂਰ ਵਾਲੇ, ਗੁਰਮੀਤ ਸਿੰਘ ਰੰਧਾਵਾ ਕਾਲਾ ਅਫਗਾਨਾ, ਡਾ. ਸਰਬਜੀਤ ਸਿੰਘ, ਸਵਿੰਦਰ ਸਿੰਘ ਨਿਊ ਪੰਜਾਬ ਸ਼ੋਅਰੂਮ, ਸਤਨਾਮ ਸਿੰਘ, ਹਰਜੀਤ ਸਿੰਘ, ਲਵ ਰੰਧਾਵਾ ਲੈਬਾਟਰੀ, ਰਾਜਬੀਰ, ਸੁਖਜੀਤ ਸਿੰਘ ਸਾਰਚੂਰ, ਡਾ. ਹਰਪਾਲ ਸਿੰਘ ਸਾਰਚੂਰ, ਡੀਸੀ ਸਟੂਡੀਓ, ਹੈਰੀ, ਗੁਰਮੇਜ ਸਿੰਘ, ਅਨੂ, ਸੁਖਮਨ ਸਿੰਘ, ਸਿਮਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

# 'ਇੱਕ ਪੌਦਾ ਆਪਣੀ ਮਾਂ ਦੇ ਨਾਂਅ' ਮਿਸ਼ਨ ਤਹਿਤ ਸਕੂਲ 'ਚ ਪੌਦੇ ਲਗਾਏ



**ਬਟਾਲਾ** (**ਡਾ. ਮਲਵਿੰਦਰ ਸਿੰਘ**)- ਮਾਨਯੋਗ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਰਜੇਸ਼ ਕੁਮਾਰ ਜ਼ਿਲਾ ਸਿੱਖਿਆ ਅਫਸਰ ਗੁਰਦਾਸਪੁਰ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਕਾਲਾ ਅਫਗਾਨਾ ਵਿਖੇ ਨਿੰਮ ਦੇ ਪੌਦੇ ਲਗਾ ਕੇ ਵਾਤਾਵਰਣ ਦਿਵਸ ਮਨਾਇਆ ਜਿਸ ਵਿੱਚ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ।ਇਸ ਮੌਕੇ ਵਾਤਾਵਰਨ ਸਬੰਧੀ ਲੇਖ, ਕਵਿਤਾ, ਭਾਸ਼ਣ ਅਤੇ ਚਾਰਟ ਮੇਕਿੰਗ ਮੁਕਾਬਲੇ ਕਰਵਾਏ ਗਏ।ਸਕੂਲ ਇੰਚਾਰਜ ਲੈਕਚਰਾਰ ਸੁਖਵਿੰਦਰ ਕੌਰ ਵੱਲੋਂ ਵਾਤਾਵਰਨ ਦੀ ਸ਼ੁੱਧਤਾ ਅਤੇ ਗਲੋਬਲ ਵਾਰਮਿੰਗ ਤੋਂ ਬਚਣ ਲਈ ਵੱਧ ਤੋਂ ਵੱਧ ਪੌਦੇ ਲਗਾਉਣ ਲਈ ਪ੍ਰੇਰਿਤ ਕੀਤਾ।ਅਧਿਆਪਕ ਅਤੇ ਵਿਦਿਆਰਥੀਆਂ ਵੱਲੋਂ ਇੱਕ ਪੌਦਾ, ਆਪਣੀ ਮਾਂ ਦੇ ਨਾਂ ਮਿਸ਼ਨ ਤਹਿਤ 50 ਦੇ ਕਰੀਬ ਪੌਦੇ ਲਗਾਏ।ਉਨ੍ਹਾਂ ਨੇ ਵਿਦਿਆਰਥੀਆਂ ਨੂੰ ਪਲਾਸਟਿਕ ਦੀ ਵਰਤੋਂ ਤੋਂ ਗੁਰੇਜ਼ ਕਰਨ ਅਤੇ ਸਿੰਗਲ ਯੂਜ਼ ਪਲਾਸਟਿਕ ਬਾਰੇ ਜਾਣਕਾਰੀ ਦਿੱਤੀ।ਇਸ ਮੌਕੇ ਵਿਦਿਆਰਥੀਆਂ ਵੱਲੋਂ ਵਾਤਾਵਰਨ ਸੰਭਾਲ, ਪਾਣੀ ਬਚਾਉਣ, ਪ੍ਰਦੂਸ਼ਣ ਹਟਾਓ, ਯੁੱਧ ਨਸ਼ਿਆਂ ਵਿਰੁੱਧ, ਵਿਸ਼ਿਆਂ ਤੇ ਕਵਿਤਾਵਾਂ ਤੇ ਲੇਖ ਵੀ ਲਿਖੇ ਗਏ ਜਿਸ ਦੀ ਰਜੇਸ਼ ਕੁਮਾਰ ਡੀਈਓ ਨੇ ਬਹੁਤ ਸ਼ਲਾਘਾ ਵੀ ਕੀਤੀ। ਵਿਦਿਆਰਥੀਆਂ ਤੇ ਅਧਿਆਪਕਾਂ ਨੇ ਮਿਲ ਕੇ ਠੰਡੇ ਅਤੇ ਮਿੱਠੇ ਜਲ ਦੀ ਛਬੀਲ ਵੀ ਲਗਾਈ।ਇਸ ਮੌਕੇ ਲੈਕਚਰਾਰ ਗੁਰਵਿੰਦਰ ਕੌਰ, ਧਰਮਿੰਦਰ ਸਿੰਘ, ਲਖਵਿੰਦਰ ਸਿੰਘ ਹਰਵਿੰਦਰ ਸਿੰਘ, ਜੁਗਰਾਜ ਸਿੰਘ ਰਾਜਵੀਰ ਕੌਰ, ਮਨਜੋਤ ਸਿੰਘ ਤੇ ਚਮਕੀਲਾ ਸਿੰਘ, ਅਮਰਿੰਦਰ ਕੌਰ ਅਤੇ ਵਿਦਿਆਰਥੀ ਹਾਜ਼ਰ ਰਹੇ।

# ਸਿਹਤ ਵਿਭਾਗ ਨੇ ਮੀਆਂਵਿੰਡ ਵਿਖੇ ਲੋਕਾਂ ਨੂੰ ਮੌਸਮੀ ਬਿਮਾਰੀਆਂ ਤੋਂ ਬਚਾਅ ਸੰਬੰਧੀ ਕੀਤਾ ਜਾਗਰੂਕ



**ਖਡੂਰ ਸਾਹਿਬ** (**ਸਰਬਜੋਤ ਸਿੰਘ ਸੰਧਾ**)- ਸਿਵਲ ਸਰਜਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਜਿਲਾ ਐਪੀਡਿਮੋਲੋਜਿਸਟ ਡਾਕਟਰ ਰਾਘਵ ਗੁਪਤਾ, ਡਾਕਟਰ ਅਵਲੀਨ ਕੌਰ ਅਤੇ ਏਐਮਓ ਕੰਵਲ ਬਲਰਾਜ ਸਿੰਘ, ਸੀਨੀਅਰ ਮੈਡੀਕਲ ਅਫ਼ਸਰ ਡਾਕਟਰ ਸ਼ਲਿੰਦਰ ਸਿੰਘ ਸਿੰਘ, ਡਾਕਟਰ ਰਹਿਨੁਮਾਈ ਹੇਠ ਡੇਂਗੂ ਵਿਰੋਧੀ ਗਤੀਵਿਧੀਆਂ ਕਰਦੇ ਹੋਏ ਅੱਜ ਸਿਹਤ ਵਿਭਾਗ ਮੀਆਂਵਿੰਡ ਦੀਆਂ ਵੱਖ-ਵੱਖ ਟੀਮਾਂ ਵੱਲੋਂ ਮੀਆਂਵਿੰਡ ਬਲਾਕ ਵਿੱਚ ਹੋਟਲਾਂ, ਰੈਸਟੋਰੈਂਟ, ਮੈਰਿਜ ਪੈਲੇਸਾਂ ਅਤੇ ਨਰਸਿੰਗ ਕਾਲਜ ਵਿੱਚ ਵਿੱਚ ਡੇਂਗੂ ਅਤੇ ਮਲੇਰੀਆ ਬੁਖਾਰ ਤੋਂ ਬਚਣ ਵਾਸਤੇ ਜਾਣਕਾਰੀ ਦਿੱਤੀ ਗਈ ਜਿਸ ਵਿਚ ਡੇਂਗੂ, ਚਿਕਨਗੁਨੀਆ, ਮਲੇਰੀਆ ਅਤੇ ਮੌਸਮੀ ਬਿਮਾਰੀਆਂ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਬਚਾਓ ਸਬੰਧੀ ਜਾਗਰੂਕ ਕੀਤਾ ਗਿਆ।ਕੂਲਰਾਂ, ਫਰਿਜਾਂ, ਗਮਲਿਆਂ, ਕੰਟੇਨਰਾਂ ਆਦਿ ਵਿੱਚੋਂ ਲਾਰਵਾ ਚੈਕ ਕੀਤਾ ਗਿਆ।ਇਸ ਮੌਕੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਅਮਨਦੀਪ ਸਿੰਘ ਹੈਲਥ ਇੰਸਪੈਕਟਰ ਨੇ ਬਾਬਾ ਫਰੀਦ ਨਰਸਿੰਗ ਕਾਲਜ ਗੋਇੰਦਵਾਲ ਸਾਹਿਬ ਵਿਖੇ ਸਟੂਡੈਂਟਸ ਨੂੰ ਡੇਂਗੂ ਬੁਖਾਰ ਸਬੰਧੀ ਜਾਣਕਾਰੀ ਦਿੱਤੀ ਗਈ।ਉਨ੍ਹਾਂ ਦੱਸਿਆ ਇਸ ਦੇ ਲੱਛਣ ਤੇਜ਼ ਬੁਖਾਰ, ਸਿਰ ਦਰਦ, ਅੱਖਾਂ ਦੇ ਪਿਛਲੇ ਪਾਸੇ ਦਰਦ, ਜੋੜਾਂ ਅਤੇ ਮਾਸਪੇਸ਼ੀਆਂ ਵਿੱਚ ਦਰਦ, ਸਰੀਰ ਉਪਰ ਲਾਲ ਦਾਣੇ ਨਿਕਲਣਾ, ਉਲਟੀ ਆਉਣੀ, ਮੂੰਹ , ਨੱਕ ਅਤੇ ਮਸੂੜਿਆਂ ਵਿਚੋਂ ਖ਼ੂਨ ਵਗਣਾ, ਖ਼ੂਨ ਵਿੱਚੋ ਪਲੇਟਲੈਟ ਸੈੱਲਾਂ ਦਾ ਘਟਣਾ, ਸਰੀਰਕ ਥਕਾਵਟ ਅਤੇ ਕਮਜ਼ੋਰੀ ਆਦਿ ਦੇ ਲੱਛਣ ਹੋ ਸਕਦੇ ਹਨ ਹਨ। ਉਹਨਾਂ ਦੱਸਿਆ ਕਿ ਡੇਂਗੂ ਦੀ ਜਾਂਚ ਅਤੇ ਇਲਾਜ ਸਾਰੇ ਪੰਜਾਬ ਦੀਆਂ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਮੁਫ਼ਤ ਕੀਤਾ ਜਾਂਦਾ ਹੈ।ਇਸ ਮੌਕੇ ਬੋਲਦਿਆਂ ਹੋਇਆਂ ਰਵੀਸ਼ੇਰ ਸਿੰਘ ਰੰਧਾਵਾ ਨੇ ਦੱਸਿਆ ਕਿ ਸਾਨੂੰ ਡੇਂਗੂ ਬੁਖਾਰ ਤੋਂ ਬਚਾਅ ਲਈ ਆਪਣੇ ਘਰਾਂ ਦੇ ਆਲੇ ਦੁਆਲੇ ਪਾਣੀ ਖੜ੍ਹਾ ਨਹੀਂ ਹੋਣ ਦੇਣਾ ਚਾਹੀਦਾ ਅਤੇ ਸਾਫ਼ ਸਫ਼ਾਈ ਦਾ ਖਿਆਲ ਰੱਖਿਆ ਜਾਵੇ। ਉਨ੍ਹਾਂ ਦੱਸਿਆ ਕਿ ਸ਼ੁੱਕਰਵਾਰ ਨੂੰ ਆਪਣੇ ਘਰਾਂ ਦੇ ਕੂਲਰਾਂ, ਡਰੰਮਾਂ, ਫਰਿਜਾਂ ਦੀਆਂ ਟਰੇਆਂ, , ਟਾਇਰਾਂ, ਗਮਲਿਆਂ, ਪਸ਼ੂ ਪੰਛੀ ਲਈ ਪੀਣ ਦੇ ਪਾਣੀ ਦੇ ਬਰਤਨਾਂ ਨੂੰ ਜ਼ਰੂਰ ਸਾਫ਼ ਕਰੋ, ਕਿਉਂਕਿ ਡੇਂਗੂ ਦਾ ਮੱਛਰ ਖੜ੍ਹੇ ਸਾਫ਼ ਪਾਣੀ ਵਿਚ ਪੈਦਾ ਹੁੰਦਾ ਹੈ। ਇਸ ਮੌਕੇ ਤੇਜਿੰਦਰ ਸਿੰਘ ਬੀਈਈ, ਸਾਹਿਬਜੀਤ ਸਿੰਘ, ਮੰਗਲ ਸਿੰਘ ਐੱਸ ਆਈ, ਗੁਰਵਿੰਦਰ ਸਿੰਘ ਮਾਲੋਵਾਲ, ਜਤਿੰਦਰ ਸਿੰਘ ਗੁਰਦਰਸ਼ਨ ਸਿੰਘ, ਜਸਪ੍ਰੀਤ ਸਿੰਘ ਧਾਰੜ, ਰਵੀਸ਼ੇਰ ਸਿੰਘ ਰੰਧਾਵਾ, ਬਲਵਿੰਦਰ ਸਿੰਘ, ਜਗਵੰਤ ਸਿੰਘ, ਪਰਮਪਾਲ ਸਿੰਘ, ਮਨਜੀਤ ਸਿੰਘ, ਬਲਵਿੰਦਰ ਸਿੰਘ ਧੰਜੂ, ਗੁਰਿੰਦਰ ਸਿੰਘ, ਹਰਭੇਜ ਸਿੰਘ, ਗੁਰਦੇਵ ਸਿੰਘ, ਮਲਕੀਤ ਸਿੰਘ, ਸਰਬਜੀਤ ਸਿੰਘ ਕੰਗ, ਸੁਖਵਿੰਦਰ ਸਿੰਘ, ਅਰਸ਼ਦੀਪ ਸਿੰਘ, ਸੁਖਦੀਪ ਸਿੰਘ ਮੇਲ ਵਰਕਰ, ਅਮਰੀਕ ਸਿੰਘ ਦਰਜਾ ਚਾਰ ਅਤੇ ਆਲ਼ੇ ਦੁਆਲ਼ੇ ਦੇ ਪਿੰਡਾਂ ਤੋਂ ਆਏ ਲੋਕ ਹਾਜ਼ਰ ਸਨ ।

# ਦਵੇਸਰ ਮੋਦਗਿੱਲ ਬਰਾਦਰੀ ਦੀ ਸਾਲਾਨਾ ਮੇਲ ਭਲਕੇ



**ਜੰਡਿਆਲਾ ਗੁਰੂ** (**ਹਰਿੰਦਰ ਪਾਲ ਸਿੰਘ**)- ਦਵੇਸਰ ਮੋਦਗਿੱਲ ਬਰਾਦਰੀ ਦੀ ਸਾਲਾਨਾ ਮੇਲ 15 ਜੂਨ ਨੂੰ ਜ਼ਿਲ੍ਹਾ ਗੁਰਦਾਸਪੁਰ ਧਾਰੀਵਾਲ ਦੇ ਨੇੜੇ ਪਿੰਡ ਅਖਲਾਸ਼ਪੁਰ ਵਿੱਚ ਹੋਵੇਗੀ। ਇਸ ਬਾਰੇ ਸੇਵਕ ਪਵਨ ਦਵੇਸਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 15 ਜੂਨ ਨੂੰ ਸਵੇਰੇ ਕੁਲ ਦੇਵਤਾ ਦੇ ਮੰਦਰ ਪਿੰਡ ਅਖਲਾਸ਼ਪੁਰ ਧਾਰੀਵਾਲ ਜਿਲ੍ਹਾ ਗੁਰਦਾਸਪੁਰ ਵਿਖੇ 7 ਤੋਂ 9 ਵਜੇ ਤੱਕ ਹਵਨ ਯੱਗ ਹੋਵੇਗਾ।ਉਪਰੰਤ ਲੰਗਰ ਭੰਡਾਰਾ ਵਰਤਾਇਆ ਜਾਵੇਗਾ।ਉਨ੍ਹਾਂ ਨੇ ਦੱਸਿਆ ਕਿ ਦੂਰ ਦੂਰ ਤੋਂ ਆਏ ਦਵੇਸਰ ਮੋਦਗਿੱਲ ਬਰਾਦਰੀ ਦੇ ਸ਼ਰਧਾਲੂ ਕੁਲ ਦੇਵਤਾ ਦੇ ਮੰਦਰ ਆਕੇ ਅਸ਼ੀਰਵਾਦ ਪ੍ਰਾਪਤ ਕਰਨਗੇ।

# ਪ੍ਰਿੰ. ਨਰੋਤਮ ਸਿੰਘ ਤੇ ਡਾ. ਇਕਬਾਲ ਕੌਰ ਨਾਲ ਸਾਹਿਤਕ ਸੰਵਾਦ ਰਚਾਇਆ



**ਅੰਮ੍ਰਿਤਸਰ** (**ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ**)- ਜੂਨ ਮਹੀਨੇ ਦੀਆਂ ਤਪਦੀਆਂ ਦੁਪਹਿਰਾਂ ਵੇਲੇ ਵੀ ਜਦੋਂ ਚਾਰ ਜੀਅ ਮਿਲ ਬੈਠ ਕੇ ਗੱਲਾਂ ਬਾਤਾਂ ਕਰਦੇ ਹਨ ਤਾਂ ਧੁਰ ਕਾਲਜੇ ਠੰਢ ਪੈਂਦੀ ਹੈ। ਇਹ ਵਿਚਾਰ ਜਨਵਾਦੀ ਲੇਖਕ ਸੰਘ ਵਲੋਂ ਅਰੰਭੀ "ਕਿਛ ਸੁਣੀਐ ਕਿਛੁ ਕਹੀਐ" ਸਮਾਗਮਾਂ ਦੇ ਅੰਤਰਗਤ ਪ੍ਰਿੰ. ਨਰੋਤਮ ਸਿੰਘ ਅਤੇ ਡਾ. ਇਕਬਾਲ ਕੌਰ ਸੌਂਧ ਨੇ ਸੰਬੋਧਨ ਕਰਦਿਆਂ ਕਹੇ। ਉਨ੍ਹਾਂ ਸੰਤਾਲੀ ਦੇ ਉਜਾੜੇ ਦੀਆਂ ਲੂੰ ਕੰਡੇ ਖੜ੍ਹੇ ਕਰਨ ਵਾਲੀਆਂ ਗੱਲਾਂ ਕਰਦਿਆਂ ਆਪਣੇ ਬਾਪ ਗਹਿਲ ਸਿੰਘ ਛੱਜਲਵਿੱਡੀ ਦਾ ਉਚੇਚਾ ਜ਼ਿਕਰ ਕੀਤਾ ਅਤੇ ਦੱਸਿਆ ਕਿ ਉਨ੍ਹਾਂ ਵੇਲਿਆਂ 'ਚ ਝੁੱਲੀ ਫਿਰਕੂ ਹਨੇਰੀ ਨੇ ਆਦਮੀ ਨੂੰ ਹੈਵਾਨ ਬਣਾ ਦਿੱਤਾ ਸੀ ਅਤੇ ਮੁਲਕ ਛੱਡ ਕੇ ਜਾਣ ਵਾਲਿਆਂ ਦੀ ਬਾਂਹ ਫੜਨ ਕਰਕੇ ਹੀ ਉਨ੍ਹਾਂ ਦੇ ਬਾਪ ਨੂੰ ਦੰਗਈਆਂ ਦੀ ਦਰਿੰਦਗੀ ਦਾ ਸ਼ਿਕਾਰ ਹੋਣਾ ਪਿਆ ਸੀ। ਸਮਾਗਮ ਦੇ ਕਨਵੀਨਰ ਕਥਾਕਾਰ ਦੀਪ ਦੇਵਿੰਦਰ ਸਿੰਘ ਨੇ ਕਿਹਾ ਕਿ ਮਾਝੇ ਦੀਆਂ ਨਾਮਵਰ ਵਿੱਦਿਅਕ ਸੰਸਥਾਵਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ, ਖਾਲਸਾ ਕਾਲਜ ਅੰਮ੍ਰਿਤਸਰ ਅਤੇ ਗੁਰੂ ਗੋਬਿੰਦ ਸਿੰਘ ਕਾਲਜ ਸਰਹਾਲੀ ਵਿਖੇ ਆਧਿਆਪਨ ਦਾ ਕਾਰਜ ਕਰਦੇ ਰਹੇ ਪ੍ਰਿੰ. ਨਰੋਤਮ ਸਿੰਘ ਅਤੇ ਡਾ. ਸੌਂਧ ਪੰਜਾਬੀ ਸਾਹਿਤ ਵਿਚ ਸਤਿਕਾਰਤ ਸ਼ਖ਼ਸੀਅਤ ਵਜੋਂ ਜਾਣੇ ਜਾਂਦੇ ਹਨ। ਮਨਮੋਹਨ ਸਿੰਘ ਢਿੱਲੋਂ ਨੇ ਦੱਸਿਆ ਕਿ ਉਹ ਜਨਵਾਦੀ ਲੇਖਕ ਸੰਘ ਦੇ ਸਹਿਯੋਗ ਨਾਲ ਬਜ਼ੁਰਗ ਲੇਖਕਾਂ ਨਾਲ ਕੀਤੀਆਂ ਇਹਨਾਂ ਮੁਲਾਕਾਤਾਂ ਨੂੰ ਕਿਤਾਬੀ ਰੂਪ ਵਿਚ ਸਾਂਭਣ ਦਾ ਉਪਰਾਲਾ ਕਰਨਗੇ। ਨਾਰੀ ਚੇਤਨਾ ਮੰਚ ਦੀ ਪ੍ਰਧਾਨ ਜਸਪਾਲ ਭਾਟੀਆ, ਡਾ. ਸਰਤਾਜ ਸਿੰਘ ਅਤੇ ਡਾ. ਕਿਰਨ ਨੇ ਵੀ ਇਸ ਉਪਰਾਲੇ ਦੀ ਸਰਾਹਨਾ ਕਰਦਿਆਂ ਮੁੱਲਵਾਨ ਟਿੱਪਣੀਆਂ ਕੀਤੀਆਂ। ਸਭਾ ਵੱਲੋਂ ਸੁਮੀਤ ਸਿੰਘ ਅਤੇ ਡਾ. ਕਸ਼ਮੀਰ ਸਿੰਘ ਨੇ ਸਭ ਦਾ ਧੰਨਵਾਦ ਕੀਤਾ ਗਿਆ।

# ਗੁ. ਗੁਰੂ ਕੀ ਬੇਰ ਸਾਹਿਬ ਵਿਖੇ ਅਵਤਾਰ ਪੁਰਬ ਮਨਾਇਆ



**ਤਰਸਿੱਕਾ** (**ਤਰਸੇਮ ਸਿੰਘ ਸਾਧਪੁਰ**)- ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਵਿਖੇ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਅਵਤਾਰ ਪੁਰਬ ਸੰਤ ਬਾਬਾ ਸੱਜਣ ਸਿੰਘ ਦੀ ਰਹਿਨੁਮਾਈ ਹੇਠ ਮਨਾਇਆ ਗਿਆ।ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ।ਇਸ ਮੌਕੇ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਬਾਬਾ ਜੱਸਾ ਸਿੰਘ, ਰਣਜੀਤ ਸਿੰਘ ਬਾਬੋਵਾਲ, ਨਿੰਦਰ ਸਿੰਘ ਭੋਏ, ਪ੍ਰਿੰਸੀਪਲ ਗੁਰਸੇਵਕ ਸਿੰਘ ਉਦੋਕੇ, ਗਿਆਨ ਸਿੰਘ, ਮੇਜਰ ਸਿੰਘ, ਜਗਰੂਪ ਸਿੰਘ ਬੋਪਾਰਾਏ, ਅਵਤਾਰ ਸਿੰਘ ਬੋਪਾਰਾਏ, ਬਾਬਾ ਰਾਜਾ, ਗੁਰਬਾਜ ਸਿੰਘ, ਜੋਬਨ ਬਲਾਰਾ, ਬਲਿਹਾਰ ਸਿੰਘ, ਬਾਬਾ ਸੁਲੱਖਣ ਸਿੰਘ, ਬਾਬਾ ਪਰਮਜੀਤ ਸਿੰਘ, ਮੇਜਰ ਸਿੰਘ ਭੋਏਵਾਲ, ਜੋਧਵੀਰ ਸਿੰਘ, ਬਰਿੰਦਰ ਸਿੰਘ, ਬਲਜਿੰਦਰ ਸਿੰਘ ਨਿੱਬਰਵਿੰਡ ਆਦਿ ਹਾਜ਼ਰ ਸਨ।

# ਵੱਖ-ਵੱਖ ਜਥੇਬੰਦਕ ਆਗੂਆਂ ਵੱਲੋਂ ਹੈੱਡਟੀਚਰ ਮੰਗੋਤਰਾ ਨਾਲ ਹਮਦਰਦੀ ਦਾ ਪ੍ਰਗਟਾਵਾ



**ਵੇਰਕਾ** (**ਰਾਣਾ**) ਹੈੱਡਟੀਚਰ ਦਵਿੰਦਰ ਕੁਮਾਰ ਮੰਗੋਤਰਾ ਨੂੰ ਉਸ ਵਕਤ ਡੂੰਘਾ ਸਦਮਾ ਪੁੱਜਾ ਜਦੋਂ ਉਨ੍ਹਾਂ ਦੇ ਪੂਜਨੀਕ ਮਾਤਾ ਸੁਦੇਸ਼ ਕੁਮਾਰੀ ਮੰਗੋਤਰਾ ਦਾ ਬੀਤੇ ਦਿਨ ਅਚਨਚੇਤ ਦਿਹਾਂਤ ਹੋ ਗਿਆ।ਇਸ ਮੌਕੇ ਦੁਖੀ ਮੰਗੋਤਰਾ ਪਰਿਵਾਰ ਨਾਲ ਵੱਖ-ਵੱਖ ਜਨਤਕ, ਮੁਲਾਜ਼ਮ, ਧਾਰਮਿਕ, ਰਾਜਨੀਤਿਕ ਅਤੇ ਸਮਾਜ ਸੇਵੀ ਸੰਗਠਨਾਂ ਦੇ ਆਗੂਆਂ ਵੱਲੋਂ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ।ਪਵਿਾਰ ਨਾਲ ਹਮਦਰਦੀ ਪ੍ਰਗਟਾਉਣ ਵਾਲਿਆਂ 'ਚ ਸਮਾਜਿਕ ਨਿਆਂ, ਸਸ਼ਕਤੀਕਰਨ ਵੈੱਲਫੇਅਰ ਐਸੋਸੀਏਸ਼ਨ ਅੰਮ੍ਰਿਤਸਰ (ਪੰਜਾਬ) ਦੇ ਚੀਫ ਆਰਗੇਨਾਈਜ਼ਰ ਕਰਨਰਾਜ ਸਿੰਘ ਗਿੱਲ, ਸੂਬਾਈ ਕਾਨੂੰਨੀ ਸਲਾਹਕਾਰ ਮਨਜੀਤ ਸਿੰਘ ਵਿਰਕ, ਸੀਨੀ: ਮੀਤ ਪ੍ਰਧਾਨ ਤੇਜਿੰਦਰ ਸਿੰਘ ਸੋਹੀ, ਪ੍ਰੈੱਸ ਸਕੱਤਰ ਹਰਬਿੰਦਰ ਸਿੰਘ ਰਾਣਾ (ਖੁਸ਼ੀਪੁਰ) ਜ਼ਿਲਾ ਪ੍ਰਧਾਨ ਸਤਿੰਦਰ ਸਿੰਘ ਸਰਕਾਰੀਆ, ਜਨਰਲ ਸਕੱਤਰ ਕੁਲਜੀਤ ਸਿੰਘ ਵੇਰਕਾ, ਸਲਾਹਕਾਰ ਹਰਮਨਦੀਪ ਸਿੰਘ ਛੀਨਾ, ਵਿੱਤ ਸਕੱਤਰ ਹਰਪਾਲ ਸਿੰਘ ਓਠੀਆਂ, ਮੀਤ ਪ੍ਰਧਾਨ ਮਨਜੀਤ ਸਿੰਘ ਸੋਹੀਆ ਖੁਰਦ, ਸਕੱਤਰ ਅਮਰਿੰਦਰ ਸਿੰਘ ਛੀਨਾ, ਦਿਲਬਾਗ ਸਿੰਘ ਬਲਾਕ ਸਿੱਖਿਆ ਅਫਸਰ (ਐਲੀ:) ਅੰਮ੍ਰਿਤਸਰ-4, ਸੀਐੱਚਟੀ ਗੁਰਪ੍ਰੀਤ ਸਿੰਘ ਛੇਹਰਾਟਾ, ਦਿਨੇਸ਼ ਕੁਮਾਰ ਭੱਲਾ ਸੀਐੱਚਟੀ, ਸੇਵਾਮੁਕਤ ਬੀਪੀਓ ਬਲਬੀਰ ਸਿੰਘ ਝਾਮਕਾ, ਵਧੀਕ ਜ਼ਿਲਾ ਸਿੱਖਿਆ ਅਫਸਰ (ਐਲੀ:) ਅੰਮ੍ਰਿਤਸਰ ਇੰਦੂ ਮੰਗੋਤਰਾ, ਸੁਪਰਡੈਂਟ ਅਨਿਲ ਕੁਮਾਰ, ਜੂਨੀਅਰ ਸਹਾਇਕ ਅਮਰਪ੍ਰੀਤ ਸਿੰਘ, ਅਮਨਦੀਪ ਸਿੰਘ, ਕਪਿਲ ਕੁਮਾਰ, ਰੌਸ਼ਨ ਲਾਲ, ਰਾਜਦੀਪ ਸਿੰਘ, ਸਾਹਿਬ ਸਿੰਘ (ਸਾਰੇ ਡੀਈਓ ਦਫ਼ਤਰ) ਸੀਐੱਚਟੀ ਵਰਿੰਦਰ ਸਿੰਘ ਸੈਂਸਰਾ, ਜਨਰਲ ਸਕੱਤਰ ਸੁਖਵਿੰਦਰ ਸਿੰਘ ਮਾਨ ਐਲੀਮੈਂਟਰੀ ਟੀਚਰ ਯੂਨੀਅਨ ਪੰਜਾਬ, ਜ਼ਿਲਾ ਪ੍ਰਧਾਨ ਮੋਹਨਜੀਤ ਸਿੰਘ, ਸੇਵਾਦਾਰ ਕਮਲਜੀਤ ਸਿੰਘ, ਸੁਪਰਡੈਂਟ ਪਲਵਿੰਦਰ ਸਿੰਘ ਲੁੱਧੜ, ਟੀਚਰ ਦਵਿੰਦਰ ਸਿੰਘ ਲੁੱਧੜ, ਸੇਵਾਮੁਕਤ ਪ੍ਰਿੰਸੀਪਲ ਜਗਤਾਰ ਸਿੰਘ, ਲੈਕ: ਮੁਖਤਿਆਰ ਸਿੰਘ, ਹੈੱਡਟੀਚਰ ਰਾਮ ਸਿੰਘ, ਪ੍ਰਧਾਨ ਅਵਤਾਰ ਸਿੰਘ ਮੱਟੂ ਐੱਸਸੀ/ਬੀਸੀ ਅਧਿਆਪਕ ਯੂਨੀਅਨ ਅੰਮ੍ਰਿਤਸਰ, ਜਨਰਲ ਸਕੱਤਰ ਸੁਖਰਾਜ ਸਿੰਘ ਮਾਹਲ, ਅਸ਼ਵਨੀ ਕੁਮਾਰ, ਜੋਗਾ ਸਿੰਘ, ਗੁਰਬਚਨ ਸਿੰਘ, ਸਰਪੰਚ ਨਿਰੰਜਣ ਸਿੰਘ ਮੱਜਵਿੰਡ ਆਦਿ ਆਗੂ ਸ਼ਾਮਿਲ ਹਨ।

# ਛੋਟੇ ਵਪਾਰੀਆਂ ਦੇ ਹਿੱਤ 'ਚ ਸਰਕਾਰ ਨੇ ਚੁੱਕਿਆ ਕ੍ਰਾਂਤੀਕਾਰੀ ਕਦਮ : ਚੇਚੀ



**ਬਲਾਚੌਰ** (**ਜਸਵਿੰਦਰ ਬੈਂਸ**)— ਆਮ ਆਦਮੀ ਪਾਰਟੀ ਦੇ ਪੰਜਾਬ ਬੀਸੀ ਵਿੰਗ ਦੇ ਪ੍ਰਧਾਨ ਸ਼ਿਵਕਰਨ ਚੇਚੀ ਨੇ ਪੰਜਾਬ ਕੈਬਨਿਟ ਵਲੋਂ ਲਏ ਗਏ ਇਤਿਹਾਸਕ ਫੈਸਲੇ ਦਾ ਸਵਾਗਤ ਕੀਤਾ ਅਤੇ ਮੁੱਖ ਮੰਤਰੀ ਪੰਜਾਬ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਪੰਜਾਬ ਦੇ ਛੋਟੇ ਵਪਾਰੀਆਂ ਅਤੇ ਦੁਕਾਨਦਾਰਾਂ 'ਤੇ ਜੋ ਵਿਸ਼ਵਾਸ ਦਿਖਾਇਆ ਹੈ, ਉਹ ਸ਼ਲਾਘਾਯੋਗ ਅਤੇ ਮਿਸਾਲੀ ਹੈ। ਮੁੱਖ ਮੰਤਰੀ ਦੀ ਪ੍ਰਧਾਨਗੀ ਵਿਚ ਹੋਈ ਕੈਬਨਿਟ ਮੀਟਿੰਗ ਵਿਚ, ਪੰਜਾਬ ਦੁਕਾਨਾਂ ਅਤੇ ਵਪਾਰਕ ਸਥਾਪਨਾ ਐਕਟ, 1958 ਵਿਚ ਇਕ ਵੱਡੀ ਸੋਧ ਕੀਤੀ ਗਈ, ਜਿਸ ਨਾਲ 20 ਕਰਮਚਾਰੀਆਂ ਤੱਕ ਵਾਲੇ ਸਾਰੇ ਵਪਾਰਕ ਅਦਾਰਿਆਂ ਨੂੰ ਇਸ ਐਕਟ ਦੀਆਂ ਜ਼ਿਆਦਾਤਰ ਸ਼ਰਤਾਂ ਤੋਂ ਛੋਟ ਦਿੱਤੀ ਗਈ। ਇਸ ਨਾਲ ਸੂਬੇ ਦੇ ਲਗਪਗ 95 ਫੀਸਦੀ ਛੋਟੇ ਕਾਰੋਬਾਰੀਆਂ ਨੂੰ ਰਾਹਤ ਮਿਲੇਗੀ, ਜੋ ਅਸਲ ਵਿਚ ਰੁਜਗਾਰ ਦੀ ਰੀੜ੍ਹ ਦੀ ਹੱਡੀ ਹਨ।

# ਅਧਿਆਪਕਾਂ ਦੀ ਰੈਸ਼ਨੇਲਾਈਜ਼ੇਸ਼ਨ ਕਰਨ ਦੀ ਮੰਗ

**ਵੇਰਕਾ** (**ਰਾਣਾ**)- ਸਿੱਖਿਆ ਵਿਭਾਗ ਪੰਜਾਬ ਦੇ ਸ: ਐਲੀ: ਸਕੂਲਾਂ ਵਿੱਚ ਬੱਚਿਆਂ ਨੂੰ ਪੜ੍ਹਾਉਣ ਵਾਲੇ ਅਧਿਆਪਕ ਬਾਰਡਰ ਕੰਡੀ ਖੇਤਰ ਦੇ ਸਕੂਲ 'ਚ ਹਾਲੇ ਤੱਕ ਮੌਜੂਦ ਨਹੀਂ ਹਨ। ਜਦੋਂ ਕਿ ਸ਼ਹਿਰੀ ਖੇਤਰ ਵਾਲੇ ਸਕੂਲਾਂ 'ਚ ਵਾਧੂ ਅਧਿਆਪਕ ਤੈਨਾਤ ਹਨ ਜਿਸ ਬਾਬਤ ਸਿੱਖਿਆ ਵਿਭਾਗ ਦੇ ਉੱਚ-ਅਧਿਕਾਰੀ ਭਲੀਭਾਂਤ ਜਾਣਦੇ ਵੀ ਹਨ। ਇਥੇ ਦੱਸਣਯੋਗ ਹੈ ਕਿ ਪੇਂਡੂ ਖੇਤਰ ਦੇ ਸਕੂਲਾਂ 'ਚ ਕੰਮ ਕਰਨ ਵਾਲੇ ਅਧਿਆਪਕਾਂ ਨੂੰ ਸਰਕਾਰ ਦੀਆਂ ਹਦਾਇਤਾਂ/ਨਿਯਮਾਂ ਮੁਤਾਬਿਕ ਮਾਸਿਕ ਮਕਾਨ ਭੱਤਾ 8% ਫੀਸਦੀ ਮਿਲਦਾ ਹੈ ਅਤੇ ਸਹਿਰੀ ਖੇਤਰ ਦੇ ਟੀਚਰਾਂ ਨੂੰ ਦੁੱਗਣਾ ਭਾਵ 16% ਫੀਸਦੀ ਮਿਲਦਾ ਹੈ। ਇਸ ਮੌਕੇ ਜ਼ਿਲ੍ਹਾ ਸਿੱਖਿਆ ਦਫਤਰ (ਐਲੀ:) ਅੰਮ੍ਰਿਤਸਰ ਦੇ ਕਈ ਸ਼ਹਿਰੀ ਸਕੂਲਾਂ 'ਚ ਇੱਕ ਕਲਾਸ ਨੂੰ ਦੋ ਅਧਿਆਪਕ ਪੜ੍ਹਾਉਂਦੇ ਹਨ। ਪ੍ਰੰਤੂ ਦੂਜੇ ਪਾਸੇ ਪੇਂਡੂ ਸਕੂਲ (ਬਾਰਡਰ ਏਰੀਆ) ਹਾਲੇ ਤੀਕ ਅਧਿਆਪਕ ਵਿਹੂਣੇ ਹਨ। ਜੇਕਰ ਬਾਰਡਰ ਕੰਢੀ ਖੇਤਰ ਵਾਲੇ ਸਕੂਲਾਂ ਦੀ ਗੱਲ ਕਰੀਏ ਤਾਂ ਬਹੁਤੇ ਸਕੂਲਾਂ 'ਚ ਇੱਕ ਅਧਿਆਪਕ ਵੀ ਮੌਜੂਦ ਨਹੀਂ। ਇਸ ਸੰਬੰਧ 'ਚ ਪ੍ਰੈੱਸ ਨੂੰ ਇੱਕ ਸਾਂਝਾ ਬਿਆਨ ਜਾਰੀ ਕਰਦੇ ਹੋਏ ਸਮਾਜਿਕ ਨਿਆਂ, ਸਸਕਤੀਕਰਨ ਵੈਲਫੇਅਰ ਐਸੋਸੀਏਸ਼ਨ ਅੰਮ੍ਰਿਤਸਰ (ਪੰਜਾਬ) ਦੇ ਚੀਫ ਆਰਗੇਨਾਈਜ਼ਰ ਕਰਨਰਾਜ ਸਿੰਘ ਗਿੱਲ, ਸੂਬਾਈ ਕਾਨੂੰਨੀ ਸਲਾਹਕਾਰ ਮਨਜੀਤ ਸਿੰਘ ਵਿਰਕ, ਪ੍ਰੈੱਸ ਸਕੱਤਰ ਹਰਬਿੰਦਰ ਸਿੰਘ ਰਾਣਾ, ਸੂਬਾਈ ਸੀਨੀ: ਮੀਤ ਪ੍ਰਧਾਨ ਤੇਜਿੰਦਰ ਸਿੰਘ ਸੋਹੀ, ਜਨਰਲ ਸਕੱਤਰ ਦਰਸਨ ਲਾਲ ਕਲੋਤਰਾ, ਜ਼ਿਲਾ ਪ੍ਰਧਾਨ ਸਤਿੰਦਰ ਸਿੰਘ ਸਰਕਾਰੀਆ, ਜਨਰਲ ਸਕੱਤਰ ਕੁਲਜੀਤ ਸਿੰਘ ਵੇਰਕਾ, ਸਲਾਹਕਾਰ ਹਰਮਨਦੀਪ ਸਿੰਘ ਛੀਨਾ, ਵਿੱਤ ਸਕੱਤਰ ਹਰਪਾਲ ਸਿੰਘ ਓਠੀਆ, ਮੀਤ ਪ੍ਰਧਾਨ ਮਨਜੀਤ ਸਿੰਘ ਸੋਹੀਆ ਖੁਰਦ, ਸਕੱਤਰ ਅਮਰਿੰਦਰ ਸਿੰਘ ਛੀਨਾ, ਕਸਮੀਰ ਸਿੰਘ ਸੋਹੀਆ ਖੁਰਦ, ਸੇਵਾਮੁਕਤ ਲੈਕ: ਮੁਖਤਿਆਰ ਸਿੰਘ, ਸੇਵਾਮੁਕਤ ਪ੍ਰਿੰਸੀਪਲ ਜਗਤਾਰ ਸਿੰਘ ਆਦਿ ਜਥੇਬੰਦਕ ਆਗੂਆਂ ਨੇ ਮਾਨਯੋਗ ਮੁੱਖ ਮੰਤਰੀ ਪੰਜਾਬ ਸਰਕਾਰ, ਮਾਨਯੋਗ ਸਿੱਖਿਆ ਮੰਤਰੀ ਪੰਜਾਬ ਸਰਕਾਰ, ਮਾਨਯੋਗ ਸਿੱਖਿਆ ਸਕੱਤਰ ਪੰਜਾਬ ਸਰਕਾਰ ਅਤੇ ਮਾਨਯੋਗ ਡੀ.ਪੀ.ਆਈ (ਐਲੀ:) ਅਜੀਤਗੜ੍ਹ ਪਾਸੋਂ ਮੰਗ ਕੀਤੀ ਹੈ ਕਿ ਤੁਰੰਤ ਅਧਿਆਪਕਾਂ ਦੀ ਰੈਸ਼ਨੇਲਾਈਜ਼ੇਸ਼ਨ ਕਰਦੇ ਹੋਏ ਵਿਦਿਆਰਥੀਆਂ ਦੀ ਘੱਟ ਗਿਣਤੀ ਵਾਲੇ ਸਕੂਲਾਂ 'ਚੋਂ ਫਾਲਤੂ ਅਅਧਿਆਪਕਾਂ ਨੂੰ ਲੋੜਵੰਦ ਸਕੂਲਾਂ 'ਚ ਭੇਜਿਆ ਜਾਵੇ।

# ਐੱਲ ਪੀ ਯੂ ਵੱਲੋਂ ਸਿੱਖਿਆ ਪੇਸ਼ੇਵਰਾਂ ਦੇ ਬੱਚਿਆਂ ਲਈ ਵਿਸ਼ੇਸ਼ ਸਕਾਲਰਸ਼ਿਪ ਸ਼ੁਰੂ



**ਜਲੰਧਰ** (**ਸ਼ੈਲੀ ਐਲਬਰਟ**)- ਲਵਲੀ ਪ੍ਰੋਫੈਸਨਲ ਯੂਨੀਵਰਸਿਟੀ (ਐਲਪੀਯੂ) ਨੇ ਉਨ੍ਹਾਂ ਵਿਦਿਆਰਥੀਆਂ ਦੀ ਉੱਚ ਸਿੱਖਿਆ ਦਾ ਸਮਰਥਨ ਕਰਨ ਲਈ ਇੱਕ ਵਿਸੇਸ ਸਕਾਲਰਸ਼ਿਪ ਸਕੀਮ ਦਾ ਐਲਾਨ ਕੀਤਾ ਹੈ ਜਿਨ੍ਹਾਂ ਦੇ ਮਾਪੇ ਪੂਰੇ ਸਮੇਂ ਲਈ ਸਿੱਖਿਆ ਖੇਤਰ ਵਿੱਚ ਹਨ। ਇਹ ਵਿੱਤੀ ਸਹਾਇਤਾ ਉਨ੍ਹਾਂ ਅਧਿਆਪਕਾਂ, ਪ੍ਰਿੰਸੀਪਲਾਂ, ਪ੍ਰੋਫੈਸਰਾਂ, ਅਧਿਆਪਕਾਂ ਅਤੇ ਪ੍ਰਯੋਗਸ਼ਾਲਾ ਟੈਕਨੀਸ਼ੀਅਨਾਂ ਦੇ ਬੱਚਿਆਂ ਲਈ ਉਪਲਬਧ ਹੈ ਜੋ ਮਾਨਤਾ ਪ੍ਰਾਪਤ ਸਰਕਾਰੀ ਜਾਂ ਨਿੱਜੀ ਸਕੂਲਾਂ, ਜਾਂ ਸੀਬੀਐਸਈ, ਆਈਸੀਐਸਈ, ਸਟੇਟ ਬੋਰਡ, ਐਨਆਈਓਐਸ, ਸੀਓਬੀਐਸਈ, ਜਾਂ ਯੂਜੀਸੀ-ਮਾਨਤਾ ਪ੍ਰਾਪਤ ਯੂਨੀਵਰਸਿਟੀਆਂ ਅਤੇ ਕਾਲਜਾਂ ਨਾਲ ਸੰਬੰਧਿਤ ਸੰਸਥਾਵਾਂ ਵਿੱਚ ਪੂਰਾ ਸਮਾਂ ਕੰਮ ਕਰਦੇ ਹਨ। ਇਹ ਸਕੀਮ ਯੂਨੀਵਰਸਿਟੀ ਦੁਆਰਾ ਪੇਸ ਕੀਤੇ ਜਾਂਦੇ 150 ਤੋਂ ਵੱਧ ਅਕਾਦਮਿਕ ਪ੍ਰੋਗਰਾਮਾਂ 'ਤੇ ਲਾਗੂ ਹੁੰਦੀ ਹੈ, ਜਿਸ ਵਿੱਚ ਡਿਪਲੋਮਾ ਅਤੇ ਗ੍ਰੈਜੂਏਸ਼ਨ ਤੋਂ ਲੈ ਕੇ ਮਾਸਟਰ ਅਤੇ ਪੀਐਚਡੀ ਪ੍ਰੋਗਰਾਮ ਸ਼ਾਮਲ ਹਨ। ਇਸ ਪਹਿਲਕਦਮੀ ਤਹਿਤ, ਯੋਗ ਵਿਦਿਆਰਥੀ ਜੋ ਕੋਈ ਹੋਰ ਸਕਾਲਰਸ਼ਿਪ ਪ੍ਰਾਪਤ ਨਹੀਂ ਕਰ ਰਹੇ ਹਨ, ਉਨ੍ਹਾਂ ਨੂੰ ਕੁੱਲ ਪ੍ਰੋਗਰਾਮ ਫੀਸ 'ਤੇ 20% ਵਿੱਤੀ ਸਹਾਇਤਾ ਮਿਲੇਗੀ। ਜਿਹੜੇ ਪਹਿਲਾਂ ਹੀ ਸਕਾਲਰਸ਼ਿਪ ਪ੍ਰਾਪਤ ਕਰ ਰਹੇ ਹਨ, ਉਨ੍ਹਾਂ ਲਈ ਮੌਜੂਦਾ ਸਕਾਲਰਸ਼ਿਪ ਰਕਮ ਕੱਟਣ ਤੋਂ ਬਾਅਦ ਬਾਕੀ ਫੀਸ 'ਤੇ 20% ਵਾਧੂ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ।

# ਬਾਬਾ ਹੰਦਾਲ ਸਾਹਿਬ ਦਾ ਦੋ ਰੋਜ਼ਾ ਸਾਲਾਨਾ ਜੋੜ ਮੇਲਾ ਭਲਕ ਤੋਂ



**ਝਬਾਲ** (**ਹਰਜਿੰਦਰ ਸਿੰਘ ਸੋਨੀ**)- ਤਰਨ ਤਾਰਨ ਦੇ ਨਜ਼ਦੀਕ ਪੰਡੋਰੀ ਰਾਮਾਣਾ ਵਿਖੇ ਧੰਨ-ਧੰਨ ਸ੍ਰੀ ਗੁਰੂ ਅਮਰਦਾਸ ਜੀ ਦੇ ਸੇਵਕ ਬਾਬਾ ਹੰਦਾਲ ਸਾਹਬਿ ਦਾ ਸਾਲਾਨਾ ਜੋੜ ਮੇਲਾ 15 ਅਤੇ 16 ਜੂਨ ਨੂੰ ਸ਼ਰਧਾਪੂਰਵਕ ਤੇ ਧੂਮ-ਧਾਮ ਨਾਲ ਮਨਾਇਆ ਜਾਵੇਗਾ।ਮੇਲੇ ਸਬੰਧੀ ਜਾਣਕਾਰੀ ਦਿੰਦਿਆਂ ਬਾਬਾ ਹੀਰਾ ਸਿੰਘ ਜੀ ਮੁਖੀ ਗੁਰਦਆਰਾ ਝੂਲਣੇ ਮਹਿਲ ਠੱਠੀ ਖਾਰਾ ਕਾਰ ਸੇਵਾ ਸੰਪ੍ਰਦਾਇ ਝੂਲਣੇ ਮਹਿਲ ਵਾਲਿਆਂ ਦੱਸਿਆ ਕਿ ਹਰ ਸਾਲ ਵਾਂਗ ਇਸ ਵਾਰ ਵੀ ਬਾਬਾ ਹੰਦਾਲ ਜੀ ਦਾ ਜੋੜ ਮੇਲਾ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾਵੇਗਾ ਜਿਸ ਵਿਚ 14 ਜੂਨ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ 16 ਜੂਨ ਨੂੰ ਸੋਮਵਾਰ ਸ੍ਰੀ ਅਖੰਡ ਪਾਠ ਸਾਹਬ ਜੀ ਦੇ ਭੋਗ ਪਾਏ ਜਾਣਗੇ ਅਤੇ 15 ਜੂਨ ਸ਼ਾਮ ਤੋਂ ਦੇਰ ਰਾਤ ਤਕ ਕਵੀਸ਼ਰ ਦਰਬਾਰ ਕੀਰਤਨ ਦਰਬਾਰ ਸਜਾਇਆ ਜਾਵੇਗਾ ਉਪਰੰਤ 16 ਜੂਨ ਨੂੰ ਵੀ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਸੱਚਖੰਡ ਦੀ ਇਲਾਹੀ ਬਾਣੀ ਦਾ ਰਸ ਭਿੰਨਾ ਕੀਰਤਨ ਹੋਵੇਗਾ ਜਿਸ ਦੌਰਾਨ ਪੰਥ ਪ੍ਰਸਿੱਧ ਨਾਮੀ ਕਥਾਵਾਚਕ, ਢਾਡੀ ਅਤੇ ਕਵੀਸ਼ਰ ਸੰਗਤਾਂ ਨੂੰ ਗੁਰੂ ਜੱਸ ਸੁਣਾਉਣਗੇ।ਇਸ ਮੌਕੇ ਬਾਬਾ ਹੀਰਾ ਸਿੰਘ ਜੀ ਸਪੁੱਤਰ ਕੌਮੀ ਸ਼ਹੀਦ ਸ੍ਰੀਮਾਨ ਸੰਤ ਬਾਬਾ ਚਰਨ ਸਿੰਘ ਜੀ ਕਾਰ ਸੇਵਾ ਬੀੜ ਸਾਹਿਬ ਵਾਲਿਆਂ ਦੱਸਿਆ ਕਿ ਸ਼ਾਮ ਨੂੰ ਇੰਟਰਨੈਸ਼ਨਲ ਪੱਧਰ ਦਾ ਕਬੱਡੀ ਟੂਰਨਾਮੈਂਟ ਕਰਵਾਇਆ ਜਾਵੇਗਾ।ਉਨ੍ਹਾਂ ਨਾਲ ਮੇਲਾ ਕਮੇਟੀ ਮੈਂਬਰ ਅਹੁਦੇਦਾਰ ਜਿਨ੍ਹਾਂ 'ਚ ਜਥੇਦਾਰ ਭਾਈ ਮੁਖਤਾਰ ਸਿੰਘ ਕਾਕੂ,ਬਾਈ ਸਤਨਾਮ ਸਿੰਘ ਖੰਡਾ ਸਾਬਕਾ ਪੰਜ ਪਿਆਰੇ ਸਹਿਬਾਨ ਸ੍ਰੀ ਅਕਾਲ ਤਖਤ ਸਹਿਬ, ਸਰਦੂਲ ਸਿੰਘ ਪ੍ਰਧਾਨ, ਬਲਾਰਾਜ ਸਿੰਘ, ਬਲਦੇਵ ਸਿੰਘ, ਬਾਬਾ ਪ੍ਰਗਟ ਸਿੰਘ, ਸੁਖਦੇਵ ਪੱਪੂ ਨੰਬਰਦਾਰ, ਰਵੇਲ ਸਿੰਘ, ਗੁਰਦਆਿਲ ਸਿੰਘ ਪੰਡੋਰੀ ਹਸਣ, ਸਰਵਣ ਸਿੰਘ ਇਟਲੀ, ਸੁਖਵੰਤ ਸਿੰਘ ਚੱਬੇ ਵਾਲੇ ਜਿਨ੍ਹਾਂ ਨੂੰ ਮੋਟਰ ਸਾਇਕਲ ਸਟੈਂਡ, ਜੋੜਾ ਘਰ ਲੰਗਰ ਅਤੇ ਛਬੀਲ਼ ਦੀਆਂ ਵੱਖ-ਵੱਖ ਡਿਊਟੀਆਂ ਲਗਾ ਦਿਤੀਆਂ ਗਈਆ ਹਨ।ਇਸ ਮੌਕੇ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਅਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ ।

# ਵਿਕਸਿਤ ਕ੍ਰਿਸ਼ੀ ਸੰਕਲਪ ਅਭਿਆਨ ਤਹਿਤ ਪਿੰਡ ਭਾਊਵਾਲ 'ਚ ਕਿਸਾਨ ਜਾਗਰੂਕਤਾ ਕੈਂਪ ਲੱਗਾ

**ਪੱਟੀ** (**ਸ਼ਮਸ਼ੇਰ ਸਿੰਘ ਯੋਧਾ**)- ਪਿੰਡ ਭਾਊਵਾਲ ਵਿਖੇ ਬਲਾਕ ਖੇਤੀਬਾੜੀ ਅਫਸਰ ਪੱਟੀ ਡਾ. ਭੁਪਿੰਦਰ ਸਿੰਘ, ਕ੍ਰਿਸ਼ੀ ਵਿਗਿਆਨ ਕੇਂਦਰ ਬੂਹ ਦੇ ਸਾਇੰਸਦਾਨ ਡਾ. ਪ੍ਰਭਜੀਤ ਸਿੰਘ, ਡਾ. ਨਵਜੋਤ ਸਿੰਘ ਬਰਾੜ, ਡਾ. ਪ੍ਰਭਜਿੰਦਰ ਸਿੰਘ ਮਾਨ, ਮਨਮੋਹਨ ਸਿੰਘ ਏਈਓ ਅਤੇ ਗੁਰਪ੍ਰੀਤ ਸਿੰਘ ਬੀਟੀਐੱਮ ਨੇ ਜਾਗਰੁਕਤਾ ਕੈਂਪ ਲਗਾਇਆ। ਇਸ ਮੌਕੇ ਜਾਣਕਾਰੀ ਦਿੱਤੀ ਗਈ ਕਿ ਕੈਂਪਾਂ ਦਾ ਉਦੇਸ਼ ਪਿੰਡ ਪੱਧਰ ਤੇ ਜਾ ਕੇ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਦੁਆਰਾ ਕਿਸਾਨ ਹਿੱਤ ਵਿੱਚ ਦਿੱਤੀਆਂ ਜਾ ਰਹੀਆਂ ਸਹੂਲਤਾਂ ਅਤੇ ਵਿਗਿਆਨੀਆਂ ਦੁਆਰਾ ਈਜਾਦ ਕੁਦਰਤ ਪੱਖੀ ਤਕਨੀਕਾਂ ਬਾਰੇ ਜਾਣਕਾਰੀ ਦੇਣਾ ਹੈ। ਇਸ ਦੌਰਾਨ ਉਨ੍ਹਾਂ ਕਿਹਾ ਕਿ ਮਿੱਟੀ, ਪਾਣੀ, ਹਵਾ ਅਤੇ ਜੈਵਿਕ ਵੰਨ ਸੁਵੰਨਤਾ 'ਤੇ ਖੇਤੀ ਨਿਰਭਰ ਹੈ। ਇਸ ਲਈ ਇਸ ਦੀ ਹਿਫਾਜ਼ਤ ਲਈ ਖੇਤੀ ਵਿਗਿਆਨੀਆਂ ਵੱਲੋਂ ਸੁਝਾਈਆਂ ਕੁਦਰਤ ਪੱਖੀ ਤਕਨੀਕਾਂ ਨੂੰ ਅਪਣਾ ਕੇ ਲਾਹਾ ਲੈਣਾ ਚਾਹੀਦਾ ਹੈ। ਇਸ ਮੌਕੇ ਮਾਹਿਰਾਂ ਨੇ ਕਿਹਾ ਕਿ ਕਿਸੇ ਵੀ ਕਿੱਤੇ ਦੀ ਕਾਮਯਾਬੀ ਲਈ ਸਿੱਖਿਅਤ ਹੋਣਾ ਜ਼ਰੂਰੀ ਹੈ। ਇਸ ਲਈ ਖੇਤੀ ਹੋਵੇ ਜਾਂ ਖੇਤੀ ਸਹਾਇਕ ਧੰਦੇ ਜਿਵੇਂ ਬੱਕਰੀ ਪਾਲਣ, ਮੁਰਗੀ ਪਾਲਣ, ਸੂਰ ਪਾਲਣ, ਪਸ਼ੂ ਪਾਲਣ, ਸ਼ਹਿਦ ਮੱਖੀ ਪਾਲਣ ਆਦਿ ਸਬੰਧੀ ਕ੍ਰਿਸ਼ੀ ਵਿਗਿਆਨ ਕੇਂਦਰ ਵਿਖੇ ਸਮੇਂ ਸਮੇਂ 'ਤੇ ਟ੍ਰੇਨਿੰਗ ਕੋਰਸ ਲਗਾਏ ਜਾਂਦੇ ਹਨ। ਇਸ ਮੌਕੇ ਕਿਸਾਨਾਂ ਨੂੰ ਦੱਸਿਆ ਗਿਆ ਕਿ ਪਾਣੀ ਪਰਖ ਦੇ ਆਧਾਰ 'ਤੇ ਖਾਦਾਂ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਜਿਨ੍ਹਾਂ ਖੇਤਾਂ ਵਿੱਚ ਮਿੱਟੀ ਜਾਂ ਪਾਣੀ ਸਬੰਧੀ ਸਮੱਸਿਆ ਹੈ ਉਹ ਖੇਤੀਬਾੜੀ ਵਿਭਾਗ ਤੋਂ ਸਬਸਿਡੀ ਤੇ ਜਿਪਸਮ ਲੈ ਸਕਦੇ ਹਨ। ਜਿਹੜੇ ਕਿਸਾਨ ਝੋਨੇ ਹੇਠੋਂ ਰਕਬਾ ਘਟਾ ਕੇ ਸਾਉਣੀ ਦੀ ਮੱਕੀ ਹੇਠ ਲਿਆਉਣਗੇ ਉਨ੍ਹਾਂ ਨੂੰ ਸਰਕਾਰ ਦੁਆਰਾ 4000 ਰੁਪਏ ਪ੍ਰਤੀ ਏਕੜ ਅਤੇ ਝੋਨੇ ਦੀ ਸਿੱਧੀ ਬਿਜਾਈ ਕਰਨ ਤੇ 1500 ਰੁਪਏ ਪ੍ਰਤੀ ਏਕੜ ਪ੍ਰੋਤਸਾਹਨ ਰਾਸ਼ੀ ਦਿੱਤੀ ਜਾਵੇਗੀ। ਇਸ ਦੌਰਾਨ ਮਾਹਿਰਾਂ ਨੇ ਪਾਣੀ ਦੇ ਡਿੱਗ ਰਹੇ ਪੱਧਰ ਅਤੇ ਵਾਤਾਵਰਨ ਵਿੱਚ ਵੱਧ ਰਹੇ ਤਾਪਮਾਨ ਨੂੰ ਨਿਯੰਤਰਿਤ ਕਰਨ ਲਈ ਅਪੀਲ ਕੀਤੀ। ਇਸ ਮੌਕੇ ਕਰਮ ਸਿੰਘ ਬਾਬਾ, ਸੰਤੋਖ ਸਿੰਘ, ਜਸਵੰਤ ਸਿੰਘ ਨੰਬਰਦਾਰ, ਗੁਰਜੰਟ ਸਿੰਘ, ਚਾਨਣ ਸਿੰਘ, ਹਰਪਾਲ ਸਿੰਘ, ਬਲਬੀਰ ਸਿੰਘ, ਦਰਸ਼ਨ ਸਿੰਘ, ਰਣਜੀਤ ਸਿੰਘ, ਬਲਰਾਜ ਸਿੰਘ ਖੇਤੀ ਨਿਰੀਖਕ ਅਤੇ ਗੁਰਲਾਲ ਸਿੰਘ ਫੀਲਡ ਵਰਕਰ, ਗੁਰਦੇਵ ਸਿੰਘ ਖੇਤੀ ਸਹਾਇਕ ਪ੍ਰਬੰਧਕ ਨੇ ਸਹਿਯੋਗ ਅਤੇ ਜਾਣਕਾਰੀ ਸਾਂਝੀ ਕੀਤੀ।

# ਸਕੋਡਾ ਆਟੋ ਵੱਲੋਂ ਆਪਣੀ ਵਿਕਾਸ ਯੋਜਨਾ ਨੂੰ ਮਜ਼ਬੂਤ ਕਰਨ ਲਈ ਭਾਰਤ 'ਚ ਢਾਂਚਾ ਤਿਆਰ

**ਅੰਮ੍ਰਿਤਸਰ**: ਭਾਰਤ ਵਿੱਚ 130 ਸਾਲਾਂ ਦੇ ਬੇਮਿਸਾਲ ਇਤਿਹਾਸ ਅਤੇ 25 ਦਿਲਚਸਪ ਸਾਲਾਂ ਦਾ ਜਸ਼ਨ ਮਨਾ ਰਹੇ, ਦੁਨੀਆ ਭਰ ਵਿੱਚ ਮੌਜੂਦ ਸਕੋਡਾ ਆਟੋ ਬ੍ਰਾਂਡ ਲਈ ਸਾਲ 2025 ਇੱਕ ਮਹੱਤਵਪੂਰਨ ਮੀਲ ਪੱਥਰ ਹੈ। ਗਾਹਕਾਂ ਦੇ ਨੇੜੇ ਜਾਣ ਦੀ ਰਣਨੀਤੀ ਨੂੰ ਹੋਰ ਮਜ਼ਬੂਤ ਕਰਦੇ ਹੋਏ ਸਕੋਡਾ ਆਟੋ ਇੰਡੀਆ ਨੇ ਭਾਰਤੀ ਬਾਜ਼ਾਰ ਵਿੱਚ ਗਤੀ ਵਧਾਉਣ ਲਈ ਕਈ ਮੁੱਖ ਬ੍ਰਾਂਡ, ਉਤਪਾਦ, ਨੈੱਟਵਰਕ ਅਤੇ ਗਾਹਕ-ਕੇਂਦ੍ਰਿਤ ਪਹਿਲਕਦਮੀਆਂ ਦੀ ਰੂਪਰੇਖਾ ਤਿਆਰ ਕੀਤੀ ਹੈ। ਇਸ ਮੌਕੇ ਬੋਲਦੇ ਹੋਏ ਸਕੋਡਾ ਆਟੋ ਇੰਡੀਆ ਦੇ ਬ੍ਰਾਂਡ ਡਾਇਰੈਕਟਰ ਅਸ਼ੀਸ਼ ਗੁਪਤਾ ਨੇ ਕਿਹਾ ਕਿ ਭਾਰਤ ਯੂਰਪ ਤੋਂ ਬਾਹਰ ਸਕੋਡਾ ਆਟੋ ਲਈ ਸਭ ਤੋਂ ਮਹੱਤਵਪੂਰਨ ਵਿਕਾਸ ਬਾਜ਼ਾਰ ਰਿਹਾ ਹੈ। ਅਸੀਂ ਉਦੇਸ਼ ਦੀ ਤਾਕਤ, ਦ੍ਰਿਸ਼ਟੀ ਦੀ ਸਪਸ਼ਟਤਾ ਅਤੇ ਅਮਲ ਦੀ ਚੁਸਤੀ ਦੇ ਨਾਲ ਇੱਕ ਮਜ਼ਬੂਤ, ਭਵਿੱਖ ਲਈ ਤਿਆਰ ਬ੍ਰਾਂਡ ਬਣਾਉਣ 'ਤੇ ਧਿਆਨ ਕੇਂਦ੍ਰਿਤ ਕੀਤਾ ਹੈ। ਸਾਡੀ ਉਤਪਾਦ ਰਣਨੀਤੀ ਖਪਤਕਾਰਾਂ ਦੀਆਂ ਵਿਕਸਤ ਹੋ ਰਹੀਆਂ ਜ਼ਰੂਰਤਾਂ ਅਤੇ ਇੱਛਾਵਾਂ ਦੇ ਅਨੁਸਾਰ ਹੈ ਅਤੇ ਇਹ ਸਾਡੀ ਪ੍ਰਗਤੀ ਦੀ ਯਾਤਰਾ ਨੂੰ ਤੇਜ਼ ਕਰਦੀ ਹੈ। ਅਸੀਂ ਗਾਹਕਾਂ ਦੇ ਨੇੜੇ ਜਾ ਰਹੇ ਹਾਂ, ਰਣਨੀਤਕ ਤੌਰ ਤੇ ਆਪਣੇ ਨੈੱਟਵਰਕ ਦਾ ਵਿਸਤਾਰ ਕਰ ਰਹੇ ਹਾਂ ਅਤੇ ਗੁਣਵੱਤਾ, ਸੁਰੱਖਿਆ ਅਤੇ ਵੈਲਿਊ ਦੀ ਅਪਣੀ ਵਿਰਾਸਤ ਨੂੰ ਮਜ਼ਬੂਤ ਕਰ ਰਹੇ ਹਾਂ। ਸਾਡੇ ਸਾਰੇ ਵਪਾਰਕ ਕੰਮਾਂ ਲਈ 21ਵੀਂ ਸਦੀ ਦਾ 2025 ਅਜਿਹਾ ਸਾਲ ਹੋਵੇਗਾ ਜਿਸ ਵਿੱਚ ਅਸੀਂ ਬ੍ਰਾਂਡ ਨੂੰ ਮਹੱਤਵਪੂਰਨ ਤੌਰ 'ਤੇ ਮਜ਼ਬੂਤ ਕਰਾਂਗੇ ਅਤੇ ਭਾਰਤ ਵਿੱਚ ਅੱਗੇ ਵਧਾਂਗੇ।



ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਵਿਖੇ ਗੁਰਮੀਤ ਸਿੰਘ ਸਪੁੱਤਰ ਬਲਕਾਰ ਸਿੰਘ ਨਿਵਾਸੀ ਲੁਧਿਆਣਾ ਦੇ ਪਰਿਵਾਰ ਵੱਲੋਂ ਮਹਿੰਦਰਾ ਟ੍ਰੈਕਟਰ 265 49 ਗੁਰਦੁਆਰਾ ਸਾਹਿਬ ਨੂੰ ਭੇਟ ਕੀਤਾ ਗਿਆ।ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੈਨੇਜਰ ਸਰਬਦਿਆਲ ਸਿੰਘ ਅਤੇ ਮੀਤ ਮੈਨੇਜਰ ਗੁਰਜੀਤ ਸਿੰਘ ਵੱਲੋਂ ਦਾਨੀ ਪਰਿਵਾਰ ਨੂੰ ਸਨਮਾਨਿਤ ਕੀਤਾ ਗਿਆ।ਇਸ ਮੌਕੇ ਸੁਪਰਵਾਈਜ਼ਰ ਪ੍ਰਿਥੀਪਾਲ ਸਿੰਘ, ਨਿਰਮਲ ਸਿੰਘ, ਬੇਅੰਤ ਸਿੰਘ, ਜਸਪਾਲ ਸਿੰਘ ਨੌਸ਼ਹਿਰਾ ਢਾਲਾ, ਗੁਰਜੀਤ ਸਿੰਘ ਪੰਜਵੜ ਸਮੇਤ ਸਮੂਹ ਸਟਾਫ ਵੀ ਹਾਜ਼ਰ ਸੀ। (**ਫੋਟੋ ਤੇ ਵੇਰਵਾ: ਹਰਜਿੰਦਰ ਸਿੰਘ ਸੋਨੀ**)

14 Jun Page-12.qxd 6/13/2025 10:18 PM Page 1



# ਨਾਰਮਲ ਸਲਾਈਨ ਸਪਲਾਈ ਕਰਨ ਦੇ ਦੋਸ਼ ਹੇਠ ਕੈਪਟੈਬ ਬਾਇਓਟੈਕ ਕੰਪਨੀ 'ਤੇ 3 ਸਾਲਾਂ ਲਈ ਲਗਾਈ ਰੋਕ

**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**- ਪੰਜਾਬ ਦੇ ਸਿਹਤ ਅਤੇ ਪਰਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਫਾਰਮਾ ਕੰਪਨੀ ਮੈਸਰਜ਼ ਕੈਪਟੈਬ ਬਾਇਓਟੈਕ, ਸੋਲਨ ਵੱਲੋਂ ਘਟੀਆ ਦਰਜੇ ਦੀ ਆਈਵੀ ਫਲਿਊਡ ਜਾਂ ਨਾਰਮਲ ਸਲਾਈਨ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ (ਪੀ ਐਚ ਐਸ ਸੀ) ਨੂੰ ਸਪਲਾਈ ਕਰਨ ਦੇ ਦੋਸ਼ ਹੇਠ ਉਕਤ ਕੰਪਨੀ ਵਿਰੁੱਧ ਸਖ਼ਤ ਕਾਰਵਾਈ ਦਾ ਐਲਾਨ ਕੀਤਾ ਹੈ। ਇੱਥੇ ਪੰਜਾਬ ਭਵਨ ਵਿਖੇ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸਿਹਤ ਮੰਤਰੀ ਨੇ ਦੱਸਿਆ ਕਿ ਕੰਪਨੀ 'ਤੇ ਪੰਜਾਬ ਸਰਕਾਰ ਦੇ ਕਿਸੇ ਵੀ ਟੈਂਡਰ ਵਿੱਚ ਹਿੱਸਾ ਲੈਣ ਤੋਂ ਤਿੰਨ ਸਾਲਾਂ ਲਈ ਰੋਕ ਲਗਾ ਦਿੱਤੀ ਗਈ ਹੈ। ਇਸ ਤੋਂ ਇਲਾਵਾ ਪੀ ਐਚ ਐਸ ਸੀ ਨੂੰ ਸਪਲਾਈ ਕੀਤੀਆਂ ਜਾ ਰਹੀਆਂ 11 ਵਸਤੂਆਂ ਦੀ ਕੀਮਤ ਸਬੰਧੀ ਸਾਰੇ ਕੰਟਰੈਕਟ ਵੀ ਤੁਰੰਤ ਪ੍ਰਭਾਵ ਨਾਲ ਰੱਦ ਕਰ ਦਿੱਤੇ ਗਏ ਹਨ।ਡਾ. ਬਲਬੀਰ ਸਿੰਘ ਨੇ ਕਿਹਾ, ਕੰਪਨੀ ਦੀ 3,30,000 ਰੁਪਏ ਦੀ ਕਾਰਗੁਜ਼ਾਰੀ ਸਕਿਊਰਿਟੀ ਰਕਮ ਜ਼ਬਤ ਕਰ ਲਈ ਹੈ ਅਤੇ ਬਕਾਇਆ ਭੁਗਤਾਨ ਰੋਕ ਦਿੱਤੇ ਗਏ ਹਨ। ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਡਰੱਗ ਐਂਡ ਕਾਸਮੈਟਿਕਸ ਐਕਟ ਦੀਆਂ ਧਾਰਾਵਾਂ ਤਹਿਤ ਕਾਰਵਾਈ ਕਰਨ ਲਈ ਸੈਂਟਰਲ ਡਰੱਗਜ਼ ਸਟੈਂਡਰਡ ਕੰਟਰੋਲ ਆਰਗੇਨਾਈਜ਼ੇਸ਼ਨ (ਸੀ ਡੀ ਐਸ ਸੀ ਓ) ਕੋਲ ਇਹ ਮਾਮਲਾ ਉਠਾਉਣ ਉਪਰੰਤ, ਅਥਾਰਟੀ ਵੱਲੋਂ ਤੁਰੰਤ ਕਾਰਵਾਈ ਕਰਦਿਆਂ ਕੰਪਨੀ ਦੇ ਸਾਰੇ ਨਿਰਮਾਣ/ਉਤਪਾਦਨ ਨੂੰ ਤੁਰੰਤ ਪ੍ਰਭਾਵ ਨਾਲ ਬੰਦ ਕਰ ਦਿੱਤਾ ਗਿਆ ਹੈ।ਇਹ ਕਾਰਵਾਈ ਅੰਮ੍ਰਿਤਸਰ ਅਤੇ ਸੰਗਰੂਰ ਦੇ ਸਰਕਾਰੀ ਹਸਪਤਾਲਾਂ ਵਿੱਚ ਕੁਝ ਮਰੀਜ਼ਾਂ ਨੂੰ ਮੈਸਰਜ਼ ਕੈਪਟੈਬ ਬਾਇਓਟੈਕ ਵੱਲੋਂ ਤਿਆਰ ਕੀਤੀ



ਨਾਰਮਲ ਸਲਾਈਨ ਦੀ ਵਰਤੋਂ ਕਾਰਨ ਹੋਏ ਐਡਵਰਸ ਡਰੱਗ ਰਿਐਕਸ਼ਨ (ਏ ਡੀ ਆਰ) ਤੋਂ ਬਾਅਦ ਅਮਲ ਵਿੱਚ ਲਿਆਂਦੀ ਗਈ ਹੈ। ਤੁਰੰਤ ਕਾਰਵਾਈ ਕਰਦਿਆਂ, ਡੀ ਐਚ ਐਸ ਪੰਜਾਬ ਨੇ ਸੂਬੇ ਦੇ ਲੋਕਾਂ ਦੀ ਸਿਹਤ ਨੂੰ ਮੁੱਖ ਰੱਖਦਿਆਂ ਉਕਤ ਨਾਰਮਲ ਸਲਾਈਨ ਦੇ ਪੂਰੇ ਸਟਾਕ ਨੂੰ ਫ੍ਰੀਜ਼ ਕਰ ਦਿੱਤਾ ਸੀ ਅਤੇ ਪੀ ਐਚ ਐਸ ਸੀ ਨੇ ਕੰਪਨੀ ਵੱਲੋਂ ਸਪਲਾਈ ਕੀਤੇ ਗਏ ਸਾਰੇ ਸਟਾਕ ਨੂੰ ਵਾਪਸ ਮੰਗਵਾ ਲਿਆ ਸੀ।ਉਹਨਾਂ ਅੱਗੇ ਦੱਸਿਆ ਕਿ ਵਿਭਾਗ ਵੱਲੋਂ ਤਿੰਨ ਲੈਬਾਂ, ਜਿਨ੍ਹਾਂ ਨੇ ਪਹਿਲਾਂ ਇਸ ਕੰਪਨੀ ਦੇ ਨਮੂਨਿਆਂ ਨੂੰ ਪਾਸ ਕੀਤਾ ਸੀ ਅਤੇ ਬਾਅਦ ਵਿੱਚ ਜਿਹਨਾਂ ਨੂੰ 'ਗੈਰ-ਮਿਆਰੀ' ਘੋਸ਼ਿਤ ਕਰ ਦਿੱਤਾ ਗਿਆ ਹੈ, ਦੀ ਭੂਮਿਕਾ ਦੀ ਜਾਂਚ ਕੀਤੀ ਜਾ ਰਹੀ ਹੈ। ਡਾ. ਬਲਬੀਰ ਸਿੰਘ ਨੇ ਇੱਕ ਪਬਲਿਕ ਐਡਵਾਈਜ਼ਰੀ ਵੀ ਜਾਰੀ ਕੀਤੀ ਹੈ ਜਿਸ ਵਿੱਚ ਸਾਰੇ ਨਾਗਰਿਕਾਂ ਨੂੰ ਅਤਿ ਦੀ ਗਰਮੀ ਤੋਂ ਆਪਣੇ-ਆਪ ਨੂੰ ਬਚਾਉਣ ਲਈ ਜ਼ਰੂਰੀ ਸਾਵਧਾਨੀਆਂ ਵਰਤਣ ਦੀ ਅਪੀਲ ਕੀਤੀ ਗਈ ਹੈ। ਸਿਹਤ ਮੰਤਰੀ ਨੇ ਸੂਬਾ ਵਾਸੀਆਂ ਨੂੰ ਦੁਪਹਿਰ 12 ਵਜੇ ਤੋਂ 3 ਵਜੇ ਤੱਕ ਬਾਹਰੀ ਗਤੀਵਿਧੀਆਂ ਤੋਂ ਬਚਣ, ਹਲਕੇ, ਢਿੱਲੇ ਸੂਤੀ ਕੱਪੜੇ ਪਹਿਨਣ ਅਤੇ ਬਾਹਰ ਨਿਕਲਦੇ ਸਮੇਂ ਟੋਪੀਆਂ, ਪੱਗਾਂ ਜਾਂ ਦੁਪੱਟੇ ਨਾਲ ਆਪਣੇ ਸਿਰ ਢਕਣ ਦੀ ਸਲਾਹ ਦਿੱਤੀ। ਉਹਨਾਂ ਕਿਹਾ ਕਿ ਜੇਕਰ ਕਿਸੇ ਨੂੰ ਗਰਮੀ ਨਾਲ ਸਬੰਧਤ ਲੱਛਣ ਜਿਵੇਂ ਕਿ ਸਰੀਰ ਦਾ ਤਾਪਮਾਨ ਵਧਣਾ, ਪਸੀਨਾ ਨਾ ਆਉਣਾ, ਸੁੱਕੀ ਲਾਲ ਚਮੜੀ, ਚੱਕਰ ਆਉਣੇ, ਉਲਟੀਆਂ, ਉਲਝਣ ਜਾਂ ਬੇਹੋਸ਼ੀ ਦੇ ਲੱਛਣ ਮਹਿਸੂਸ ਹੁੰਦੇ ਹਨ, ਤਾਂ ਉਨ੍ਹਾਂ ਨੂੰ 104 ਹੈਲਪਲਾਈਨ 'ਤੇ ਕਾਲ ਕਰਕੇ ਤੁਰੰਤ ਡਾਕਟਰੀ ਸਹਾਇਤਾ ਲੈਣੀ ਚਾਹੀਦੀ ਹੈ।ਪਿਛਲੇ ਕੁਝ ਹਫ਼ਤਿਆਂ ਵਿੱਚ ਕੋਵਿਡ-19 ਦੇ ਮਾਮਲਿਆਂ ਵਿੱਚ ਮਾਮੂਲੀ ਵਾਧੇ ਬਾਰੇ ਗੱਲ ਕਰਦਿਆਂ ਡਾ. ਬਲਬੀਰ ਸਿੰਘ ਨੇ ਜਨਤਾ ਨੂੰ ਅਪੀਲ ਕਰਦਿਆਂ ਉਹਨਾਂ ਨੂੰ ਨਾ ਘਬਰਾਉਣ ਅਤੇ ਵਾਇਰਸ ਦੇ ਫੈਲਾਅ ਨੂੰ ਰੋਕਣ ਲਈ ਕੋਵਿਡ ਸਬੰਧੀ ਉਚਿਤ ਵਿਵਹਾਰ ਦੀ ਪਾਲਣਾ ਕਰਨ ਦੀ ਸਲਾਹ ਦਿੱਤੀ।

# ਡਿਪਟੀ ਕਮਿਸ਼ਨਰ ਨੇ ਨਵੀਂ ਮਾਈਨਿੰਗ ਨੀਤੀ ਸੰਬੰਧੀ ਕਰੱਸ਼ਰ ਤੇ ਜ਼ਮੀਨ ਮਾਲਕਾਂ ਨੂੰ ਕੀਤਾ ਜਾਗਰੂਕ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੰਜਾਬ ਸਰਕਾਰ ਦੇ ਖਾਣਾਂ ਅਤੇ ਭੂ-ਵਿਗਿਆਨ ਵਿਭਾਗ ਵੱਲੋਂ ਜਾਰੀ ਕੀਤੀ ਗਈ ਪੰਜਾਬ ਰਾਜ ਮਾਈਨਰ ਮਿਨਰਲ (ਸੋਧ) ਪਾਲਿਸੀ-2025 ਤਹਿਤ ਜ਼ਿਲ੍ਹਾ ਪੱਧਰ ਤੇ ਸਬੰਧਤ ਧਿਰਾਂ ਨੂੰ ਜਾਗਰੂਕ ਕਰਨ ਦੇ ਉਦੇਸ਼ ਨਾਲ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਪ੍ਰਧਾਨਗੀ ਇਕ ਅਹਿਮ ਮੀਟਿੰਗ ਹੋਈ। ਮੀਟਿੰਗ ਵਿੱਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ, ਕਰੱਸ਼ਰ ਮਾਲਕਾਂ ਅਤੇ ਮਾਈਨਿੰਗ ਦੇ ਕੰਮ ਵਿਚ ਸ਼ਾਮਲ ਜ਼ਮੀਨ ਮਾਲਕਾਂ ਨੇ ਹਿੱਸਾ ਲਿਆ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਇਸ ਮੌਕੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਵਿਚ ਗੈਰ-ਕਾਨੂੰਨੀ ਮਾਈਨਿੰਗ ਨੂੰ ਰੋਕਣ ਅਤੇ ਰੇਤ ਅਤੇ ਬੱਜਰੀ ਦੀਆਂ ਕੀਮਤਾਂ ਨੂੰ ਹੋਰ ਘਟਾਉਣ ਲਈ ਇਸ ਨੀਤੀ ਵਿਚ ਸੋਧ ਕੀਤੀ ਗਈ ਹੈ।ਡਿਪਟੀ ਕਮਿਸ਼ਨਰ ਨੇ ਨਵੀਂ ਨੀਤੀ ਤਹਿਤ ਸ਼ੁਰੂ ਕੀਤੀਆਂ ਗਈਆਂ ਦੋਵੇਂ ਨਵੀਆਂ ਸ਼੍ਰੇਣੀਆਂ ਕਰੱਸ਼ਰ ਮਾਈਨਿੰਗ ਸਾਈਟਾਂ (ਸੀ.ਆਰ.ਐਮ.ਐਸ) ਅਤੇ ਲੈਂਡਓਨਰ ਮਾਈਨਿੰਗ ਸਾਈਟਸ (ਐਲ.ਐਮ.ਐਸ) ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਸੀ.ਆਰ.ਐਮ.ਐਸ ਅਤੇ ਐਲ.ਐਮ.ਐਸ ਉਨ੍ਹਾਂ ਖੇਤਰਾਂ ਵਿਚ ਲਾਗੂ ਹੋਣਗੇ, ਜਿਥੇ ਬੱਜਰੀ ਦੀ ਢੁਕਵੀਂ ਉਪਲਬੱਧਤਾ ਹੈ। ਦੋਵਾਂ ਸ਼੍ਰੇਣੀਆਂ ਲਈ ਲਾਇਸੰਸ ਪੰਜ ਸਾਲਾਂ ਲਈ ਦਿੱਤਾ



ਜਾਵੇਗਾ। ਹਾਲਾਂਕਿ, ਜਿਥੇ ਮੌਜੂਦਾ ਵਪਾਰਕ ਮਾਈਨਿੰਗ ਸਾਈਟਾਂ (ਸੀ.ਐਮ.ਐਸ) ਜਾਂ ਜਨਤਕ ਮਾਈਨਿੰਗ ਸਾਈਟਾਂ (ਪੀ.ਐਮ.ਐਸ) ਸਰਗਰਮ ਹਨ, ਉਥੇ ਸੀ.ਆਰ.ਐਮ.ਐਸ ਜਾਂ ਐਲ.ਐਮ.ਐਸ ਦੀ ਇਜਾਜ਼ਤ ਮੌਜੂਦਾ ਇਕਰਾਰਨਾਮਿਆਂ ਦੀ ਮਿਆਦ ਪੁੱਗਣ ਜਾਂ ਤਿੰਨ ਸਾਲਾਂ ਤੱਕ ਨਾ ਚਲਾਇਆ ਗਿਆ ਹੋਵੇ।ਆਸ਼ਿਕਾ ਜੈਨ ਨੇ ਕਿਹਾ ਕਿ ਅਰਜ਼ੀ ਪ੍ਰਕਿਰਿਆ ਨੂੰ ਸਰਲ ਅਤੇ ਪਾਰਦਰਸ਼ੀ ਬਣਾਉਣ ਲਈ ਵਿਭਾਗ ਵੱਲੋਂ ਐਸ.ਓ.ਪੀ ਵੀ ਜਾਰੀ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਆਨਲਾਈਨ ਅਪਲਾਈ ਕਰਦੇ ਸਮੇਂ ਆਧਾਰ ਕਾਰਡ, ਪੈਨ ਕਾਰਡ, ਜੀ.ਐਸ.ਟੀ ਨੰਬਰ (ਜੇ ਲਾਗੂ ਹੋਵੇ), ਜਮ੍ਹਾਂਬੰਦੀ ਦੀ ਪ੍ਰਮਾਣਿਤ ਕਾਪੀ, ਗਿਰਦਾਵਰੀ (ਜੇ ਲਾਗੂ ਹੋਵੇ), ਪ੍ਰਸਤਾਵਿਤ ਸਥਾਨ ਦੀ ਕੇ.ਐਮ ਐਲ ਫਾਈਲ, ਫਾਰਮ-1: ਜ਼ਮੀਨ ਮਾਲਕ ਦੀ ਸਹਿਮਤੀ/ਇਕਰਾਰਨਾਮਾ, ਫਾਰਮ-2: ਸੰਯੁਕਤ ਮਾਲਕੀ ਮਾਮਲਿਆਂ ਲਈ ਸਹਿਮਤੀ ਹਲਫ਼ਨਾਮਾ ਅਤੇ ਫਾਰਮ-3: ਡੀ.ਐਸ.ਆਰ ਸਹਿਮਤੀ ਹਲਫ਼ਨਾਮਾ ਨੱਥੀ ਕਰਨਾ ਜ਼ਰੂਰੀ ਹੈ।ਡਿਪਟੀ ਕਮਿਸ਼ਨਰ ਨੇ ਸਪੱਸ਼ਟ ਕੀਤਾ ਕਿ ਇਹ ਨਵੀਂ ਨੀਤੀ ਸੂਬੇ ਵਿੱਚ ਪਾਰਦਰਸ਼ਤਾ ਨੂੰ ਯਕੀਨੀ ਬਣਾਉਣ, ਗੈਰ-ਕਾਨੂੰਨੀ ਮਾਈਨਿੰਗ ਨੂੰ ਕੰਟਰੋਲ ਕਰਨ ਅਤੇ ਸਥਾਨਕ ਲੋਕਾਂ ਨੂੰ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਸਾਰੀਆਂ ਸਬੰਧਤ ਧਿਰਾਂ ਨੂੰ ਇਸ ਨੀਤੀ ਦੇ ਵੇਰਵਿਆਂ ਤੋਂ ਜਾਣੂ ਕਰਵਾਉਣ ਤਾਂ ਜੋ ਭਵਿੱਖ ਵਿੱਚ ਅਰਜ਼ੀ ਪ੍ਰਕਿਰਿਆ ਵਿੱਚ ਕੋਈ ਉਲਝਣ ਨਾ ਹੋਵੇ।

# 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ 103 ਦਿਨ, 577 ਤਸਕਰ ਨਸ਼ੀਲੇ ਪਦਾਰਥਾਂ ਸਮੇਤ ਕਾਬੂ

**ਜਲੰਧਰ (ਇਕਬਾਲ ਸਿੰਘ ਉੱਭੀ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖਿਲਾਫ਼ ਵਿੱਢੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ 103 ਦਿਨ ਪੂਰੇ ਹੋ ਗਏ ਹਨ। ਇਸ ਵਿਲੱਖਣ ਪਹਿਲਕਦਮੀ ਤਹਿਤ ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਦੀ ਅਗਵਾਈ ਹੇਠ ਜਲੰਧਰ ਕਮਿਸ਼ਨਰੇਟ ਪੁਲਸ ਵੱਲੋਂ 410 ਮਾਮਲਿਆਂ ਵਿੱਚ 577 ਨਸ਼ਾ ਤਸਕਰ ਗ੍ਰਿਫ਼ਤਾਰ ਕੀਤੇ ਗਏ ਹਨ ਅਤੇ ਵੱਡੀ ਮਾਤਰਾ ਵਿੱਚ ਨਸ਼ੀਲੇ ਪਦਾਰਥਾਂ ਦੀ ਖੇਪ ਬਰਾਮਦ ਕੀਤੀ ਗਈ ਹੈ। ਇਨ੍ਹਾਂ ਬਰਾਮਦਗੀਆਂ ਵਿੱਚ 50.150 ਕਿਲੋਗ੍ਰਾਮ ਭੁੱਕੀ, 24.935 ਕਿਲੋਗ੍ਰਾਮ ਹੈਰੋਇਨ, 1.161 ਕਿਲੋਗ੍ਰਾਮ ਚਰਸ, 3.720 ਕਿਲੋਗ੍ਰਾਮ ਗਾਂਜਾ, 9,668 ਕੈਪਸੂਲ/ਗੋਲੀਆਂ, 3,30,700 ਰੁਪਏ ਡਰੱਗ ਮਨੀ, ਛੇ ਪਿਸਤੌਲ ਅਤੇ 14 ਕਾਰਤੂਸ ਸ਼ਾਮਲ ਹਨ। ਪੁਲਸ ਕਮਿਸ਼ਨਰ ਨੇ ਦੱਸਿਆ ਕਿ ਸ਼ਹਿਰ ਭਰ ਵਿੱਚ ਨਸ਼ਾ ਤਸਕਰਾਂ ਵਿਰੁੱਧ ਲਗਾਤਾਰ ਕੀਤੀ ਜਾ ਰਹੀ ਕਾਰਵਾਈ ਦੇ ਸਾਰਥਕ ਨਤੀਜੇ ਸਾਹਮਣੇ ਆਏ ਹਨ, ਜਿਸ ਤਹਿਤ ਵੱਡੇ ਪੱਧਰ 'ਤੇ ਬਰਾਮਦਗੀਆਂ ਅਤੇ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ ਹਨ।ਉਨ੍ਹਾਂ ਜਲੰਧਰ ਪੁਲਸ ਕਮਿਸ਼ਨਰੇਟ ਦੀ ਸ਼ਹਿਰ ਵਿੱਚੋਂ ਨਸ਼ਿਆਂ ਨੂੰ ਪੂਰੀ ਤਰ੍ਹਾਂ ਖਤਮ ਕਰਨ ਦੀ ਦ੍ਰਿੜ੍ਹ ਵਚਨਬੱਧਤਾ ਵੀ ਦੁਹਰਾਈ। ਪੁਲਸ ਕਮਿਸ਼ਨਰ ਨੇ ਦੱਸਿਆ ਕਿ ਨਸ਼ਾ ਤਸਕਰਾਂ ਦੇ ਵਿੱਤੀ ਨੈੱਟਵਰਕ ਨੂੰ ਖ਼ਤਮ ਕਰਨ ਲਈ ਪੁਲਸ ਅਧਿਕਾਰੀਆਂ ਵੱਲੋਂ ਨਸ਼ਾ ਤਸਕਰਾਂ ਵੱਲੋਂ ਖਾਸ ਕਰ ਡਰੱਗ ਮਨੀ ਨਾਲ ਉਸਾਰੇ ਗੈਰ-ਕਾਨੂੰਨੀ ਢਾਂਚੇ/ਕਬਜ਼ਿਆਂ ਨੂੰ ਢਾਹੁਣ ਵਿੱਚ ਸਿਵਲ ਪ੍ਰਸ਼ਾਸਨ ਦੀ ਮਦਦ ਕੀਤੀ ਗਈ ਹੈ। ਸਿਵਲ ਪ੍ਰਸ਼ਾਸਨ ਵੱਲੋਂ ਪੁਲਸ ਦੀ ਸਹਾਇਤਾ ਨਾਲ ਦਸ ਤੋਂ ਵੱਧ ਅਜਿਹੇ ਢਾਂਚੇ ਢਾਹੇ ਗਏ ਹਨ। ਇਸੇ ਤਰ੍ਹਾਂ ਜਲੰਧਰ ਕਮਿਸ਼ਨਰੇਟ ਪੁਲਸ ਵੱਲੋਂ ਲਗਭਗ 11 ਭਗੌੜੇ ਅਪਰਾਧੀਆਂ ਨੂੰ ਕਾਬੂ ਕੀਤਾ ਗਿਆ ਹੈ। ਪੁਲਿਸ ਕਮਿਸ਼ਨਰ ਨੇ ਦੱਸਿਆ ਕਿ 1 ਮਾਰਚ, 2025 ਅਤੇ 11 ਜੂਨ, 2025 ਦਰਮਿਆਨ 'ਯੁੱਧ ਨਸ਼ਿਆਂ ਵਿਰੁੱਧ' ਤਹਿਤ 258 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬੇ ਸਬੰਧੀ ਇਲਾਜ ਲਈ ਰਾਜ਼ੀ ਕੀਤਾ ਗਿਆ ਹੈ।

# ਸੰਤੋਸ਼ ਕੁਮਾਰ ਗੋਗੀ ਨੇ ਨਵੀਂ ਮੋਟਰ ਲਗਵਾ ਕੇ ਵਸਨੀਕਾਂ ਨੂੰ ਦਿੱਤੀ ਰਾਹਤ

**ਫਗਵਾੜਾ (ਡਾ. ਰਮਨ)**- ਆਦਮੀ ਪਾਰਟੀ ਜ਼ਿਲ੍ਹਾ ਕਪੂਰਥਲਾ ਦੇ ਸਕੱਤਰ ਸੰਤੋਸ਼ ਕੁਮਾਰ ਗੋਗੀ ਦੇ ਉਪਰਾਲੇ ਸਦਕਾ



ਕਾਰਪੋਰੇਸ਼ਨ ਫਗਵਾੜਾ ਵਲੋਂ ਸ਼ਹਿਰ ਦੇ ਵਾਰਡ ਨੰਬਰ 46 ਹਦੀਆਬਾਦ ਸਥਿਤ ਮੁਹੱਲਾ ਸੰਧੀਰਾਂ ਗੁਰਦੁਆਰਾ ਬਾਉਲੀ ਸਾਹਿਬ ਵਿਖੇ ਪੀਣ ਵਾਲੇ ਪਾਣੀ ਦੇ ਟਿਊਬਵੈਲ ਦੀ ਨਵੀਂ ਮੋਟਰ ਲਗਵਾ ਦਿੱਤੀ ਗਈ ਹੈ। ਜ਼ਿਲ੍ਹਾ ਸਕੱਤਰ ਗੋਗੀ ਨੇ ਦੱਸਿਆ ਕਿ ਇਹ ਮੋਟਰ ਕਰੀਬ 19 ਸਾਲ ਤੋਂ ਲੱਗੀ ਹੋਈ ਹੈ ਅਤੇ ਵਾਰ-ਵਾਰ ਖਰਾਬ ਹੋਣ ਕਰਕੇ ਖੇਤਰ ਦੇ ਵਸਨੀਕਾਂ ਨੂੰ ਪਾਣੀ ਦੀ ਭਾਰੀ ਦਿੱਕਤ ਹੋ ਰਹੀ ਸੀ। ਅੱਗ ਵਰ੍ਹਦੀ ਗਰਮੀ 'ਚ ਹੁਣ ਵੀ ਲੋਕ ਕਾਫੀ ਖੱਜਲ-ਖੁਆਰ ਹੋ ਕੇ ਉਹਨਾਂ ਕੋਲ ਆਏ। ਜਿਸ 'ਤੇ ਉਹਨਾਂ ਨੇ ਕਾਰਪੋਰੇਸ਼ਨ ਫਗਵਾੜਾ ਦੇ ਅਧਿਕਾਰੀਆਂ ਨਾਲ ਰਾਬਤਾ ਕਰਕੇ ਨਵੀਂ ਮੋਟਰ ਲਗਵਾਈ ਹੈ। ਉਹਨਾਂ ਦੱਸਿਆ ਕਿ ਨਵੀਂ ਮੋਟਰ ਤੇ ਨਵੀਂ ਵਾਇਰਿੰਗ ਦਾ ਇਹ ਕੰਮ ਜੋ ਪਿਛਲੇ 19 ਸਾਲ ਵਿਚ ਨਹੀਂ ਹੋਇਆ, ਉਹਨਾਂ ਨੇ ਸਿਰਫ 19 ਦਿਨਾਂ 'ਚ ਕਰਵਾਇਆ ਹੈ। ਸਮੂਹ ਇਲਾਕਾ ਨਿਵਾਸੀਆਂ ਨੇ ਇਸ ਉਪਰਾਲੇ ਲਈ ਜਿੱਥੇ ਸੰਤੋਸ਼ ਕੁਮਾਰ ਗੋਗੀ ਦਾ ਤਹਿ ਦਿਲੋਂ ਧੰਨਵਾਦ ਕੀਤਾ, ਉੱਥੇ ਹੀ ਗੋਗੀ ਨੇ ਨਿਗਮ ਕਮਿਸ਼ਨਰ ਡਾ. ਅਕਸ਼ਿਤਾ ਗੁਪਤਾ, ਮੇਅਰ ਰਾਮਪਾਲ ਉੱਪਲ ਤੋਂ ਇਲਾਵਾ ਪ੍ਰਦੀਪ ਚੱਟਾਨੀ ਐਸ.ਡੀ.ਓ. ਸੀਵਰੇਜ ਅਤੇ ਵਾਟਰ ਸਪਲਾਈ ਵਿਭਾਗ ਦਾ ਸਹਿਯੋਗ ਲਈ ਧੰਨਵਾਦ ਕੀਤਾ ਹੈ।

# ਪੈਨਸ਼ਨਰਾਂ ਦੀਆਂ ਮੰਗਾਂ ਨਾ ਮੰਨਣ 'ਤੇ ਸਰਕਾਰ ਦੀ ਕੀਤੀ ਸਖਤ ਸ਼ਬਦਾਂ 'ਚ ਨਿਖੇਧੀ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੰਜਾਬ ਪੈਨਸ਼ਨਰਜ਼ ਯੂਨੀਅਨ ਹੁਸ਼ਿਆਰਪੁਰ ਦੀ ਮਹੀਨਾ ਵਾਰ ਮੀਟਿੰਗ ਓਂਕਾਰ ਸਿੰਘ ਪ੍ਰਧਾਨ ਦੀ ਅਗਵਾਈ ਹੇਠ ਪਾਰਟੀ ਦਫਤਰ ਹੁਸ਼ਿਆਰਪੁਰ ਵਿਖੇ ਹੋਈ। ਮੀਟਿੰਗ ਦੀ ਆਰੰਭਤਾ ਸਮੇਂ ਓਂਕਾਰ ਸਿੰਘ ਦੇ ਭਣੋਈਏ ਦੀ ਸੜਕ ਹਾਦਸੇ ਵਿੱਚ ਹੋਈ ਮੌਤ 'ਤੇ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਵਿਛੜੀ ਆਤਮਾ ਦੀ ਸੁੱਖ ਸ਼ਾਂਤੀ ਲਈ ਅਰਦਾਸ ਕੀਤੀ ਗਈ। ਉਪਰੰਤ ਯੂਨੀਅਨ ਦੇ ਮੁੱਖ ਬੁਲਾਰਿਆਂ ਜਗਜੀਤ ਸਿੰਘ ਜੱਗੀ, ਅਮਰੀਕ ਸਿੰਘ ਸੈਣੀ, ਬਿਕਰ ਸਿੰਘ ਅਤੇ ਓਂਕਾਰ ਸਿੰਘ ਪ੍ਰਧਾਨ ਨੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਭਖਦੀਆਂ ਮੰਗਾਂ ਨੂੰ ਅਣਗੌਲਿਆ ਕਰਨ 'ਤੇ ਸਰਕਾਰ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ ਅਤੇ ਕਿਹਾ ਕਿ ਜ਼ਿਮਨੀ ਚੋਣ ਲੁਧਿਆਣਾ ਵਿਖੇ ਹੋਣ ਕਾਰਨ ਸਰਕਾਰ ਹੁਣ ਕੁਝ ਮੁਲਾਜ਼ਮ ਜਥੇਬੰਦੀਆਂ ਨਾਲ ਗੱਲਬਾਤ ਕਰਨ ਦਾ ਪੱਤਰ ਜਾਰੀ ਕਰਕੇ ਡੰਗ ਟਪਾਊ ਨੀਤੀ ਅਪਣਾਉਣ ਦਾ ਦੋਸ਼ ਲਾਇਆ। ਯੂਨੀਅਨ ਆਗੂਆਂ ਨੇ ਸਰਕਾਰ ਪਾਸੋਂ ਮੰਗ ਕੀਤੀ ਕਿ ਪੈਨਸ਼ਨਰਾਂ ਨੂੰ 42 ਕਿਸ਼ਤਾਂ ਵਿੱਚ ਪੇ ਕਮਿਸ਼ਨ ਦਾ ਏਰੀਏ ਦੇਣ ਦੀ ਥਾਂ ਇੱਕ ਕਿਸ਼ਤ ਵਿੱਚ ਏਰੀਅਰ ਦਿੱਤਾ ਜਾਵੇ, ਡੀ.ਏ. ਦੀਆਂ ਰਹਿੰਦੀਆਂ ਕਿਸਤਾਂ ਦਿੱਤੀਆਂ ਜਾਣ, ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ, ਸੱਤਵਾਂ ਪੇ-ਕਮਿਸ਼ਨ ਦਾ ਗਠਨ ਕੀਤਾ ਜਾਵੇ, ਮੈਡੀਕਲ ਬਿਲਾਂ ਦੀ ਤੁਰੰਤ ਅਦਾਇਗੀ ਕੀਤੇ ਜਾਣ ਦੀ ਮੰਗ ਕੀਤੀ। ਮੀਟਿੰਗ ਵਿੱਚ ਉਪਰੋਕਤ ਤੋਂ ਇਲਾਵਾ ਕੁਲਦੀਪ ਸਿੰਘ ਸੈਣੀ, ਦਵਿੰਦਰ ਸਿੰਘ, ਸਤਨਾਮ ਸਿੰਘ, ਗੁਰਦੇਵ ਸਿੰਘ, ਕਿਸ਼ਨ ਦਾਸ, ਗੁਰਮੀਤ ਸਿੰਘ, ਸੁਰਜੀਤ ਸਿੰਘ, ਭਗਵਾਨ ਦਾਸ, ਓਂਕਾਰ ਸਿੰਘ, ਸੰਤੋਖ ਸਿੰਘ, ਬਲਵੀਰ ਸਿੰਘ ਸੁਰਜੀਤ ਸਿੰਘ ਅਤੇ ਅਮਰੀਕ ਸਿੰਘ ਆਦਿ ਹਾਜ਼ਰ ਸਨ।

# ਹਵਾਈ ਹਾਦਸੇ ਦੇ ਮ੍ਰਿਤਕਾਂ ਦੇ ਪਰਵਾਰਾਂ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ

**ਅਲਾਵਲਪੁਰ (ਪਰਮਜੀਤ ਸਿੰਘ)**- ਏਅਰ ਇੰਡੀਆ ਦੇ ਅਹਿਮਦਾਬਾਦ ਵਿਚ ਹੋਏ ਹਵਾਈ ਹਾਦਸੇ ਜਿਸ ਵਿਚ ਪੰਜਾਬ ਭਾਰਤੀ ਜਨਤਾ ਪਾਰਟੀ ਦੇ ਪ੍ਰਭਾਰੀ ਵਿਜੈ ਰੂਪਾਨੀ ਸਾਬਕਾ ਮੁੱਖ ਮੰਤਰੀ ਗੁਜਰਾਤ ਸਮੇਤ 242 ਯਾਤਰੀ ਸਵਾਰ ਸਨ। ਏਅਰ ਇੰਡੀਆ ਦਾ ਇਹ ਜਹਾਜ਼ ਲੰਡਨ ਜਾ ਰਿਹਾ ਸੀ। ਇਸ ਵਿੱਚ ਜਹਾਜ਼ ਵਿੱਚ 169 ਭਾਰਤੀ, 53 ਬ੍ਰਿਟਿਸ਼, 7



ਪੁਰਤਗਾਲੀ, ਇਕ ਕੈਨੇਡਾ ਵਾਸੀ ਅਤੇ ਬਾਕੀ ਸਮੇਤ ਅਮਲਾ ਸਵਾਰ ਸਨ। ਇਸ ਹਾਦਸੇ ਦੇ ਮ੍ਰਿਤਕ ਪਰਵਾਰਾਂ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕਰਦੇ ਹੋਏ ਜਗਦੀਸ਼ ਕੁਮਾਰ ਜੱਸਲ ਕਨਵੀਨਰ ਭਾਰਤੀ ਜਨਤਾ ਪਾਰਟੀ ਆਦਮਪੁਰ ਨੇ ਕਿਹਾ ਕਿ ਇਸ ਹਾਦਸੇ ਵਿੱਚ ਸੈਂਕੜੇ ਵਿਅਕਤੀਆਂ ਦਾ ਵਿਛੋੜਾ ਅਸਹਿ ਹੈ। ਜਗਦੀਸ਼ ਜੱਸਲ ਨੇ ਕਿਹਾ ਕਿ ਸਰਕਾਰ ਇਸ ਹਾਦਸੇ ਦੇ ਕਾਰਨਾਂ ਦੀ ਡੂੰਘੀ ਜਾਂਚ ਪੜਤਾਲ ਕਰਵਾਏ ਤੇ ਇਹਨਾਂ ਹਾਦਸਿਆਂ ਨੂੰ ਰੋਕਣਾ ਯਕੀਨੀ ਬਣਾਏ। ਹਾਦਸੇ 'ਚ ਮਾਰੇ ਗਏ ਵਿਅਕਤੀਆਂ ਦੇ ਪਰਵਾਰਾਂ ਨਾਲ ਹਰ ਤਰ੍ਹਾਂ ਦਾ ਸਹਿਯੋਗ ਕਰੇ।

# ਨਾਗਰਿਕ ਸੰਤ ਕਬੀਰ ਦੀ ਬਾਣੀ ਨੂੰ ਜੀਵਨ 'ਚ ਅਪਣਾਉਣ : ਸੈਣੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸੰਤ ਸ਼ਿਰੋਮਣੀ ਕਬੀਰ ਦਾਸ ਜੀ ਦੀ ਜੈਅੰਤੀ ਮੌਕੇ ਸਫਾਈ ਕਰਮਚਾਰੀਆਂ ਦੇ ਹਿੱਤ ਵਿੱਚ ਇੱਕ ਮਹਤੱਵਪੂਰਨ ਫੈਸਲਾ ਲੈਂਦੇ ਹੋਏ ਉਨ੍ਹਾਂ ਦੇ ਮਹੀਨਾ ਤਨਖਾਹ ਵਿੱਚ 2100 ਰੁਪਏ ਦੇ ਵਾਧੇ ਦਾ ਐਲਾਨ ਕੀਤਾ। ਇਸ ਤੋਂ ਇਲਾਵਾ ਸਿਰਸਾ ਵਿੱਚ ਬਣ ਰਹੇ ਸੰਤ ਸਰਸਾਈ ਨਾਥ ਮੈਡੀਕਲ ਕਾਲਜ ਵਿੱਚ 100 ਬੈਡ ਦਾ ਨਸ਼ਾ ਮੁਕਤ ਕੇਂਦਰ ਬਣਾਉਣ ਦਾ ਵੀ ਐਲਾਨ ਕੀਤਾ। ਨਾਲ ਹੀ ਡੱਬਵਾਲੀ ਵਿੱਚ ਸਥਿਤ ਨਸ਼ਾ ਮੁਕਤੀ ਕੇਂਦਰ ਵਿੱਚ 10 ਬੈਡ ਦੀ ਗਿਣਤੀ ਨੂੰ ਵਧਾ ਕੇ 30 ਬੈਡ ਕਰਨ ਅਤੇ ਏਲਨਾਬਾਦ ਦੇ ਸਰਕਾਰੀ ਹਸਪਤਾਲ ਦੇ ਕੋਲ 30 ਬੈਡ ਦਾ ਨਵਾਂ ਨਸ਼ਾ ਮੁਕਤੀ ਕੇਂਦਰ ਬਣਾਉਣ ਦਾ ਵੀ ਐਲਾਨ ਕੀਤਾ। ਮੁੱਖ ਮੰਤਰੀ ਸੰਤ-ਮਹਾਪੁਰਸ਼ ਸਨਮਾਨ ਅਤੇ ਵਿਚਾਰ ਪ੍ਰਚਾਰ-ਪ੍ਰਸਾਰ ਯੋਜਨਾ ਤਹਿਤ ਜ਼ਿਲ੍ਹਾ ਸਿਰਸਾ ਵਿੱਚ ਪ੍ਰਬੰਧਿਤ ਸੰਤ ਸ਼ਿਰੋਮਣੀ ਕਬੀਰ ਦਾਸ ਜੈਅੰਤੀ ਰਾਜ ਪੱਧਰੀ ਸਮਾਰੋਹ ਵਿੱਚ ਮੌਜੂਦ ਜਨਤਾ ਨੂੰ ਸੰਬੋਧਨ ਕਰ ਰਹੇ ਸਨ। ਇਸ ਮੌਕੇ ਮੁੱਖ ਮੰਤਰੀ ਨੇ 31 ਲੱਖ ਰੁਪਏ ਦੇਣ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਸਰਕਾਰ ਨੇ ਸਫਾਈ ਕਰਮਚਾਰੀਆਂ ਦੀ ਤਨਖਾਹ ਨੂੰ ਪੜਾਅਵਾਰ ਢੰਗ ਨਾਲ 5 ਸਾਲਾਂ ਵਿੱਚ 26 ਹਜ਼ਾਰ ਤੱਕ ਵਧਾਉਣ ਦਾ ਸੰਕਲਪ ਕੀਤਾ ਹੈ।

# ਐੱਚ ਡਬਲਿਊ ਸੀ ਪਧਿਆਣਾ 'ਚ ਮਲੇਰੀਆ ਜਾਗਰੂਕਤਾ ਕੈਂਪ

**ਆਦਮਪੁਰ (ਪਰਮਜੀਤ ਸਿੰਘ)**- ਸਿਵਲ ਸਰਜਨ ਜਲੰਧਰ ਦੇ ਦਿਸ਼ਾ ਨਿਰਦੇਸ਼ ਅਨੁਸਾਰ ਐਸ.ਐਮ.ਓ. ਆਦਮਪੁਰ ਦੀ ਅਗਵਾਈ ਹੇਠ ਐਚ. ਡਬਲਿਊ. ਸੀ.



ਪਧਿਆਣਾ ਵਿਖੇ ਮਲੇਰੀਆ ਜਾਗਰੂਕਤਾ ਕੈਂਪ ਲਗਾਇਆ ਗਿਆ। ਜਿਸ ਵਿੱਚ (ਐਸ.ਆਈ.) ਮਨੋਹਰ ਲਾਲ, ਨੀਰਜ ਕੁਮਾਰ (ਐਮ.ਪੀ.ਐਚ.ਡਬਲਿਊ. (ਮੇਲ), ਸੁਖਬੀਰ ਕੌਰ (ਏ. ਐਨ.ਐਮ.), ਆਸ਼ਾ ਵਰਕਰਜ਼ ਅਤੇ ਪਿੰਡ ਦੇ ਪਤਵੰਤੇ ਲੋਕਾਂ ਨੇ ਹਿੱਸਾ ਲਿਆ। ਇਸ ਦੌਰਾਨ ਐਸ.ਆਈ. ਮਨੋਹਰ ਲਾਲ ਨੇ ਲੋਕਾਂ ਨੂੰ ਮਲੇਰੀਆ ਦੇ ਲੱਛਣਾਂ ਬਾਰੇ ਦੱਸਿਆ ਜਿਵੇਂ ਠੰਢ ਨਾਲ ਬੁਖ਼ਾਰ ਹੋਣਾ, ਬਲੱਡ ਸੈੱਲਾਂ ਦਾ ਘਟ ਜਾਣਾ, ਮਾਸਪੇਸ਼ੀਆਂ ਵਿੱਚ ਦਰਦ ਹੋਣਾ, ਉਲਟੀਆਂ ਲੱਗਣੀਆਂ, ਡੇਂਗੂ ਹੋਣ ਦੇ ਜ਼ਿਆਦਾ ਕਾਰਨ ਵਧ ਜਾਂਦੇ ਹਨ, ਉਨ੍ਹਾਂ ਅੱਗੇ ਦੱਸਿਆ ਕਿ ਮਲੇਰੀਆ ਦੀ ਰੋਕਥਾਮ ਅਤੇ ਅਹਿਤਿਆਦ ਵਰਤਦੇ ਹੋਏ ਇਸ ਤੋਂ ਬਚਣ ਲਈ ਕੀ ਕਰਨਾ ਚਾਹੀਦਾ ਹੈ ਅਤੇ ਇਸ ਦਾ ਇਲਾਜ ਕੀ ਹੈ, ਲੋਕਾਂ ਨੂੰ ਡਰਾਈ ਡੇ ਬਾਰੇ ਵੀ ਦੱਸਿਆ ਗਿਆ। ਕੂਲਰ ਵਿੱਚ ਪਾਣੀ ਦਾ ਜਮ੍ਹਾਂ ਰਹਿਣਾਂ, ਪੰਛੀਆਂ ਦੇ ਪੋਟ, ਗਮਲੇ, ਟਾਇਰ ਵਿੱਚ ਪਾਣੀ ਦਾ ਜਮ੍ਹਾ ਹੋਣਾ, ਅਤੇ ਜਿਹੜੀਆਂ ਚੀਜਾਂ ਘਰ ਦੀਆਂ ਛੱਤਾਂ ਉੱਪਰ ਪਈਆਂ ਹਨ ਉਹਨਾਂ 'ਚ ਪਾਣੀ ਜਮ੍ਹਾ ਹੋ ਜਾਣ ਕਾਰਨ ਇਸ ਵਿੱਚ ਬੈਕਟੀਰੀਆ ਪੈਦਾ ਹੋ ਜਾਂਦਾ ਹੈ ਅਤੇ ਅੱਗੇ ਮੱਛਰ ਪੈਦਾ ਹੁੰਦਾ ਹੈ ਜਿਸ ਤੋਂ ਮਲੇਰੀਆ ਅਤੇ ਡੇਂਗੂ ਹੋਣ ਦਾ ਖਤਰਾ ਬਣਿਆ ਰਹਿੰਦਾ ਹੈ। ਸਮੇਂ ਸਮੇਂ ਤੇ ਇਹਨਾਂ ਚੀਜਾਂ ਦੀ ਸਾਫ ਸਫਾਈ ਅਤੇ ਪਾਣੀ ਦੀਆਂ ਟੈਂਕੀਆਂ ਦੀ ਸਮੇਂ ਸਿਰ ਚੈੱਕ ਕਰਕੇ ਸਫਾਈ ਕਰਨ ਬਾਰੇ ਦੱਸਿਆ ਗਿਆ। ਮੱਛਰ ਤੋਂ ਬਚਣ ਲਈ ਆਡੋਮੋਸ ਟਿਊਬ ਦੀ ਵਰਤੋਂ ਕਰ ਸਕਦੇ ਹੋ। ਮਲੇਰੀਆ ਹੋਣ ਦੀ ਹਾਲਤ ਵਿੱਚ ਸਰਕਾਰੀ ਹਸਪਤਾਲ ਵਿੱਚ ਜਾਣਾ ਹੈ ਅਤੇ ਇਸ ਦਾ ਇਲਾਜ ਫ੍ਰੀ ਕੀਤਾ ਜਾਂਦਾ ਹੈ।

# ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ

**ਅੱਡਾ ਸਰਾਂ (ਜਸਵੀਰ ਕਾਜਲ)** ਨਵਾਂ ਜ਼ਮਾਨਾ ਅਖਬਾਰ ਦੀ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ ਦੇ ਜਰਨਲ ਸਕੱਤਰ ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ, ਜਿਨ੍ਹਾਂ ਦਾ ਪਿਛਲੇ ਦਿਨਾਂ ਵਿਦੇਸ਼ ਗਏ ਦਿਹਾਂਤ ਹੋ ਗਿਆ, ਦੇ ਸਦੀਵੀਂ ਵਿਛੋੜੇ ਤੇ ਅੱਡਾ ਸਰਾਂ ਪੱਤਰਕਾਰ ਭਾਈਚਾਰਾ, ਪਾਠਕਾਂ, ਅਤੇ ਬੁੱਧੀ ਜੀਵੀ ਵਿਅਕਤੀਆਂ, ਵਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ ਬਹੁਤ ਸੂਝਵਾਨ, ਮਿੱਠ ਬੋਲੜੇ,ਨੇਕ ਸੁਭਾਅ ਦੇ



ਸਨ, ਜਿਨ੍ਹਾਂ ਨੇ ਪੱਤਰਕਾਰਾਂ ਨੂੰ ਵੀ ਚੰਗੀ ਸੇਧ ਦਿੱਤੀ। ਇਸ ਮੌਕੇ ਪੱਤਰਕਾਰ ਜਸਵੀਰ ਕਾਜਲ, ਚਰਨਜੀਤ ਸਿੰਘ ਪੜਬੱਗਾ, ਅੰਮ੍ਰਿਤਪਾਲ ਸਿੰਘ, ਸਤਨਾਮ ਸਿੰਘ ਢਿੱਲੋਂ, ਉਂਕਾਰ ਸਿੰਘ ਧਾਮੀ, ਸੇਠੀ ਰਾਮ ਸੇਠੀ ਭਾਵਾਧਸ ਸੂਬਾ ਪ੍ਰਧਾਨ, ਸਰਪੰਚ ਰਮਿੰਦਰ ਸਿੰਘ ਚੌਹਾਨ ਸਰਪੰਚ ਪ੍ਰਦੀਪ ਸਿੰਘ, ਸਰਪੰਚ ਨਰਿੰਦਰ ਸਿੰਘ, ਕਰਨੈਲ ਸਿੰਘ ਆਦਿ ਵਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

# ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਆਨਲਾਈਨ ਅਪਲਾਈ ਕਰਨ ਵਾਸਤੇ ਵੱਖਰਾ ਕਾਊਂਟਰ ਸ਼ੁਰੂ

**ਐੱਸ.ਏ.ਐੱਸ ਨਗਰ (ਗੁਰਜੀਤ ਬਿੱਲਾ)** ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਆਪਣੇ ਵਿਦਿਆਰਥੀਆਂ ਦੀ ਸੁਵਿਧਾ ਲਈ ਦੁਪਰਤੀ ਸਰਟੀਫਿਕੇਟ, ਮਾਈਗ੍ਰੇਸ਼ਨ ਸਰਟੀਫ਼ਿਕੇਟ, ਟਰਾਂਸਸਕ੍ਰਿਪਟ ਅਤੇ ਲਈ ਆਨਲਾਈਨ ਅਪਲਾਈ ਕਰਨ ਵਾਸਤੇ ਇੱਕ ਵੱਖਰਾ ਕਾਊਂਟਰ ਸ਼ੁਰੂ ਕਰ ਦਿੱਤਾ ਗਿਆ ਹੈ। ਸਿੱਖਿਆ ਬੋਰਡ ਵੱਲੋਂ ਪਬਲਿਕ ਦੇ ਹਿਤ ਲਈ ਦਿੱਤੀਆਂ ਜਾਂਦੀਆਂ ਦੁਪਰਤੀ ਸਰਟੀਫਿਕੇਟ, ਮਾਈਗ੍ਰੇਸ਼ਨ ਸਰਟੀਫ਼ਿਕੇਟ, ਟਰਾਂਸ ਸਕ੍ਰਿਪਟ ਅਤੇ ਆਦਿ ਸੇਵਾਵਾਂ ਲਈ ਅਪਲਾਈ ਕਰਨ ਦੀ ਸੁਵਿਧਾ ਆਪਣੀ ਦਫ਼ਤਰੀ ਵੈੱਬਸਾਈਟ 'ਤੇ ਉਪਲਬਧ ਕਰਵਾਈ ਹੋਈ ਹੈ। ਪ੍ਰੰਤੂ ਬਹੁਤ ਸਾਰੇ ਵਿਦਿਆਰਥੀ ਅਜਿਹੇ ਹੁੰਦੇ ਹਨ



ਜਿਨ੍ਹਾਂ ਨੂੰ ਮੁੱਖ ਦਫ਼ਤਰ ਆਉਣ ਉਪਰੰਤ ਹੀ ਇਸ ਸਬੰਧੀ ਜਾਣਕਾਰੀ ਮਿਲਦੀ ਹੈ ਅਤੇ ਉਨ੍ਹਾਂ ਨੂੰ ਬਾਹਰ ਜਾ ਕੇ ਪ੍ਰਾਈਵੇਟ ਸਾਈਬਰ ਕੈਫੇ ਤੋਂ ਇਹ ਕੰਮ ਕਰਵਾਉਣਾ ਪੈਂਦਾ ਹੈ ਅਤੇ ਇਸ ਕੰਮ ਲਈ ਕੈਫ਼ੇ ਮਾਲਕਾਂ ਵੱਲੋਂ ਮਨਮਰਜ਼ੀ ਨਾਲ ਪੈਸੇ ਵਸੂਲੇ ਜਾਂਦੇ ਹਨ। ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ ਡਾ. ਅਮਰਪਾਲ ਸਿੰਘ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿਛਲੇ ਕੁੱਝ ਸਮੇਂ ਤੋਂ ਸਿੱਖਿਆ ਬੋਰਡ ਵੱਲੋਂ ਆਨਲਾਈਨ ਅਪਲਾਈ ਕਰਨ ਦੀ ਇਸ ਸੁਵਿਧਾ ਦਾ ਬੋਰਡ ਤੋਂ ਬਾਹਰ ਪ੍ਰਾਈਵੇਟ ਕੈਫ਼ੇ ਮਾਲਕਾਂ ਵੱਲੋਂ ਨਾਜਾਇਜ਼ ਫ਼ਾਇਦਾ ਉਠਾਇਆ ਜਾ ਰਿਹਾ ਸੀ ਅਤੇ ਵਿਦਿਆਰਥੀਆਂ ਕੋਲੋਂ ਆਨਲਾਈਨ ਫਾਰਮ ਭਰਵਾਉਣ ਦੀਆਂ ਭਾਰੀ ਫੀਸਾਂ ਲਈਆਂ ਜਾ ਰਹੀਆਂ ਸਨ। ਸਿੰਗਲ ਵਿੰਡੋ ਤੇ ਵਿਦਿਆਰਥੀਆਂ ਨਾਲ ਨਿੱਜੀ ਤੌਰ ਤੇ ਗੱਲਬਾਤ ਕਰਨ ਉਪਰੰਤ ਪ੍ਰਾਈਵੇਟ ਕੈਫ਼ੇ ਮਾਲਕਾਂ ਵੱਲੋਂ ਆਨਲਾਈਨ ਫ਼ਾਰਮ ਭਰਨ ਦੇ ਨਾਂ ਤੇ ਕੀਤੀ ਜਾ ਰਹੀ ਇਸ ਲੁੱਟ ਖਸੁੱਟ ਸਬੰਧੀ ਪ੍ਰਾਪਤ ਹੋਈ ਜਾਣਕਾਰੀ ਦੇ ਮੱਦੇਨਜ਼ਰ ਸਿੱਖਿਆ ਬੋਰਡ ਦੀ ਸਿੰਗਲ ਵਿੰਡੋ ਤੇ ਇੱਕ ਵੱਖਰਾ ਕਾਊਂਟਰ ਸਥਾਪਤ ਕਰ ਦਿੱਤਾ ਗਿਆ ਹੈ।

# ਗੁਰੂ ਅਮਰਦਾਸ ਜੀ ਬਿਰਧ ਆਸ਼ਰਮ ਵਿਖੇ ਮੁਫ਼ਤ ਮੈਡੀਕਲ ਕੈਂਪ ਲਗਾਇਆ

**ਫਗਵਾੜਾ (ਜਸਵਿੰਦਰ ਢੱਡਾ)**- ਸਰਜਨ ਡਾ ਗੁਰਮੀਤ ਲਾਲ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਕਮਿਊਨਿਟੀ ਹੈਲਥ ਸੈਂਟਰ ਬੜਾ ਪਿੰਡ ਵੱਲੋਂ ਵਿਸ਼ਵ ਹਾਈਪਰਟੈਂਸ਼ਨ ਮਹੀਨਾ





ਦੇ ਮੌਕੇ ਗੁਰੂ ਅਮਰਦਾਸ ਜੀ ਬਿਰਧ ਆਸ਼ਰਮ ਵਿਖੇ ਇੱਕ ਮੁਫ਼ਤ ਮੈਡੀਕਲ ਕੈਂਪ ਆਯੋਜਿਤ ਕੀਤਾ ਗਿਆ। ਸੀਨੀਅਰ ਮੈਡੀਕਲ ਅਫ਼ਸਰ ਡਾ. ਅਮਿਤਾ ਲੂਨਾ ਨੇ ਦੱਸਿਆ ਕਿ ਕੈਂਪ ਦਾ ਮਕਸਦ ਲੋਕਾਂ ਵਿਚ ਉੱਚ ਰਕਤਚਾਪ (ਹਾਈਪਰਟੈਂਸ਼ਨ) ਬਾਰੇ ਜਾਗਰੂਕਤਾ ਫੈਲਾਉਣਾ ਅਤੇ ਰੋਗ ਦੀ ਰੋਕਥਾਮ ਲਈ ਸਹੀ ਜੀਵਨ ਸ਼ੈਲੀ ਅਪਨਾਉਣ ਲਈ ਪ੍ਰੇਰਿਤ ਕਰਨਾ ਸੀ।ਇਸ ਮੈਡੀਕਲ ਕੈਂਪ ਦੀ ਅਗਵਾਈ ਆਯੁਰਵੇਦਿਕ ਮੈਡੀਕਲ ਅਫਸਰ ਡਾ. ਬਲਜਿੰਦਰ ਸਿੰਘ ਵੱਲੋਂ ਕੀਤੀ ਗਈ। ਉਨ੍ਹਾਂ ਨੇ ਹਾਈਪਰਟੈਂਸ਼ਨ ਦੇ ਕਾਰਨਾਂ, ਲੱਛਣਾਂ, ਇਲਾਜ ਅਤੇ ਉਪਚਾਰ ਬਾਰੇ ਜਾਣਕਾਰੀ ਦਿੱਤੀ। ਕੈਂਪ ਵਿੱਚ ਮੁਫ਼ਤ ਜਾਂਚ, ਸਲਾਹ-ਮਸ਼ਵਰੇ ਅਤੇ ਦਵਾਈਆਂ ਵੀ ਮੁਹੱਈਆ ਕਰਵਾਈਆਂ ਗਈਆਂ।ਵੱਡੀ ਗਿਣਤੀ ਵਿੱਚ ਵਿਰਧ ਆਸ਼ਰਮ ਦੇ ਬਜ਼ੁਰਗ ਕੈਂਪ ਵਿਚ ਸ਼ਾਮਲ ਹੋਏ। ਹਾਈਪਰਟੈਂਸ਼ਨ ਨੂੰ ਕੁਦਰਤੀ ਢੰਗ ਨਾਲ ਨਿਯੰਤ੍ਰਿਤ ਕਰਨ ਲਈ ਯੋਗ, ਸਿਹਤਮੰਦ ਖੁਰਾਕ ਅਤੇ ਕਸਰਤ ਸਬੰਧੀ ਵੀ ਜਾਣਕਾਰੀ ਦਿੱਤੀ।ਆਸ਼ਰਮ ਪ੍ਰਬੰਧਕ ਜੀਵਨ ਕੁਮਾਰ ਅਤੇ ਦੇਸ ਰਾਜ ਵੱਲੋਂ ਵਧੀਆ ਉਪਰਾਲਾ ਦੱਸਿਆ ਗਿਆ। ਇਸ ਮੌਕੇ ਹੈਲਥ ਸੁਪਰਵਾਈਜ਼ਰ ਸਤਨਾਮ ਅਤੇ ਬਲਾਕ ਐਜੂਕੇਟਰ ਪ੍ਰੀਤਇੰਦਰ ਸਿੰਘ ਮੌਕੇ 'ਤੇ ਮੌਜੂਦ ਸਨ।

# ਵਾਰਡ ਨੰਬਰ 23 'ਚ ਗਲੀ ਨਿਰਮਾਣ ਕਾਰਜ ਦੀ ਸ਼ੁਰੂਆਤ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸ਼ਹਿਰ ਦੇ ਵਾਰਡ ਨੰਬਰ 23 ਵਿਚ ਸਥਾਨਕ ਲੋਕਾਂ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਪੂਰਾ ਕਰਦੇ ਹੋਏ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਭਾਰਜ ਹਸਪਤਾਲ ਵਾਲੀ ਗਲੀ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਕੀਤੀ। ਇਹ ਗਲੀ ਲੱਗਭਗ 11 ਲੱਖ ਰੁਪਏ ਦੀ ਲਾਗਤ ਨਾਲ ਬਣਾਈ ਜਾ ਰਹੀ ਹੈ, ਜੋ ਇਲਾਕੇ ਦੇ ਵਸਨੀਕਾਂ ਨੂੰ ਬਿਹਤਰ ਆਉਣ-ਜਾਣ ਦੀਆਂ ਸਹੂਲਤਾਂ ਪ੍ਰਦਾਨ ਕਰੇਗੀ ਅਤੇ ਸਾਲਾਂ ਪੁਰਾਣੀ ਖਸਤਾ ਹਾਲਤ ਤੋਂ ਰਾਹਤ ਪ੍ਰਦਾਨ ਕਰੇਗੀ। ਇਸ ਮੌਕੇ ਵਿਧਾਇਕ ਜਿੰਪਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹੁਸ਼ਿਆਰਪੁਰ ਦੇ ਸਰਵਪੱਖੀ ਵਿਕਾਸ ਲਈ ਨਿਰੰਤਰ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਨਗਰ ਨਿਗਮ ਵੱਲੋਂ ਸ਼ਹਿਰ ਵਿਚ ਲੱਗਭਗ 40 ਕਰੋੜ ਰੁਪਏ ਦੀ ਲਾਗਤ ਨਾਲ ਵੱਖ-ਵੱਖ ਵਿਕਾਸ ਕਾਰਜ ਪੂਰੇ ਕੀਤੇ ਜਾ ਚੁੱਕੇ ਹਨ, ਜਿਸ ਵਿਚ ਗਲੀਆਂ, ਸੜਕਾਂ, ਸੀਵਰੇਜ, ਸਟਰੀਟ ਲਾਈਟਾਂ ਅਤੇ ਜਨਤਕ ਸਹੂਲਤਾਂ ਦਾ ਵਿਸਥਾਰ ਪ੍ਰਮੁੱਖ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਸ਼ਹਿਰ ਦੇ ਹਰੇਕ ਵਾਰਡ ਵਿਚ ਬਿਨਾਂ ਕਿਸੇ ਭੇਦ-ਭਾਵ ਦੇ ਵਿਕਾਸ ਕਾਰਜ ਕਰਵਾਏ ਜਾਣਗੇ ਅਤੇ ਜਨਤਾ ਦੀਆਂ ਸਮੱਸਿਆਵਾਂ ਦਾ ਸਮੇਂ ਸਿਰ ਹੱਲ ਕੀਤਾ ਜਾਵੇਗਾ। ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਡਿਪਟੀ ਮੇਅਰ ਰਣਜੀਤਾ ਚੌਧਰੀ, ਕੌਂਸਲਰ ਮਨਮੀਤ ਕੌਰ ਤੁਲੀ, ਰੂਬੀ ਤੁਲੀ, ਸਤਵੰਤ ਸਿੰਘ ਸਿਆਣ, ਅਮਰਜੀਤ ਸਿੰਘ, ਸਾਗਰ, ਗੌਰਵ ਸ਼ਰਮਾ ਅਤੇ ਬਹਾਦਰ ਸਿੰਘ ਸੁਨੇਤ ਵੀ ਹਾਜ਼ਰ ਸਨ।

# ਕਰਨਲ ਕੌਂਡਲ ਤੇ ਉਨ੍ਹਾ ਦੀ ਮਾਤਾ ਵੱਲੋਂ ਆਸ਼ਾ ਕਿਰਨ ਸਕੂਲ ਨੂੰ ਦੋ ਲੱਖ ਦਾ ਦਾਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਕਰਨਲ ਜੀ ਐਸ ਕੌਂਡਲ ਅਤੇ ਉਨ੍ਹਾ ਦੀ ਮਾਤਾ ਪ੍ਰਕਾਸ਼ ਕੌਰ ਨੇ ਜੇ ਐਸ ਐਸ ਆਸ਼ਾ ਕਿਰਨ ਸਪੈਸ਼ਲ ਸਕੂਲ ਜਹਾਨਖੇਲ੍ਹਾਂ ਦਾ ਦੌਰਾ ਕੀਤਾ ਅਤੇ ਸਪੈਸ਼ਲ ਬੱਚਿਆਂ ਦੇ ਨਾਲ ਸਮਾਂ ਬਤੀਤ ਕੀਤਾ। ਇਸ ਦੌਰਾਨ ਉਨ੍ਹਾਂ ਨੇ ਸਪੈਸ਼ਲ ਬੱਚਿਆਂ ਦੀਆਂ ਜ਼ਰੂਰਤਾਂ ਅਤੇ ਭਵਿਖ ਦੀਆਂ ਯੋਜਨਾਵਾਂ ਬਾਰੇ ਗੱਲਬਾਤ ਕੀਤੀ। ਇਸ ਮੌਕੇ ਆਸ਼ਾ ਦੀਪ ਵੈਲਫੇਅਰ ਸੁਸਾਇਟੀ ਦੇ ਸਕੱਤਰ ਕਰਨਲ ਗੁਰਮੀਤ ਸਿੰਘ ਨੇ ਜੇ ਐਸ ਕੌਂਡਲ ਨੂੰ ਦੱਸਿਆ ਕਿ ਇਹ ਸਪੈਸ਼ਲ ਸਕੂਲ ਸਾਲ 1995 ਵਿੱਚ 4 ਸਪੈਸ਼ਲ ਬੱਚਿਆਂ ਦੇ ਨਾਲ ਸ਼ੁਰੂ ਕੀਤਾ ਗਿਆ ਸੀ ਅਤੇ ਇਸ ਸਕੂਲ ਦੇ ਲਈ ਜ਼ਮੀਨ ਜਹਾਨ ਖੇਲ੍ਹਾਂ ਦੀ ਪੰਚਾਇਤ ਨੇ ਦਿੱਤੀ ਸੀ। ਉਨ੍ਹਾਂ ਦੱਸਿਆ ਕਿ ਹੁਣ ਇਸ ਤਿੰਨ ਮੰਜ਼ਿਲਾ ਸਕੂਲ ਵਿੱਚ ਸਪੈਸ਼ਲ ਬੱਚਿਆਂ ਦੀਆਂ ਜ਼ਰੂਰਤਾਂ ਦੇ ਮੁਤਾਬਕ ਸਾਰੀਆਂ ਸਹੂਲਤਾਂ ਮੌਜੂਦ ਹਨ ਜਿਵੇਂ ਕਿ ਲਿਫਟ, ਰਹਿਣ ਲਈ ਹੋਸਟਲ, ਪਾਰਕ ਆਦਿ ਮੌਜੂਦ ਹਨ। ਇਸ ਮੌਕੇ ਕਰਨਲ ਜੇ ਐਸ ਕੌਂਡਲ ਨੇ ਕਿਹਾ ਕਿ ਉਹ ਆਉਣ ਵਾਲੇ ਸਮੇਂ ਵਿੱਚ ਵੀ ਸਕੂਲ ਆਉਂਦੇ ਰਹਿਣਗੇ ਅਤੇ ਸਕੂਲ ਦੇ ਬੱਚਿਆਂ ਨੂੰ ਜੋ ਵੀ ਜ਼ਰੂਰਤ ਹੋਵੇਗੀ ਉਹ ਉਨ੍ਹਾਂ ਨੂੰ ਪੂਰਾ ਕਰਨ ਵਿੱਚ ਮਦਦ ਕਰਦੇ ਰਹਿਣਗੇ।





ਇਸ ਸਮੇਂ ਪ੍ਰਕਾਸ਼ ਕੌਰ ਨੇ ਕਿਹਾ ਕਿ ਸਕੂਲ ਵਿੱਚ ਪਹੁੰਚ ਕੇ ਮਨ ਨੂੰ ਬਹੁਤ ਆਰਾਮ ਮਿਲਿਆ ਹੈ ਅਤੇ ਇਨ੍ਹਾਂ ਬੱਚਿਆਂ ਦੀ ਸੇਵਾ ਤੋਂ ਵੱਡੀ ਦੂਸਰੀ ਕੋਈ ਸੇਵਾ ਨਹੀਂ ਹੈ। ਉਹਨਾਂ ਨੇ ਇਸ ਸਮੇਂ ਸਕੂਲ ਦੀ ਕਮੇਟੀ ਨੂੰ 2 ਲੱਖ ਰੁਪਏ ਦੀ ਰਾਸ਼ੀ ਦਾਨ ਵਜੋਂ ਦਿੱਤੀ। ਇਸ ਮੌਕੇ ਆਸ਼ਾ ਦੀਪ ਵੈਲਫੇਅਰ ਸੋਸਾਇਟੀ ਦੇ ਮੈਂਬਰਾਂ ਵੱਲੋਂ ਕਰਨਲ ਗੁਰਮੀਤ ਸਿੰਘ ਨੇ ਜੀ ਐਸ ਕੌਂਡਲ ਅਤੇ ਸ੍ਰੀਮਤੀ ਪ੍ਰਕਾਸ਼ ਕੌਰ ਦਾ ਧੰਨਵਾਦ ਕੀਤਾ।

# ਹਰਿਆਣਾ 'ਚ ਅਨੁਸੂਚਿਤ ਜਾਤੀਆਂ ਦੀ ਭਲਾਈ ਨਾਲ ਜੁੜੇ ਉਪਾਵਾਂ ਦੀ ਸਮੀਖਿਆ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਡਾ. ਫੱਗਨ ਸਿੰਘ ਕੁਲਸਤੇ ਦੀ ਅਗਵਾਈ ਹੇਠ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਦੀ ਭਲਾਈ ਸਬੰਧੀ ਸੰਸਦੀ ਕਮੇਟੀ ਨੇ ਅੱਜ ਚੰਡੀਗੜ੍ਹ ਵਿੱਚ ਅਧਿਐਨ ਦੌਰਾ ਕੀਤਾ। ਇਸ ਅਧਿਐਨ ਦੌਰੇ ਦੌਰਾਨ ਸੰਸਦੀ ਕਮੇਟੀ ਨੇ ਮੁੱਖ ਸਕੱਤਰ ਅਨੁਰਾਗ ਰਸਤੋਗੀ ਸਮੇਤ ਹਰਿਆਣਾ ਸਰਕਾਰ ਦੇ ਹੋਰ ਸੀਨੀਅਰ ਅਧਿਕਾਰੀਆਂ ਦੇ ਨਾਂਲ ਸੂਬੇ ਵਿੱਚ ਅਨੁਸੂਚਿਤ ਜਾਤੀਆਂ ਦੀ ਸਮਾਜਿਕ-ਆਰਥਿਕ ਅਤੇ ਵਿਦਿਅਕ ਸਥਿਤੀ ਦੇ ਬਾਰੇ ਚਰਚਾ ਕੀਤੀ। ਇਸ ਦੌਰਾਨ ਸੂਬੇ ਵਿੱਚ ਅਨੁਸੂਚਿਤ ਜਾਤੀਆਂ ਦੀ ਭਲਾਈ ਲਈ ਚਲਾਈ ਜਾ ਰਹੀ ਵੱਖ-ਵੱਖ ਕੇਂਦਰ ਅਤੇ ਸੂਬਾ ਪ੍ਰਾਯੋਜਿਤ ਯੋਜਨਾਵਾਂ 'ਤੇ ਚਰਚਾ ਕੀਤੀ ਗਈ। ਇਸ ਤੋਂ ਇਲਾਵਾ ਸੰਸਦੀ ਕਮੇਟੀ ਵੱਲੋਂ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨਜਾਤੀ (ਜ਼ੁਲਮ ਨਿਵਾਰਣ), ਐਕਟ, 1989 ਤਹਿਤ ਦਰਜ ਮਾਮਲਿਆਂ ਅਤੇ ਬਦਲਾਅ ਉਪਾਆਂ 'ਤੇ ਵੀ ਚਰਚਾ ਕੀਤੀ ਗਈ। ਕਮੇਟੀ ਦੇ ਹੋਰ ਮੈਂਬਰਾਂ ਵਿੱਚ ਅਨਿਲ ਫਿਰੋਜਿਆ, ਡਾ. ਮੱਲੂ ਰਵੀ, ਸ੍ਰੀਮਤੀ ਪ੍ਰਤਿਮਾ ਮੰਡਲ, ਅਰੁਣ ਕੁਮਾਰ, ਐਡਵੋਕੇਟ ਚੰਦਰ ਸ਼ੇਖਰ, ਅਲਫ੍ਰੇਡ ਕਨਨਗਾਨੀ ਐਸ. ਆਰਥਰ, ਦੇਵੇਂਦਰ ਪ੍ਰਤਾਪ ਸਿੰਘ, ਮਿਮਲੇਸ਼ ਕੁਮਾਰ, ਫੂਲੋ ਦੇਵੀ ਨੇਤਾਮ, ਜਗਨਨਾਥ ਸਰਕਾਰ ਮੌਜੂਦ ਸਨ।

# ਸੀ ਐੱਮ ਦੀ ਯੋਗਸ਼ਾਲਾ ਨਸ਼ਾ ਛੱਡਣ ਵਾਲਿਆਂ ਨੂੰ ਦੇ ਰਹੀ ਹੈ ਨਵਾਂ ਜੀਵਨ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਯੁੱਧ ਨਸ਼ਿਆਂ ਵਿਰੁੱਧ ਜੰਗ ਦੇ ਹਿੱਸੇ ਵਜੋਂ 7 ਅਪ੍ਰੈਲ ਨੂੰ ਮੋਹਾਲੀ ਜ਼ਿਲ੍ਹੇ ਵਿੱਚ ਸੀ ਐਮ ਦੀ ਯੋਗਸ਼ਾਲਾ ਤਹਿਤ ਇੱਕ ਨਵੀਂ ਪਹਿਲਕਦਮੀ ਸ਼ੁਰੂ ਕੀਤੀ ਗਈ। ਇਸ ਯੋਜਨਾ ਦਾ ਉਦੇਸ਼ ਉਨ੍ਹਾਂ ਲੋਕਾਂ ਦੀ ਮੱਦਦ ਕਰਨਾ ਹੈ, ਜੋ ਨਸ਼ੇ ਦੀ ਦਲਦਲ ਵਿੱਚ ਫਸੇ ਹੋਏ ਹਨ। ਇਸ ਦਾ ਉਦੇਸ਼ ਯੋਗਾ ਰਾਹੀਂ ਲੋਕਾਂ ਨੂੰ ਮਾਨਸਿਕ ਅਤੇ ਸਰੀਰਕ ਤੌਰ 'ਤੇ ਮਜ਼ਬੂਤ ਬਣਾਉਣਾ ਹੈ, ਤਾਂ ਜੋ ਉਹ ਇੱਕ ਸਿਹਤਮੰਦ ਅਤੇ ਸਕਾਰਾਤਮਕ ਜੀਵਨ ਜੀਅ ਸਕਣ।ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਯੋਗਾ ਕੋਆਰਡੀਨੇਟਰ ਪ੍ਰਤਿਮਾ ਡਾਵਰ ਨੇ ਦੱਸਿਆ ਕਿ ਇਹ ਕਲਾਸਾਂ ਰੋਜ਼ਾਨਾ ਸਵੇਰੇ 7:00 ਵਜੇ ਤੋਂ 8:00 ਵਜੇ ਤੱਕ ਸੈਕਟਰ-66 ਸਥਿਤ ਨਸ਼ਾ ਛੁਡਾਊ ਕੇਂਦਰ ਵਿੱਚ ਅਤੇ ਸ਼ਾਮ 4:00 ਵਜੇ ਤੋਂ 5:00 ਵਜੇ ਤੱਕ ਮੁੜ-ਵਸੇਬਾ ਕੇਂਦਰ ਵਿੱਚ ਲਗਾਈਆਂ ਜਾ ਰਹੀਆਂ ਹਨ। ਇਹ ਕਲਾਸਾਂ ਯੋਗ ਇੰਸਟ੍ਰਕਟਰ ਪੁਲਕਿਤ



ਦੁਆਰਾ ਚਲਾਈਆਂ ਜਾ ਰਹੀਆਂ ਹਨ।ਪ੍ਰਤਿਮਾ ਡਾਵਰ ਨੇ ਕਿਹਾ ਕਿ ਨਸ਼ਾ ਛੱਡਣ ਵਾਲੇ ਵੱਡੀ ਗਿਣਤੀ ਨੌਜਵਾਨ ਇਨ੍ਹਾਂ ਕਲਾਸਾਂ ਵਿੱਚ ਹਿੱਸਾ ਲੈ ਰਹੇ ਹਨ ਅਤੇ ਨਿਯਮਿਤ ਤੌਰ 'ਤੇ ਯੋਗਾ ਅਭਿਆਸ ਕਰਕੇ ਉਨ੍ਹਾਂ ਨੂੰ ਮਾਨਸਿਕ ਅਤੇ ਸਰੀਰਕ ਤੌਰ 'ਤੇ ਲਾਭ ਹੋ ਰਿਹਾ ਹੈ। ਫੀਡਬੈਕ ਦੌਰਾਨ ਭਾਗੀਦਾਰਾਂ ਨੇ ਕਿਹਾ ਕਿ ਯੋਗਾ ਕਰਨ ਨਾਲ ਉਹ ਮਾਨਸਿਕ ਸ਼ਾਂਤੀ, ਆਤਮ-ਵਿਸ਼ਵਾਸ ਅਤੇ ਹਾਂ-ਪੱਖੀ ਊਰਜਾ ਦਾ ਅਨੁਭਵ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਆਪਣੇ ਆਪ ਨੂੰ ਸਿਹਤਮੰਦ ਰੱਖਣ ਲਈ, ਨਸ਼ਾ ਛੁਡਾਊ ਕੇਂਦਰ ਛੱਡਣ ਤੋਂ ਬਾਅਦ ਵੀ, ਉਹ ਸੀ ਐਮ ਦੀ ਯੋਗਸ਼ਾਲਾ ਤਹਿਤ ਆਪਣੇ ਆਲੇ ਦੁਆਲੇ ਆਯੋਜਿਤ ਯੋਗਾ ਕਲਾਸਾਂ ਵਿੱਚ ਸ਼ਾਮਲ ਹੋਣਗੇ ਅਤੇ ਯੋਗ ਨੂੰ ਆਪਣੀ ਜ਼ਿੰਦਗੀ ਦਾ ਸਥਾਈ ਹਿੱਸਾ ਬਣਾਉਣਗੇ।ਭਾਗੀਦਾਰਾਂ ਨੇ ਇਸ ਸ਼ਲਾਘਾਯੋਗ ਪਹਿਲਕਦਮੀ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਇਹ ਮੁਹਿੰਮ ਯਕੀਨੀ ਤੌਰ 'ਤੇ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਵੱਲ ਇੱਕ ਮਜ਼ਬੂਤ ਕਦਮ ਹੈ।

# ਨੱਕੀਆਂ ਬੱਸ ਅੱਡੇ 'ਤੇ ਠੰਢੇ-ਮਿੱਠੇ ਜਲ ਦੀ ਛਬੀਲ ਲਗਾਈ



**ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਨੱਕੀਆਂ ਪਾਵਰ ਹਾਊਸ ਦੇ ਕਰਮਚਾਰੀਆਂ ਅਤੇ ਅਧਿਕਾਰੀਆਂ ਵਲੋਂ ਨੱਕੀਆਂ ਬੱਸ ਅੱਡੇ ਤੇ ਗਰਮੀ ਨੂੰ ਮੁੱਖ ਰੱਖਦੇ ਹੋਏ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ ਗਈ। ਇਸ ਮੌਕੇ ਮਿਲ ਕੇ ਛਬੀਲ ਦੀ ਸੇਵਾ ਨਿਭਾਈ ਗਈ। ਅੱਤ ਦੀ ਗਰਮੀ ਵਿੱਚ ਰਾਹਗੀਰਾਂ ਨੂੰ ਜਲ ਛਕਾਇਆ ਗਿਆ। ਇਸ ਮੌਕੇ ਨਵੀਨ ਗੁਪਤਾ ਐਸ ਡੀ ਓ, ਪ੍ਰਭਜੋਤ ਸਿੰਘ ਐਸ ਡੀ ਓ, ਜਰਨੈਲ ਸਿੰਘ ਜੇ ਈ, ਸੁਨੀਲ ਕੁਮਾਰ, ਪਰਮਦੀਪ ਸਿੰਘ, ਭਵਨਦੀਪ, ਅਯੂਬ ਖਾਨ, ਰਾਮ ਪਾਲ, ਨਿਰੰਜਨ ਸਿੰਘ, ਰੋਹਿਤ ਕੁਮਾਰ, ਸੁਨੀਲ ਕੁਮਾਰ ਅਨੰਦਪੁਰ, ਰਵੀ ਕੁਮਾਰ, ਗੁਰਦਿਆਲ ਸਿੰਘ ਸਮੇਤ ਸਟਾਫ ਨੇ ਸੇਵਾ ਨਿਭਾਈ। ਇਸ ਮੌਕੇ ਵਿਸ਼ੇਸ਼ ਸਮਾਂ ਕੱਢ ਕੇ ਅਵਿਨਾਸ਼ ਚੰਦਰ ਸ਼ਰਮਾ ਆਰ ਈ ਜਨਰੇਸ਼ਨ ਡਵੀਜ਼ਨ ਅਤੇ ਨਵੀਨ ਮਲਹੋਤਰਾ ਡਿਪਟੀ ਚੀਫ਼ ਇੰਜਨੀਅਰ ਜਨ੍ਰੇਸ਼ਨ ਸਰਕਲ ਅਨੰਦਪੁਰ ਸਾਹਿਬ ਨੇ ਵੀ ਆਪਣੀ ਹਾਜ਼ਰੀ ਲਗਵਾਈ।

# ਦਿਵਿਆਂਗਾਂ ਨੂੰ ਪਹਿਲ ਦੇ ਆਧਾਰ 'ਤੇ ਦਿੱਤਾ ਜਾਵੇਗਾ ਸਰਕਾਰੀ ਸਕੀਮਾਂ ਦਾ ਲਾਭ : ਡਾ. ਕੁਲਵਿੰਦਰ ਮਾਨ

**ਬਲਾਚੌਰ (ਜਸਵਿੰਦਰ ਬੈਂਸ)**- ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਲੈਫ. ਜਨਰਲ ਬਿਕਰਮ ਸਿੰਘ ਸਬ ਡਵੀਜ਼ਨਲ ਹਸਪਤਾਲ, ਬਲਾਚੌਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਕੁਲਵਿੰਦਰ ਮਾਨ ਦੀ ਯੋਗ ਰਹਿਨੁਮਾਈ ਹੇਠ ਸਿਹਤ ਵਿਭਾਗ ਵੱਲੋਂ ਦਿਵਿਆਂਗ ਵਿਅਕਤੀਆਂ ਦੇ ਦਿਵਿਆਂਗਤਾ ਸਰਟੀਫਿਕੇਟ ਅਤੇ ਵਿਲੱਖਣ ਪਹਿਚਾਣ ਪੱਤਰ (ਯੂ .ਡੀ .ਆਈ .ਡੀ .) ਬਣਾਉਣ ਲਈ ਲੈਫ. ਜਨਰਲ ਬਿਕਰਮ ਸਿੰਘ ਸਬ ਡਵੀਜ਼ਨਲ ਹਸਪਤਾਲ, ਬਲਾਚੌਰ ਵਿਖੇ ਵਿਸ਼ੇਸ਼ ਕੈਂਪ ਲਾਇਆ ਗਿਆ। ਇਸ ਕੈਂਪ ਵਿੱਚ ਮਾਹਰ ਡਾਕਟਰਾਂ ਵੱਲੋਂ ਦਿਵਿਆਂਗ ਵਿਅਕਤੀਆਂ ਦੇ ਮੌਕੇ 'ਤੇ ਹੀ ਚਾਰ ਦਿਵਿਆਂਗਤਾ ਸਰਟੀਫਿਕੇਟ ਬਣਾਏ ਗਏ, ਜਦੋਂਕਿ ਤਿੰਨ ਦਿਵਿਆਂਗ ਵਿਅਕਤੀਆਂ ਨੂੰ ਅਗਲੇਰੀ ਕਾਰਵਾਈ ਲਈ ਰੈਫਰ ਕੀਤਾ ਗਿਆ। ਇਸ ਮੌਕੇ ਲੈਫ. ਜਨਰਲ ਬਿਕਰਮ ਸਿੰਘ ਸਬ ਡਵੀਜ਼ਨਲ ਹਸਪਤਾਲ, ਬਲਾਚੌਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਕੁਲਵਿੰਦਰ ਮਾਨ ਨੇ ਕਿਹਾ ਕਿ ਸਿਹਤ



ਵਿਭਾਗ ਦਿਵਿਆਂਗ ਵਿਅਕਤੀਆਂ ਦੀ ਭਲਾਈ ਲਈ ਹਮੇਸ਼ਾ ਵਚਨਬੱਧ ਹੈ ਅਤੇ ਉਨ੍ਹਾਂ ਨੂੰ ਆਪਣਾ ਦਿਵਿਆਂਗਤਾ ਸਰਟੀਫਿਕੇਟ ਬਣਾ ਕੇ ਪੰਜਾਬ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਦਾ ਭਰਪੂਰ ਲਾਹਾ ਲੈਣਾ ਚਾਹੀਦਾ ਹੈ। ਡਾ. ਮਾਨ ਨੇ ਦੱਸਿਆ ਕਿ ਦਿਵਿਆਂਗਤਾ ਸਰਟੀਫਿਕੇਟ ਨਾਲ ਇੱਕ ਪਾਸੇ ਦਿਵਿਆਂਗ ਵਿਅਕਤੀ ਸਾਰੀਆਂ ਸਰਕਾਰੀ ਸਹੂਲਤਾਂ ਦਾ ਲਾਭ ਪ੍ਰਾਪਤ ਕਰ ਸਕਣਗੇ, ਜਦੋਂਕਿ ਦੂਜੇ ਪਾਸੇ ਉਨ੍ਹਾਂ ਨੂੰ ਸਮਾਜ ਦੀ ਮੁੱਖ-ਧਾਰਾ ਵਿੱਚ ਲਿਆਂਦਾ ਜਾ ਸਕੇਗਾ। ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਦਿਵਿਆਂਗ ਵਿਅਕਤੀਆਂ ਦੀ ਰਜਿਸਟ੍ਰੇਸ਼ਨ ਕਰਕੇ ਸਬੰਧਤ ਮਾਹਰ ਡਾਕਟਰ ਤੋਂ ਟੈਸਟ ਰਿਪੋਰਟ ਲਈ ਜਾਂਦੀ ਹੈ। ਇਸ ਰਿਪੋਰਟ ਦੇ ਅਧਾਰ 'ਤੇ ਉਸ ਦਾ ਸਰਟੀਫਿਕੇਟ ਬਣਾਇਆ ਜਾਂਦਾ ਹੈ, ਜੋ ਉਸ ਦੇ ਦਿਵਿਆਂਗ ਹੋਣ ਨੂੰ ਤਸਦੀਕ ਕਰਦਾ ਹੈ ਅਤੇ ਦਿਵਿਆਂਗ ਵਿਅਕਤੀ ਸਰਕਾਰ ਦੀਆਂ ਵੱਖ-ਵੱਖ ਯੋਜਨਾਵਾਂ ਦਾ ਲਾਭ ਲੈ ਸਕਦਾ ਹੈ। ਮੈਡੀਕਲ ਟੀਮ ਵਿੱਚ ਜ਼ਿਲ੍ਹਾ ਮਨੋਵਿਗਿਆਨੀ ਡਾ. ਰਾਜਨ ਸ਼ਾਸਤਰੀ, ਡਾ. ਪ੍ਰਿਅੰਕਾ, ਡਾ. ਮਨਦੀਪ ਕੌਰ ਤੇ ਡਾ. ਜਤਿਨ ਭੱਲਾ ਸਮੇਤ ਹੋਰ ਮਾਹਰ ਡਾਕਟਰ ਸ਼ਾਮਿਲ ਸਨ।